7-MAY-PAGE-1.qxd 5/6/2024 10:33 PM Page 1


ਮੰਗਲਵਾਰ, 7 ਮਈ, 2024

25 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081

ਜਿਲਦ/VOL. : 72

ਅੰਕ/NO. : 337

# ਨਵਾਂ ਜ਼ਮਾਨਾ

DAILY NAWAN ZAMANA • TUESDAY, 7 MAY, 2024 ਜਲੰਧਰ

| 'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ | |
| --- | --- |
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਤੀਜੇ ਗੇੜ 'ਚ 94 ਸੀਟਾਂ ਲਈ ਪੋਲਿੰਗ ਅੱਜ, ਭਾਜਪਾ ਦਾ ਵਕਾਰ ਦਾਅ 'ਤੇ



**ਨਵੀਂ ਦਿੱਲੀ** : ਲੋਕ ਸਭਾ ਚੋਣਾਂ ਦੇ ਤੀਜੇ ਗੇੜ ਦੌਰਾਨ 11 ਸੂਬਿਆਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ 94 ਸੀਟਾਂ 'ਤੇ ਮੰਗਲਵਾਰ ਪੋਲਿੰਗ ਹੋਵੇਗੀ। ਤੀਜੇ ਗੇੜ ਵਿਚ 95 ਸੀਟਾਂ ਲਈ ਪੋਲਿੰਗ ਹੋਣੀ ਸੀ ਪਰ ਸੂਰਤ ਤੋਂ ਭਾਜਪਾ ਦੇ ਮੁਕੇਸ਼ ਦਲਾਲ ਬਿਨਾਂ ਮੁਕਾਬਲਾ ਜੇਤੂ ਐਲਾਨ ਦਿੱਤੇ ਗਏ। ਅਨੰਤਨਾਗ-ਰਾਜੌਰੀ ਦੀ ਚੋਣ ਮੌਸਮ ਦੀ ਖਰਾਬੀ ਕਾਰਨ ਅੱਗੇ ਪਾ ਦਿੱਤੀ ਗਈ। ਦੂਜੇ ਪਾਸੇ ਮੱਧ ਪ੍ਰਦੇਸ਼ ਦੀ ਬੈਤੂਲ ਸੀਟ ਤੋਂ ਬਸਪਾ ਉਮੀਦਵਾਰ ਦੀ ਮੌਤ ਕਾਰਨ ਉੱਥੇ 26 ਅਪ੍ਰੈਲ ਨੂੰ ਹੋਣ ਵਾਲੀ ਚੋਣ ਹੁਣ 7 ਮਈ ਨੂੰ ਹੋਵੇਗੀ।

ਚੋਣਾਂ ਦਾ ਇਹ ਗੇੜ ਭਾਜਪਾ ਲਈ ਕਾਫੀ ਅਹਿਮ ਹੈ ਕਿਉਂਕਿ ਪਾਰਟੀ ਨੇ 2019 'ਚ ਗੁਜਰਾਤ, ਛੱਤੀਸਗੜ੍ਹ, ਬਿਹਾਰ ਤੇ ਮੱਧ ਪ੍ਰਦੇਸ਼ ਸਮੇਤ ਇਨ੍ਹਾਂ ਸੀਟਾਂ 'ਤੇ ਭਾਰੀ ਬਹੁਮਤ ਨਾਲ ਜਿੱਤ ਹਾਸਲ ਕੀਤੀ ਸੀ। ਇਸ ਗੇੜ 'ਚ 120 ਮਹਿਲਾਵਾਂ ਸਮੇਤ 1300 ਉਮੀਦਵਾਰ ਚੋਣ ਮੈਦਾਨ 'ਚ ਹਨ। ਤੀਜੇ ਗੇੜ ਦੀਆਂ ਵੋਟਾਂ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ (ਗਾਂਧੀਨਗਰ), ਜਯੋਤਿਰਦਿੱਤਿਆ ਸਿੰਧੀਆ (ਗੁਨਾ), ਪ੍ਰਸ਼ੋਤਮ ਰੁਪਾਲਾ (ਰਾਜਕੋਟ), ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀਆਂ ਸ਼ਿਵਰਾਜ ਸਿੰਘ ਚੌਹਾਨ (ਵਿਦੀਸ਼ਾ) ਤੇ ਦਿਗਵਿਜੈ ਸਿੰਘ (ਰਾਜਗੜ੍ਹ), ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਬਸਵਰਾਜ ਬੋਮਈ (ਹਾਵੇਰੀ) ਅਤੇ ਬਦਰੂਦੀਨ ਅਜਮਲ (ਧੁਬੜੀ) ਜਿਹੇ ਵੱਡੇ ਆਗੂਆਂ ਦੀ ਕਿਸਮਤ ਦਾ ਵੀ ਫੈਸਲਾ ਹੋਵੇਗਾ। ਇਸ ਦੌਰਾਨ ਗੁਜਰਾਤ ਦੀਆਂ 25, ਮਹਾਰਾਸ਼ਟਰ ਦੀਆਂ 11, ਉੱਤਰ ਪ੍ਰਦੇਸ਼ ਦੀਆਂ 10, ਕਰਨਾਟਕ ਦੀਆਂ ਬਾਕੀ ਰਹਿੰਦੀਆਂ 14, ਛੱਤੀਸਗੜ੍ਹ ਦੀਆਂ 7, ਮੱਧ ਪ੍ਰਦੇਸ਼ ਦੀਆਂ 8, ਬਿਹਾਰ ਦੀਆਂ ਪੰਜ, ਅਸਾਮ ਤੇ ਪੱਛਮੀ ਬੰਗਾਲ ਦੀਆਂ 4-4 ਅਤੇ ਗੋਆ ਦੀਆਂ ਦੋ ਸੀਟਾਂ ਲਈ ਵੋਟਾਂ ਪੈਣਗੀਆਂ। ਕੇਂਦਰ ਸ਼ਾਸਤ ਪ੍ਰਦੇਸ਼ ਦਾਦਰਾ ਤੇ ਨਗਰ ਹਵੇਲੀ ਅਤੇ ਦਮਨ ਤੇ ਦੀਊ (ਦੋ ਸੀਟਾਂ) ਲਈ ਵੀ ਵੋਟਾਂ ਤੀਜੇ ਗੇੜ ਦੌਰਾਨ ਹੀ ਪੈਣਗੀਆਂ।

## ਪੰਜਾਬ 'ਚ ਨਾਮਜ਼ਦਗੀਆਂ ਅੱਜ ਤੋਂ

**ਚੰਡੀਗੜ੍ਹ** : ਪੰਜਾਬ ਵਿਚ ਲੋਕ ਸਭਾ ਚੋਣਾਂ ਲਈ ਨਾਮਜ਼ਦਗੀਆਂ ਦੀ ਸ਼ੁਰੂਆਤ 7 ਮਈ ਤੋਂ ਹੋ ਰਹੀ ਹੈ।

ਇਨ੍ਹਾਂ ਚੋਣਾਂ ਨੂੰ ਸ਼ਾਂਤੀਪੂਰਵਕ, ਨਿਰਪੱਖ ਅਤੇ ਪਾਰਦਰਸ਼ੀ ਤਰੀਕੇ ਨਾਲ ਨੇਪਰੇ ਚਾੜ੍ਹਨ ਲਈ ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੀਆਂ 13 ਸੀਟਾਂ ਲਈ ਜਨਰਲ ਅਤੇ ਪੁਲਸ ਆਬਜ਼ਰਬਰਾਂ ਦੀ ਨਿਯੁਕਤੀ ਕਰ ਦਿੱਤੀ ਹੈ। ਇਹ ਸਾਰੇ ਅਧਿਕਾਰੀ 14 ਮਈ ਤੋਂ ਆਪਣੀ ਡਿਊਟੀ ਸੰਭਾਲ ਲੈਣਗੇ।

# ਕੇਜਰੀਵਾਲ ਦੀ ਐੱਨ ਆਈ ਏ ਤੋਂ ਜਾਂਚ ਦੀ ਸਿਫ਼ਾਰਸ਼

## ਭੁੱਲਰ ਦੀ ਰਿਹਾਈ 'ਚ ਮਦਦ ਲਈ ਖਾਲਿਸਤਾਨੀਆਂ ਤੋਂ ਧਨ ਲੈਣ ਦਾ ਦੋਸ਼; ਇਹ ਇੱਕ ਹੋਰ ਸਾਜ਼ਿਸ਼ : ਆਪ



ਨਵੀਂ ਦਿੱਲੀ : ਦਿੱਲੀ ਦੇ ਉਪ ਰਾਜਪਾਲ ਵੀ ਕੇ ਸਕਸੈਨਾ ਨੇ ਪਾਬੰਦੀਸ਼ੁਦਾ ਦਹਿਸ਼ਤਗਰਦ ਜਥੇਬੰਦੀ 'ਸਿੱਖਸ ਫਾਰ ਜਸਟਿਸ' ਤੋਂ ਕਥਿਤ ਤੌਰ 'ਤੇ ਪੈਸੇ ਲੈਣ 'ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖਿਲਾਫ ਕੌਮੀ ਜਾਂਚ ਏਜੰਸੀ (ਐੱਨ ਆਈ ਏ) ਤੋਂ ਜਾਂਚ ਕਰਾਉਣ ਦੀ ਸਿਫਾਰਸ਼ ਕੀਤੀ ਹੈ। ਇਹ ਜਾਣਕਾਰੀ ਰਾਜ ਨਿਵਾਸ ਦੇ ਸੂਤਰਾਂ ਨੇ ਸੋਮਵਾਰ ਦਿੱਤੀ। ਆਮ ਆਦਮੀ ਪਾਰਟੀ ਨੇ ਇਸ ਨੂੰ ਭਾਜਪਾ ਦੀ ਸ਼ਹਿ 'ਤੇ ਕੇਜਰੀਵਾਲ ਖਿਲਾਫ ਇਕ ਹੋਰ ਸਾਜ਼ਿਸ਼ ਕਰਾਰ ਦਿੱਤਾ ਹੈ।

ਕੇਂਦਰੀ ਗ੍ਰਹਿ ਸਕੱਤਰ ਨੂੰ ਲਿਖੇ ਪੱਤਰ ਵਿਚ ਉਪ ਰਾਜਪਾਲ ਦੇ ਸਕੱਤਰੇਤ ਨੇ ਕਿਹਾ ਹੈ ਕਿ ਸਕਸੈਨਾ ਨੂੰ ਸ਼ਿਕਾਇਤ ਮਿਲੀ ਸੀ ਕਿ ਕੇਜਰੀਵਾਲ ਦੀ ਅਗਵਾਈ ਵਾਲੀ ਆਪ ਨੇ ਕਥਿਤ ਤੌਰ 'ਤੇ ਦਵਿੰਦਰ ਪਾਲ ਸਿੰਘ ਭੁੱਲਰ ਦੀ ਰਿਹਾਈ ਵਿਚ ਮਦਦ ਬਦਲੇ ਅੱਤਵਾਦੀ ਖਾਲਿਸਤਾਨੀ ਗਰੁੱਪਾਂ ਤੋਂ ਇਕ ਕਰੋੜ 60 ਲੱਖ ਡਾਲਰ ਹਾਸਲ ਕੀਤੇ।

ਭੁੱਲਰ, ਜਿਹੜਾ ਕਿ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿਚ ਹੈ, ਨੂੰ 1993 ਵਿਚ ਦਿੱਲੀ ਵਿਚ ਬੰਬ ਧਮਾਕਾ ਕਰਕੇ 9 ਵਿਅਕਤੀਆਂ ਨੂੰ ਮਾਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਉਸ ਨੂੰ ਟਾਡਾ ਅਦਾਲਤ ਨੇ 25 ਅਗਸਤ 2001 ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਸੁਪਰੀਮ ਕੋਰਟ ਵੱਲੋਂ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲ ਦਿੱਤੀ ਗਈ ਸੀ ਤੇ ਉਹ ਉਮਰ ਕੈਦ ਭੁਗਤ ਰਿਹਾ ਹੈ।

ਸੂਤਰਾਂ ਨੇ ਕਿਹਾ ਹੈ ਕਿ ਸਕਸੈਨਾ ਨੇ ਕਿਹਾ ਹੈ ਕਿ ਸ਼ਿਕਾਇਤ ਕਰਨ ਵਾਲੇ ਵੱਲੋਂ ਦਿੱਤੇ ਇਲੈਕਟ੍ਰਾਨਿਕ ਸਬੂਤਾਂ ਦੀ ਫੋਰੈਂਸਿਕ ਜਾਂਚ ਸਮੇਤ ਹੋਰ ਲੋੜੀਂਦੀ ਜਾਂਚ ਦੀ ਲੋੜ ਹੈ। ਪੱਤਰ ਵਿਚ ਕਿਹਾ ਗਿਆ ਹੈ ਕਿ ਸ਼ਿਕਾਇਤ ਮੁੱਖ ਮੰਤਰੀ ਖਿਲਾਫ ਕੀਤੀ ਗਈ ਹੈ ਤੇ ਪਾਬੰਦੀਸ਼ੁਦਾ ਦਹਿਸ਼ਤਗਰਦ ਜਥੇਬੰਦੀ ਤੋਂ ਫੰਡ ਲੈਣ ਨਾਲ ਸੰਬੰਧਤ ਹੈ। ਸੁਪਰੀਮ ਕੋਰਟ ਵੱਲੋਂ ਮੰਗਲਵਾਰ ਕੇਜਰੀਵਾਲ ਨੂੰ ਚੋਣਾਂ ਦੌਰਾਨ ਅੰਤਰਮ ਜ਼ਮਾਨਤ ਦੇਣ 'ਤੇ ਵਿਚਾਰ ਕਰਨ ਤੋਂ ਇਕ ਦਿਨ ਪਹਿਲਾਂ ਉਪਰੋਕਤ ਖਬਰ ਸਾਹਮਣੇ ਆਈ ਹੈ। ਈ ਡੀ ਵੱਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਕੇਜਰੀਵਾਲ 21 ਮਾਰਚ ਤੋਂ ਤਿਹਾੜ ਜੇਲ੍ਹ ਵਿਚ ਹਨ।

ਸ਼ਿਕਾਇਤ ਵਿਚ ਇਕ ਵੀਡੀਓ ਦਾ ਹਵਾਲਾ ਦਿੱਤਾ ਗਿਆ ਹੈ, ਜਿਹੜੀ ਖਾਲਿਸਤਾਨੀ ਗੁਰਪਤਵੰਤ ਸਿੰਘ ਪਨੂੰ ਨੇ ਜਾਰੀ ਕੀਤੀ ਸੀ। ਇਸ ਵਿਚ ਉਸ ਨੇ ਦੋਸ਼ ਲਾਇਆ ਸੀ ਕਿ ਕੇਜਰੀਵਾਲ ਦੀ ਅਗਵਾਈ ਵਾਲੀ ਆਪ ਨੇ ਖਾਲਿਸਤਾਨੀ ਗਰੁੱਪਾਂ ਤੋਂ 2014 ਤੋਂ 2022 ਤਕ ਇਕ ਕਰੋੜ 60 ਲੱਖ ਡਾਲਰ ਹਾਸਲ ਕੀਤੇ। ਸ਼ਿਕਾਇਤ ਵਿਚ ਇਹ ਦੋਸ਼ ਵੀ ਲਾਇਆ ਗਿਆ ਹੈ ਕਿ ਕੇਜਰੀਵਾਲ ਨੇ 2014 ਅਮਰੀਕਾ ਦੌਰੇ ਦੌਰਾਨ ਨਿਊਯਾਰਕ ਦੇ ਰਿਚਮੰਡ ਹਿਲਜ਼ ਦੇ ਗੁਰਦੁਆਰੇ ਵਿਚ ਖਾਲਿਸਤਾਨੀ ਆਗੂਆਂ ਨਾਲ ਬੰਦ ਕਮਰਾ ਮੀਟਿੰਗਾਂ ਕੀਤੀਆਂ ਅਤੇ ਪੈਸੇ ਮਿਲਣ 'ਤੇ ਭੁੱਲਰ ਦੀ ਰਿਹਾਈ ਵਿਚ ਮਦਦ ਕਰਨ ਦਾ ਵਾਅਦਾ ਕੀਤਾ।

ਆਪ ਦੇ ਆਗੂ ਤੇ ਦਿੱਲੀ ਦੇ ਮੰਤਰੀ ਸੌਰਭ ਭਾਰਦਵਾਜ ਨੇ ਕਿਹਾ ਹੈ ਕਿ ਭਾਜਪਾ ਦਿੱਲੀ ਦੀਆਂ ਸਾਰੀਆਂ 7 ਲੋਕ ਸਭਾ ਸੀਟਾਂ ਹਾਰ ਰਹੀ ਹੈ ਤੇ ਇਸੇ ਕਰਕੇ ਇਕ ਹੋਰ ਸਾਜ਼ਿਸ਼ ਕਰ ਰਹੀ ਹੈ।

ਭੁੱਲਰ ਨੂੰ ਸਿਹਤ ਕਾਰਨਾਂ ਕਰਕੇ ਜੂਨ 2015 ਵਿਚ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਭੇਜਿਆ ਗਿਆ ਸੀ।

## ਨਤੀਜਿਆਂ ਦਾ ਐਲਾਨ

**ਨਵੀਂ ਦਿੱਲੀ** : ਕੌਂਸਲ ਫਾਰ ਦੀ ਇੰਡੀਅਨ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨ (ਸੀ ਆਈ ਐੱਸ ਸੀ ਈ) ਦੇ ਸੋਮਵਾਰ 10ਵੀਂ ਤੇ 12ਵੀਂ ਦੇ ਨਤੀਜੇ ਐਲਾਨ ਦਿੱਤੇ ਗਏ। ਦੋਹਾਂ ਵਿਚ ਕੁੜੀਆਂ ਦਾ ਪ੍ਰਦਰਸ਼ਨ ਮੁੰਡਿਆਂ ਨਾਲੋਂ ਬਿਹਤਰ ਰਿਹਾ ਹੈ। 99.47 ਫੀਸਦੀ ਵਿਦਿਆਰਥੀਆਂ ਨੇ 10ਵੀਂ ਤੇ 98.19 ਫੀਸਦੀ ਨੇ 12ਵੀਂ ਜਮਾਤ ਪਾਸ ਕੀਤੀ।

## ਪ੍ਰਸ਼ਨ ਪੱਤਰ ਲੀਕ ਹੋਣ ਦਾ ਖੰਡਨ

**ਨਵੀਂ ਦਿੱਲੀ** : ਕੌਮੀ ਪ੍ਰੀਖਿਆ ਏਜੰਸੀ (ਐੱਨ ਟੀ ਏ) ਨੇ ਸੋਮਵਾਰ ਸਪੱਸ਼ਟ ਕੀਤਾ ਕਿ ਮੈਡੀਕਲ ਦਾਖਲਾ ਪ੍ਰੀਖਿਆ ਨੀਟ-ਯੂ ਜੀ ਦਾ ਪੇਪਰ ਲੀਕ ਹੋਣ ਦਾ ਦਾਅਵਾ ਕਰਨ ਵਾਲੀਆਂ ਖਬਰਾਂ ਬੇਬੁਨਿਆਦ ਹਨ। ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਜਾ ਰਹੀ ਨੀਟ-ਯੂ ਜੀ ਪ੍ਰਸ਼ਨ ਪੱਤਰ ਦੀ ਤਸਵੀਰ ਦਾ ਅਸਲ ਪ੍ਰਸ਼ਨ ਪੱਤਰ ਨਾਲ ਕੋਈ ਸਬੰਧ ਨਹੀਂ ਹੈ। ਐੱਨ ਟੀ ਏ ਦੀ ਸੀਨੀਅਰ ਡਾਇਰੈਕਟਰ ਸਾਧਨਾ ਪਰਾਸ਼ਰ ਨੇ ਕਿਹਾ ਕਿ ਪ੍ਰੀਖਿਆ ਸ਼ੁਰੂ ਹੋਣ ਤੋਂ ਬਾਅਦ ਕੋਈ ਵੀ ਬਾਹਰੀ ਵਿਅਕਤੀ ਜਾਂ ਏਜੰਸੀ ਕੇਂਦਰਾਂ ਤੱਕ ਨਹੀਂ ਪਹੁੰਚ ਸਕਦਾ। ਪ੍ਰੀਖਿਆ ਕੇਂਦਰਾਂ ਦੇ ਗੇਟ ਬੰਦ ਹੋਣ ਤੋਂ ਬਾਅਦ ਬਾਹਰੋਂ ਕਿਸੇ ਨੂੰ ਵੀ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ।

## ਟੀ-20 ਵਿਸ਼ਵ ਕੱਪ 'ਤੇ ਖਤਰਾ

**ਪੋਰਟ ਆਫ ਸਪੇਨ** : ਵੈਸਟਇੰਡੀਜ਼ ਅਤੇ ਅਮਰੀਕਾ 'ਚ ਹੋਣ ਵਾਲੇ ਟੀ-20 ਵਿਸ਼ਵ ਕੱਪ ਨੂੰ ਅੱਤਵਾਦੀ ਧਮਕੀ ਮਿਲੀ ਹੈ। ਇਸ ਦਾ ਖੁਲਾਸਾ ਕਰਦੇ ਹੋਏ ਤ੍ਰਿਨੀਦਾਦ ਦੇ ਪ੍ਰਧਾਨ ਮੰਤਰੀ ਕੀਥ ਰੌਲੇ ਨੇ ਕਿਹਾ ਕਿ ਮੇਜ਼ਬਾਨ ਇਸ ਖਤਰੇ ਨਾਲ ਨਜਿੱਠਣ ਲਈ ਸੁਰੱਖਿਆ ਸੰਬੰਧੀ ਵਾਧੂ ਯਤਨ ਕਰੇਗਾ। ਅਗਲੇ ਮਹੀਨੇ ਤੋਂ ਹੋਣ ਵਾਲੇ ਟੀ-20 ਵਿਸ਼ਵ ਕੱਪ 'ਚ ਭਾਰਤ ਸਮੇਤ 20 ਟੀਮਾਂ ਹਿੱਸਾ ਲੈ ਰਹੀਆਂ ਹਨ। ਟੂਰਨਾਮੈਂਟ 4 ਜੂਨ ਤੋਂ 30 ਜੂਨ ਤੱਕ ਖੇਡਿਆ ਜਾਣਾ ਹੈ।

## ਹਾਈਬ੍ਰਿਡ ਪਿੱਚ

**ਧਰਮਸ਼ਾਲਾ** : ਭਾਰਤ ਦੀ ਪਹਿਲੀ ਹਾਈਬ੍ਰਿਡ ਪਿੱਚ ਦਾ ਸੋਮਵਾਰ ਇੱਥੇ ਹਿਮਾਚਲ ਪ੍ਰਦੇਸ਼ ਕ੍ਰਿਕਟ ਐਸੋਸੀਏਸ਼ਨ ਸਟੇਡੀਅਮ 'ਚ ਉਦਘਾਟਨ ਕੀਤਾ ਗਿਆ। ਇਸ ਸਮਾਗਮ 'ਚ ਆਈ ਪੀ ਐੱਲ ਦੇ ਚੇਅਰਮੈਨ ਅਰੁਣ ਧੂਮਲ ਅਤੇ ਇੰਗਲੈਂਡ ਦੇ ਸਾਬਕਾ ਕ੍ਰਿਕਟਰ ਅਤੇ ਐੱਸ ਆਈ ਐੱਸ ਇੰਟਰਨੈਸ਼ਨਲ ਕ੍ਰਿਕਟ ਡਾਇਰੈਕਟਰ ਪਾਲ ਟੇਲਰ ਨੇ ਸ਼ਿਰਕਤ ਕੀਤੀ। ਧੂਮਲ ਨੇ ਕਿਹਾ-ਇੰਗਲੈਂਡ 'ਚ ਲਾਰਡਜ਼ ਅਤੇ ਓਵਲ ਵਰਗੇ ਪ੍ਰਸਿੱਧ ਸਥਾਨਾਂ 'ਤੇ ਸਫਲਤਾ ਤੋਂ ਬਾਅਦ ਹਾਈਬ੍ਰਿਡ ਪਿੱਚਾਂ ਦੀ ਵਰਤੋਂ ਭਾਰਤ 'ਚ ਕ੍ਰਿਕਟ 'ਚ ਕ੍ਰਾਂਤੀ ਲਿਆਵੇਗੀ।

## ਸੈਰ ਕਰਦੇ 'ਤੇ ਟਰੈਕਟਰ ਚੜ੍ਹਿਆ

**ਲਹਿਰਾਗਾਗਾ** : ਨੇੜਲੇ ਪਿੰਡ ਸੰਗਤੀਵਾਲਾ ਵਿਚ ਪੈਦਲ ਸੈਰ ਕਰਨ ਗਏ ਦਲਬਾਰਾ ਸਿੰਘ ਦੀ ਟਰੈਕਟਰ ਦੀ ਟੱਕਰ ਕਾਰਨ ਮੌਤ ਹੋ ਗਈ ਹੈ। ਸਦਰ ਪੁਲਸ ਨੇ ਟਰੈਕਟਰ ਚਾਲਕ ਗੁਰਪਾਲ ਸਿੰਘ ਵਾਸੀ ਸੰਗਤੀਵਾਲਾ ਖਿਲਾਫ ਧਾਰਾ 279, 304 ਏ ਅਧੀਨ ਕੇਸ ਦਰਜ ਕਰ ਲਿਆ ਹੈ। ਮਨਪ੍ਰੀਤ ਕੌਰ ਨੇ ਸ਼ਿਕਾਇਤ ਦਰਜ ਕਰਵਾਈ ਕਿ ਉਸ ਦਾ ਚਾਚਾ ਸਹੁਰਾ ਦਰਬਾਰਾ ਸਿੰਘ ਸੈਰ ਕਰ ਰਿਹਾ ਸੀ ਤਾਂ ਗੁਰਪਾਲ ਸਿੰਘ ਨੇ ਟਰੈਕਟਰ ਉਸ 'ਤੇ ਚੜ੍ਹਾਅ ਦਿੱਤਾ। ਮੁਲਜ਼ਮ ਦੀ ਭਾਲ ਕੀਤੀ ਜਾ ਰਹੀ ਸੀ।

## ਨਰੇਸ਼ ਗੋਇਲ ਦੀ ਅੰਤਰਮ ਜ਼ਮਾਨਤ

**ਮੁੰਬਈ** : ਬੰਬੇ ਹਾਈ ਕੋਰਟ ਨੇ ਮਨੀ ਲਾਂਡਰਿੰਗ ਮਾਮਲੇ 'ਚ ਜੈੱਟ ਏਅਰਵੇਜ਼ ਦੇ ਬਾਨੀ ਨਰੇਸ਼ ਗੋਇਲ ਨੂੰ ਸੋਮਵਾਰ ਮੈਡੀਕਲ ਆਧਾਰ 'ਤੇ 2 ਮਹੀਨੇ ਦੀ ਅੰਤਰਮ ਜ਼ਮਾਨਤ ਦੇ ਦਿੱਤੀ। ਗੋਇਲ ਨੇ ਕਿਹਾ ਸੀ ਕਿ ਉਹ ਅਤੇ ਉਨ੍ਹਾ ਦੀ ਪਤਨੀ ਟਰਮੀਨਲ ਕੈਂਸਰ ਤੋਂ ਪੀੜਤ ਹਨ। ਈ ਡੀ ਨੇ ਗੋਇਲ ਨੂੰ ਸਤੰਬਰ 2023 'ਚ ਮਨੀ ਲਾਂਡਰਿੰਗ ਮਾਮਲੇ ਅਤੇ ਕੇਨਰਾ ਬੈਂਕ ਵੱਲੋਂ ਜੈੱਟ ਏਅਰਵੇਜ਼ ਨੂੰ ਦਿੱਤੇ ਗਏ 538.62 ਕਰੋੜ ਰੁਪਏ 'ਚ ਹੇਰਾਫੇਰੀ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਸੀ।

# ਸੁਨੀਤਾ ਵਿਲੀਅਮਜ਼ ਤੀਜੀ ਵਾਰ ਪੁਲਾੜ 'ਚ ਜਾਣ ਲਈ ਤਿਆਰ



**ਵਾਸ਼ਿੰਗਟਨ** : ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਬੁਚ ਵਿਲਮੋਰ ਦੇ ਨਾਲ ਮੁੜ ਪੁਲਾੜ ਵਿਚ ਜਾਵੇਗੀ। ਨਾਸਾ ਦੇ ਦੋ ਤਜਰਬੇਕਾਰ ਪੁਲਾੜ ਯਾਤਰੀ ਬੋਇੰਗ ਦੇ ਸਟਾਰਲਾਈਨਰ ਪੁਲਾੜ ਵਾਹਨ 'ਚ ਸਵਾਰ ਹੋ ਕੇ ਪੁਲਾੜ 'ਚ ਜਾਣ ਲਈ ਤਿਆਰ ਹਨ। ਇਹ ਪਹਿਲਾ ਮਨੁੱਖੀ ਪੁਲਾੜ ਵਾਹਨ ਹੋਵੇਗਾ, ਜੋ 7 ਮਈ ਨੂੰ ਕੈਨੇਡੀ ਸਪੇਸ ਸੈਂਟਰ ਤੋਂ ਸਵੇਰੇ 8:04 ਵਜੇ ਲਾਂਚ ਕੀਤਾ ਜਾਵੇਗਾ।

ਡਾਕਟਰ ਦੀਪਕ ਪਾਂਡਿਆ ਅਤੇ ਬੋਨੀ ਪਾਂਡਿਆ ਦੇ ਘਰ ਜਨਮੀ ਸੁਨੀਤਾ ਵਿਲੀਅਮਜ਼ ਇੱਕ ਵਾਰ ਫਿਰ ਇਤਿਹਾਸ ਰਚੇਗੀ। ਉਹ ਮਨੁੱਖੀ ਪੁਲਾੜ ਵਾਹਨ ਦੇ ਪਹਿਲੇ ਮਿਸ਼ਨ 'ਤੇ ਉੱਡਣ ਵਾਲੀ ਪਹਿਲੀ ਔਰਤ ਹੋਵੇਗੀ। ਉਹ 2006 ਅਤੇ 2012 'ਚ ਦੋ ਵਾਰ ਪੁਲਾੜ 'ਚ ਜਾ ਚੁੱਕੀ ਹੈ। ਵਿਲੀਅਮਜ ਨੇ ਦੋ ਮਿਸ਼ਨਾਂ 'ਚ ਪੁਲਾੜ 'ਚ 322 ਦਿਨ ਬਿਤਾਏ ਸਨ, ਜੋ ਆਪਣੇ ਆਪ 'ਚ ਰਿਕਾਰਡ ਹੈ।

# 4×400 ਮੀਟਰ ਰਿਲੇਅ ਦੀਆਂ ਦੋਨੋਂ ਟੀਮਾਂ ਨੇ ਉਲੰਪਿਕ ਦੀ ਟਿਕਟ ਕਟਾਈ




**ਨਾਸਾਓ (ਬਹਾਮਾਸ)** : ਭਾਰਤੀ ਮਹਿਲਾ ਅਤੇ ਪੁਰਸ਼ਾਂ ਦੀਆਂ 4×400 ਮੀਟਰ ਰਿਲੇਅ ਟੀਮਾਂ ਨੇ ਇੱਥੇ ਵਿਸ਼ਵ ਐਥਲੈਟਿਕਸ ਰੀਲੇਅ 'ਚ ਦੂਜੇ ਦੌਰ ਦੀ ਹੀਟਸ 'ਚ ਦੂਜੇ ਸਥਾਨ 'ਤੇ ਰਹਿ ਕੇ ਪੈਰਿਸ ਉਲੰਪਿਕ ਲਈ ਕੁਆਲੀਫਾਈ ਕਰ ਲਿਆ। ਰੂਪਲ ਚੌਧਰੀ, ਐੱਮ ਆਰ ਪੂਵੰਮਾ, ਜਯੋਤਿਕਾ ਸ੍ਰੀਡਾਂਡੀ ਅਤੇ ਸੁਭਾ ਵੈਂਕਟੇਸ਼ਨ ਨੇ ਤਿੰਨ ਮਿੰਟ 29.35 ਸਕਿੰਟ ਦਾ ਸਮਾਂ ਲਿਆ। ਉਨ੍ਹਾਂ ਨੇ ਪਹਿਲੀ ਹੀਟ 'ਚ ਜਮਾਇਕਾ (3:28.54) ਤੋਂ ਬਾਅਦ ਦੂਜੇ ਸਥਾਨ 'ਤੇ ਰਹਿ ਕੇ ਪੈਰਿਸ ਦੀ ਟਿਕਟ ਪ੍ਰਾਪਤ ਕੀਤੀ। ਅਨਸ ਯਾਹੀਆ, ਮੁਹੰਮਦ ਅਜਮਲ, ਅਰੋਕੀਆ ਰਾਜੀਵ ਤੇ ਅਮੋਲ ਜੈਕਬ ਦੀ ਪੁਰਸ਼ਾਂ ਦੀ ਟੀਮ ਨੇ 3 ਮਿੰਟ 3.23 ਸਕਿੰਟ ਦੇ ਸਮੇਂ ਨਾਲ ਅਮਰੀਕਾ ਤੋਂ ਬਾਅਦ ਦੂਜੇ ਸਥਾਨ 'ਤੇ ਰਹਿ ਕੇ ਕੁਆਲੀਫਾਈ ਕੀਤਾ। ਉਲੰਪਿਕ ਖੇਡਾਂ 26 ਜੁਲਾਈ ਤੋਂ 11 ਅਗਸਤ ਤੱਕ ਹੋਣੀਆਂ ਹਨ।

# ਆਸਟਰੇਲੀਆ 'ਚ ਹਰਿਆਣਵੀ ਵਿਦਿਆਰਥੀ ਦੀ ਹੱਤਿਆ

**ਚੰਡੀਗੜ੍ਹ** : ਆਸਟਰੇਲੀਆ ਵਿਚ ਕੁਝ ਭਾਰਤੀ ਵਿਦਿਆਰਥੀਆਂ ਵਿਚਾਲੇ ਹੋਈ ਲੜਾਈ ਦੌਰਾਨ ਹਰਿਆਣਾ ਦੇ ਕਰਨਾਲ ਦੇ 22 ਸਾਲਾ ਐੱਮ ਟੈੱਕ ਵਿਦਿਆਰਥੀ ਨਵਜੀਤ ਸੰਧੂ ਦੀ ਕਥਿਤ ਤੌਰ 'ਤੇ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਕ ਹੋਰ ਵਿਦਿਆਰਥੀ ਜ਼ਖਮੀ ਹੋ ਗਿਆ।

ਮ੍ਰਿਤਕ ਦੇ ਰਿਸ਼ਤੇਦਾਰ ਯਸ਼ਵੀਰ ਅਨੁਸਾਰ ਨਵਜੀਤ 'ਤੇ ਵਿਦਿਆਰਥੀ ਨੇ ਚਾਕੂ ਨਾਲ ਉਸ ਸਮੇਂ ਜਾਨਲੇਵਾ ਹਮਲਾ ਕਰ ਦਿੱਤਾ, ਜਦੋਂ ਉਸ ਨੇ ਕਿਰਾਏ ਦੇ ਮਾਮਲੇ 'ਚ ਕੁਝ ਭਾਰਤੀ ਵਿਦਿਆਰਥੀਆਂ ਵਿਚਕਾਰ ਹੋਏ ਝਗੜੇ ਵਿਚ ਦਖਲ ਦੇਣ ਦੀ ਕੋਸ਼ਿਸ਼ ਕੀਤੀ।

ਨਵਜੀਤ ਹੁਸ਼ਿਆਰ ਵਿਦਿਆਰਥੀ ਸੀ ਅਤੇ ਉਸ ਨੇ ਜੁਲਾਈ 'ਚ ਛੁੱਟੀਆਂ ਮਨਾਉਣ ਲਈ ਆਪਣੇ ਪਰਵਾਰ ਕੋਲ ਆਉਣਾ ਸੀ। ਉਹ ਨਵੰਬਰ 2022 'ਚ ਸਟੱਡੀ ਵੀਜ਼ੇ 'ਤੇ ਆਸਟਰੇਲੀਆ ਗਿਆ ਸੀ ਅਤੇ ਉਸ ਦੇ ਪਿਤਾ ਨੇ ਡੇਢ ਏਕੜ ਜ਼ਮੀਨ ਵੇਚ ਕੇ ਉਸ ਨੂੰ ਵਿਦੇਸ਼ ਪੜ੍ਹਾਈ ਲਈ ਭੇਜਿਆ ਸੀ।

# ਗੁਰਦਿਆਲ ਸਿੰਘ ਕਿਰਤੀਆਂ ਨੂੰ ਖੁਸ਼ਹਾਲ ਬਣਾਉਣ ਦੀ ਆਵਾਜ਼ ਉਠਾਏਗਾ : ਮਾੜੀਮੇਘਾ



**ਭਿੱਖੀਵਿੰਡ** : ਸੀ ਪੀ ਆਈ ਤੇ ਸੀ ਪੀ ਆਈ (ਐੱਮ) ਦੇ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਹਲਕਾ ਖਡੂਰ ਸਾਹਿਬ ਦੇ ਪਿੰਡ-ਪਿੰਡ ਮੀਟਿੰਗਾਂ ਤੇ ਚੋਣ ਜਲਸੇ ਕਰ ਰਹੇ ਹਨ। ਪਿੰਡ ਕਲਸੀਆਂ ਕਲਾਂ ਵਿੱਚ ਵੀ ਉਨ੍ਹਾਂ ਸਰਬ ਭਾਰਤ ਨੌਜਵਾਨ ਸਭਾ ਦੇ ਭਿੱਖੀਵਿੰਡ ਬਲਾਕ ਦੇ ਪ੍ਰਧਾਨ ਜਸਪਾਲ ਸਿੰਘ ਕਲਸੀਆਂ ਦੀ ਪ੍ਰਧਾਨਗੀ ਹੇਠ ਵਿਸ਼ਾਲ ਜਲਸਾ ਕੀਤਾ। ਸੰਬੋਧਨ ਦੌਰਾਨ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਗੁਰਦਿਆਲ ਸਿੰਘ ਖਡੂਰ ਸਾਹਿਬ ਪਾਰਲੀਮੈਂਟ ਵਿੱਚ ਪਹੁੰਚ ਕੇ ਗਰੀਬ ਲੋਕਾਂ ਦੀ ਜ਼ਿੰਦਗੀ ਖੁਸ਼ਹਾਲ ਬਣਾਉਣ ਵਾਸਤੇ ਆਵਾਜ਼ ਉਠਾਏਗਾ। ਅਜੋਕੀਆਂ ਸਰਮਾਏਦਾਰ ਪਾਰਟੀਆਂ ਨੇ ਗਰੀਬਾਂ ਦੀ ਜ਼ਿੰਦਗੀ ਰੋਲ ਦਿੱਤੀ ਹੈ।

ਉਨ੍ਹਾਂ ਨੂੰ ਤਿੰਨ ਵਕਤ ਰੋਟੀ ਵੀ ਨਹੀਂ ਮਿਲਦੀ। ਗਰੀਬ ਲੋਕ ਬਿਨਾਂ ਛੱਤਾਂ ਤੋਂ ਪੁਲਾਂ ਦੇ ਥੱਲੇ ਸੌਂਦੇ ਹਨ। ਇਸ ਪ੍ਰਸਥਿਤੀ ਵਿੱਚ ਹਿੰਦੁਸਤਾਨ ਦੇ ਆਵਾਮ ਨੂੰ ਬਚਾਉਣ ਵਾਸਤੇ ਗੁਰਦਿਆਲ ਸਿੰਘ ਦੇ ਚੋਣ ਨਿਸ਼ਾਨ ਦਾਤਰੀ ਸਿੱਟੇ ਵਾਲਾ ਬਟਨ ਦਬਾ ਕੇ ਕਾਮਯਾਬ ਕਰੀਏ। ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾਈ ਜਨਰਲ ਸਕੱਤਰ ਦੇਵੀ ਕੁਮਾਰੀ ਨੇ ਕਿਹਾ ਕਿ ਗੁਰਦਿਆਲ ਸਿੰਘ ਜਿੱਤ ਕੇ ਨਰੇਗਾ ਕੰਮ ਸਾਲ ਵਿੱਚ 200 ਦਿਨ ਅਤੇ ਦਿਹਾੜੀ 1000 ਰੁਪਏ ਕਰਾਉਣ ਦੀ ਲੜਾਈ ਪਾਰਲੀਮੈਂਟ ਵਿੱਚ ਲੜੇਗਾ। ਕਿਸਾਨਾਂ- ਮਜ਼ਦੂਰਾਂ ਦੇ ਕਰਜ਼ੇ ਮੁਆਫ ਕਰਾਉਣ ਲਈ ਆਵਾਜ਼ ਉਠਾਏਗਾ। ਇਸ ਲਈ ਵੋਟਾਂ ਦਾ ਹੱਕਦਾਰ ਗੁਰਦਿਆਲ ਸਿੰਘ ਹੀ ਹੈ, ਇਸ ਲਈ ਦਾਤਰੀ ਸਿੱਟੇ ਨੂੰ ਕਾਮਯਾਬ ਕਰੋ। ਪ੍ਰੋਗਰਾਮ ਨੂੰ ਸੀ ਪੀ ਆਈ ਬਲਾਕ ਭਿੱਖੀਵਿੰਡ ਦੇ ਸਕੱਤਰ ਨਰਿੰਦਰ ਸਿੰਘ ਅਲਗੋਂ, ਮਨਪ੍ਰੀਤ ਕੌਰ ਕਲਸੀਆਂ ਕਲਾਂ, ਸੁਖਦੇਵ ਸਿੰਘ ਕੋਟ ਧਰਮ ਚੰਦ, ਰਛਪਾਲ ਸਿੰਘ ਘੁਰਕਵਿੰਡ, ਜੈਮਲ ਸਿੰਘ ਬਾਠ ਤੇ ਟਹਿਲ ਸਿੰਘ ਲੱਧੂ ਨੇ ਵੀ ਸੰਬੋਧਨ ਕੀਤਾ।

## ਆਸਟਰੇਲੀਆ ਵੱਲੋਂ ਟੋਫਲ ਸਕੋਰ ਨੂੰ ਮਾਨਤਾ

**ਨਵੀਂ ਦਿੱਲੀ** : ਆਸਟਰੇਲੀਆ ਨੇ ਸਾਰੇ ਵੀਜ਼ਿਆਂ ਲਈ ਟੋਫਲ ਸਕੋਰ ਨੂੰ ਮਾਨਤਾ ਦੇ ਦਿੱਤੀ ਹੈ। ਐਜੂਕੇਸ਼ਨਲ ਟੈਸਟਿੰਗ ਸਰਵਿਸ (ਈ ਟੀ ਐੱਸ) ਦੇ ਹਵਾਲੇ ਨਾਲ ਸੋਮਵਾਰ ਕਿਹਾ ਗਿਆ ਕਿ ਟੋਫਲ ਸਕੋਰ ਹੁਣ ਸਾਰੇ ਆਸਟਰੇਸੀਆਈ ਵੀਜ਼ਿਆਂ ਲਈ ਵੈਧ ਹੋਣਗੇ। ਟੋਫਲ ਦੀ ਪਿਛਲੇ ਸਾਲ ਜੁਲਾਈ 'ਚ ਆਸਟਰੇਲੀਆਈ ਗ੍ਰਹਿ ਮਾਮਲਿਆਂ ਦੇ ਵਿਭਾਗ ਵੱਲੋਂ ਸਮੀਖਿਆ ਕੀਤੀ ਗਈ ਸੀ ਅਤੇ ਉਦੋਂ ਤੋਂ ਹੁਣ ਤੱਕ ਸਕੋਰ ਸਵੀਕਾਰ ਨਹੀਂ ਕੀਤੇ ਗਏ ਹਨ। ਈ ਟੀ ਐੱਸ ਨੇ ਕਿਹਾ ਕਿ 5 ਮਈ ਨੂੰ ਜਾਂ ਇਸ ਤੋਂ ਬਾਅਦ ਲਏ ਟੈਸਟਾਂ ਦੇ ਅੰਕ ਸਾਰੇ ਵੀਜ਼ਿਆਂ ਲਈ ਵੈਧ ਮੰਨੇ ਜਾਣਗੇ। ਆਸਟਰੇਲੀਆ ਭਾਰਤੀ ਵਿਦਿਆਰਥੀਆਂ ਅਤੇ ਕੰਮਕਾਜੀ ਲੋਕਾਂ ਲਈ ਪਸੰਦੀਦਾ ਸਥਾਨ ਹੈ। ਪਿਛਲੇ ਸਾਲ 1.2 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਆਸਟਰੇਲੀਆ ਪੜ੍ਹਨ ਗਏ ਸਨ।

## ਕਰੋੜਾਂ ਦੇ ਨੋਟ ਫੜੇ



**ਰਾਂਚੀ** : ਈ ਡੀ ਨੇ ਸੋਮਵਾਰ ਝਾਰਖੰਡ ਦੇ ਪੇਂਡੂ ਵਿਕਾਸ ਮੰਤਰੀ ਆਲਮਗੀਰ ਆਲਮ ਦੇ ਨਿੱਜੀ ਸਕੱਤਰ ਸੰਜੀਵ ਲਾਲ ਦੇ ਕਥਿਤ ਘਰੇਲੂ ਨੌਕਰ ਦੇ ਘਰ ਦੀ ਤਲਾਸ਼ੀ ਦੌਰਾਨ ਵੱਡੀ ਮਾਤਰਾ ਵਿਚ ਨਕਦੀ ਬਰਾਮਦ ਕਰਨ ਦਾ ਦਾਅਵਾ ਕੀਤਾ। ਇਹ ਰਕਮ 20-30 ਕਰੋੜ ਰੁਪਏ ਦੇ ਵਿਚਕਾਰ ਹੋ ਸਕਦੀ ਹੈ। ਸੂਤਰਾਂ ਨੇ ਦੱਸਿਆ ਕਿ ਬਰਾਮਦ ਕੀਤੀ ਨਕਦੀ ਵਿੱਚ ਮੁੱਖ ਤੌਰ 'ਤੇ 500 ਰੁਪਏ ਦੇ ਨੋਟ ਅਤੇ ਕੁਝ ਗਹਿਣੇ ਵੀ ਸ਼ਾਮਲ ਹਨ। ਕਾਂਗਰਸੀ ਆਗੂ ਆਲਮ (70) ਝਾਰਖੰਡ ਵਿਧਾਨ ਸਭਾ 'ਚ ਪਾਕੁਰ ਸੀਟ ਦੀ ਨੁਮਾਇੰਦਗੀ ਕਰਦੇ ਹਨ।

## ਚੰਡੀਗੜ੍ਹ ਦੇ ਅਕਾਲੀ ਉਮੀਦਵਾਰ ਨੇ ਮੈਦਾਨ ਛੱਡਿਆ



**ਚੰਡੀਗੜ੍ਹ** : ਲੋਕ ਸਭਾ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਝਟਕਾ ਲੱਗਾ, ਜਦੋਂ ਉਸ ਦੇ ਚੰਡੀਗੜ੍ਹ ਤੋਂ ਉਮੀਦਵਾਰ ਹਰਦੀਪ ਸਿੰਘ ਬੁਟਰੇਲਾ ਨੇ ਆਪਣੀ ਸਮੁੱਚੀ ਟੀਮ ਸਮੇਤ ਪਾਰਟੀ ਦੀ ਮੁਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਤੇ ਚੋਣ ਲੜਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾ ਕਿਹਾ ਕਿ ਉਹ ਪਾਰਟੀ ਦੀ ਟਿਕਟ ਵਾਪਸ ਕਰ ਰਹੇ ਹਨ।



ਪਿਛਲੇ ਸੱਤ ਦਿਨਾਂ ਤੋਂ ਹੋ ਰਹੀ ਬਾਰਿਸ਼ ਅਤੇ ਤੂਫ਼ਾਨ ਕਾਰਨ ਬ੍ਰਾਜ਼ੀਲ ਦੇ ਦੱਖਣੀ ਰੀਓ ਗ੍ਰਾਂਡੋ ਸੁਲ ਸੂਬੇ 'ਚ ਹੜ੍ਹ ਨਾਲ ਘੱਟੋ-ਘੱਟ 78 ਲੋਕਾਂ ਦੀ ਮੌਤ ਹੋ ਗਈ ਤੇ ਲੱਖਾਂ ਲੋਕ ਬੇਘਰ ਹੋ ਗਏ। ਤਸਵੀਰ 'ਚ ਸੂਬੇ ਦਾ ਪੋਟਰੋ ਐਲਗ੍ਰੇ ਸ਼ਹਿਰ ਪੂਰੀ ਤਰ੍ਹਾਂ ਹੜ੍ਹ ਦੇ ਪਾਣੀ ਨਾਲ ਡੁੱਬਿਆ ਹੋਇਆ।

## 13 ਸਾਲਾ ਕੁੜੀ ਨਾਲ ਵਿਆਹ ਕਰਾਉਣ ਵਾਲਾ 70 ਸਾਲਾ ਬਾਬਾ ਗ੍ਰਿਫ਼ਤਾਰ

**ਸਵਾਤ (ਖੈਬਰ ਪਖਤੂਨਖਵਾ)**

ਪਾਕਿਸਤਾਨ ਦੀ ਸਵਾਤ ਵਾਦੀ 'ਚ ਪੁਲਸ ਨੇ 70 ਸਾਲਾ ਵਿਅਕਤੀ ਨੂੰ 13 ਸਾਲ ਦੀ ਕੁੜੀ ਨਾਲ ਵਿਆਹ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਹੈ। ਕੁੜੀ ਦਾ ਵਿਆਹ ਉਸ ਦੇ ਪਿਤਾ ਨੇ ਬੁੱਢੇ ਨਾਲ ਕੀਤਾ। ਇਹ ਸੂਚਨਾ ਮਿਲਣ 'ਤੇ ਪੁਲਸ ਨੇ ਲਾੜੇ ਅਤੇ ਕੁੜੀ ਦੇ ਪਿਤਾ ਦੋਵਾਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਇਲਾਵਾ ਵਿਆਹ ਕਰਾਉਣ ਵਾਲਿਆਂ ਅਤੇ ਗਵਾਹਾਂ ਨੂੰ ਵੀ ਹਿਰਾਸਤ ਵਿਚ ਲੈ ਲਿਆ ਗਿਆ ਹੈ। ਪਾਕਿਸਤਾਨ ਦੇ ਮੌਜੂਦਾ ਕਾਨੂੰਨ ਤਹਿਤ ਕੁੜੀਆਂ ਲਈ ਘੱਟੋ-ਘੱਟ ਵਿਆਹ ਦੀ ਉਮਰ 16 ਸਾਲ ਅਤੇ ਮੁੰਡਿਆਂ ਲਈ 18 ਸਾਲ ਹੈ।

## ਕਾਰਾਂ ਦੀ ਟੱਕਰ 'ਚ 4 ਜੀਆਂ ਦੀ ਮੌਤ



**ਜਲੰਧਰ (ਸੁਰਿੰਦਰ ਕੁਮਾਰ)**

ਜਲੰਧਰ-ਪਠਾਨਕੋਟ ਜੀ ਟੀ ਰੋਡ 'ਤੇ ਰਾਏਪੁਰ ਰਸੂਲਪੁਰ ਪਿੰਡ ਕੋਲ ਸੋਮਵਾਰ ਤੜਕੇ ਦੋ ਕਾਰਾਂ ਵਿਚਾਲੇ ਟੱਕਰ ਵਿਚ 11 ਸਾਲਾ ਬੱਚੀ ਸਮੇਤ ਪਰਿਵਾਰ ਦੇ ਚਾਰ ਜੀਆਂ ਦੀ ਮੌਤ ਹੋ ਗਈ। ਪਰਵਾਰ ਮਹਾਰਾਸ਼ਟਰ ਦੇ ਅਮਰਾਵਤੀ ਦਾ ਸੀ ਤੇ ਵੈਸ਼ਨੋ ਦੇਵੀ ਤੋਂ ਪਰਤ ਰਿਹਾ ਸੀ। ਪੁਲਸ ਮੁਤਾਬਕ ਉਨ੍ਹਾਂ ਦੀ ਹੁੰਡਈ ਆਈ-10 ਕਾਰ ਬੇਕਾਬੂ ਹੋ ਕੇ ਇਨੋਵਾ ਵਿਚ ਵੱਜ ਕੇ ਦਰਖਤ ਨਾਲ ਜਾ ਟਕਰਾਈ।

## ਅੱਜ-ਨਾਮਾ

ਸਭ ਦਾ ਲੱਗਾ ਧਿਆਨ ਪਿਆ ਚੋਣ ਵੰਨੀਂ,
ਆਪਣਾ ਚੱਕਰ ਬਈ ਚੋਰ ਚਲਾਈ ਜਾਂਦੇ।
ਜਿੱਥੇ ਕਿਤੇ ਕੁਝ ਜ਼ਰਾ ਕੁ ਢਿੱਲ ਮਿਲਦੀ,
ਵਕਤ ਵਿਚਾਰ ਕੇ ਸੰਨ੍ਹ ਆ ਲਾਈ ਜਾਂਦੇ।
ਲੱਗਿਆ ਜ਼ਾਬਤਾ ਚੋਣ ਦਾ ਸਖਤ ਕਹਿੰਦੇ,
ਇਸ ਤੋਂ ਕੰਨੀ ਹਨ ਚੋਰ ਕਤਰਾਈ ਜਾਂਦੇ।
ਲੀਡਰ ਰਾਜਸੀ ਜਿਹੜਾ ਵੀ ਪਿੱਠ ਉੱਪਰ,
ਚੋਣਾਂ ਵਿੱਚ ਰੁੱਝੇ ਨੂੰ ਮਾਲ ਪੁਚਾਈ ਜਾਂਦੇ।
ਚੋਖੀ ਫੋਰਸ ਮੰਗਵਾਈ ਪਈ ਬਾਹਰ ਵਾਲੀ,
ਨਾਕਿਆਂ ਉੱਪਰ ਜਵਾਨ ਕਈ ਖੜੇ ਮੀਆਂ।
ਮਾੜੇ ਅਨਸਰ ਦਾ ਉਨ੍ਹਾਂ ਨੂੰ ਪਤਾ ਕੋਈ ਨਾ,
ਅਪਰਾਧੀ ਜਾਣਗੇ ਕਿੱਦਾਂ ਫਿਰ ਫੜੇ ਮੀਆਂ।

-ਤੀਸ ਮਾਰ ਖਾਂ

# ਪਾਕਿਸਤਾਨ ਦੇ ਕਿਸਾਨ ਅੰਦੋਲਨ ਦੇ ਰਾਹ

## ਘਰੇਲੂ ਕਣਕ ਨਾ ਖਰੀਦਣ ਤੇ ਬਾਹਰੋਂ ਮੰਗਵਾਉਣ ਖਿਲਾਫ 10 ਨੂੰ ਦੇਸ਼-ਵਿਆਪੀ ਪ੍ਰਦਰਸ਼ਨ



**ਇਸਲਾਮਾਬਾਦ** : ਕਿਸਾਨਾਂ ਦੀ ਜਥੇਬੰਦੀ ਕਿਸਾਨ ਇਤੇਹਾਦ ਨੇ ਪਾਕਿਸਤਾਨ 'ਚ ਕਣਕ ਦੀ ਸਰਕਾਰੀ ਖਰੀਦ ਨਾ ਹੋਣ ਦੇ ਰੋਸ 'ਚ 10 ਮਈ ਤੋਂ ਦੇਸ਼ਵਿਆਪੀ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਕਿਸਾਨ ਇਤੇਹਾਦ ਦੇ ਚੇਅਰਮੈਨ ਖਾਲਿਦ ਖੋਖਰ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਸਰਕਾਰ ਦੇਸ਼ ਦੇ ਕਿਸਾਨਾਂ ਤੋਂ ਜਿਣਸ ਖਰੀਦਣ ਦੀ ਥਾਂ ਵਿਦੇਸ਼ਾਂ ਤੋਂ ਦਰਾਮਦ ਕਰ ਰਹੀ ਹੈ। ਇਸ ਖਿਲਾਫ ਕਿਸਾਨ 10 ਮਈ ਨੂੰ ਸੜਕਾਂ 'ਤੇ ਮਾਰਚ ਕਰਨਗੇ। ਖੋਖਰ ਨੇ ਕਣਕ ਦੀ ਦਰਾਮਦ 'ਚ ਭ੍ਰਿਸ਼ਟਾਚਾਰ ਦੇ ਦੋਸ਼ ਲਾਉਂਦਿਆਂ ਕਿਹਾ ਕਿ ਇਸ 'ਚ ਫਸਣ ਵਾਲਿਆਂ ਨੂੰ ਫਾਂਸੀ ਦਿੱਤੀ ਜਾਵੇ। ਕਣਕ ਮਾਫੀਆ ਨੂੰ ਦਰਾਮਦ ਤੋਂ 100 ਅਰਬ ਰੁਪਏ ਦਾ ਮੁਨਾਫਾ ਹੋਇਆ, ਜਦੋਂ ਕਿ ਪਾਕਿਸਤਾਨ ਨੂੰ ਲੱਗਭੱਗ 1 ਅਰਬ ਡਾਲਰ ਦਾ ਨੁਕਸਾਨ ਹੋਇਆ। ਉਨ੍ਹਾ ਦਾਅਵਾ ਕੀਤਾ ਕਿ ਕਿਸਾਨਾਂ ਨੇ ਵੱਡੀ ਮਾਤਰਾ 'ਚ ਕਣਕ ਦੀ ਪੈਦਾਵਾਰ ਕੀਤੀ, ਪਰ ਉਹ ਕਮਾਈ ਤੋਂ ਵਾਂਝੇ ਰਹਿ ਗਏ, ਕਿਉਂਕਿ ਅਧਿਕਾਰੀਆਂ ਨੇ ਅਨਾਜ ਦੀ ਦਰਾਮਦ ਕਰ ਦਿੱਤੀ। ਉਨ੍ਹਾ ਕਿਹਾ ਕਿ ਹਜ਼ਾਰਾਂ ਕਿਸਾਨ ਲਈ ਸੜਕਾਂ 'ਤੇ ਉਤਰਨਗੇ ਕਿਉਂਕਿ ਸਰਕਾਰ ਨੇ ਉਨ੍ਹਾਂ ਕੋਲ ਕੋਈ ਹੋਰ ਰਾਹ ਨਹੀਂ ਛੱਡਿਆ। ਖੋਖਰ ਅਨੁਸਾਰ ਕਿਸਾਨਾਂ ਨੇ ਪ੍ਰਧਾਨ ਮੰਤਰੀ, ਫੌਜ ਮੁਖੀ, ਆਈ ਐੱਸ ਆਈ ਦੇ ਡਾਇਰੈਕਟਰ ਜਨਰਲ ਅਤੇ ਖੁਰਾਕ ਸੁਰੱਖਿਆ ਮੰਤਰੀ ਤੱਕ ਪਹੁੰਚ ਕੀਤੀ ਪਰ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਨਹੀਂ ਕੀਤਾ ਗਿਆ। ਉਨ੍ਹਾ ਆਮ ਨਾਗਰਿਕਾਂ, ਮੀਡੀਆ, ਵਕੀਲਾਂ ਅਤੇ ਵਪਾਰੀ ਭਾਈਚਾਰੇ ਨੂੰ ਵੀ ਕਿਸਾਨਾਂ ਦੇ ਅੰਦੋਲਨ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ। ਖੋਖਰ ਨੇ ਭਰੋਸਾ ਦਿੱਤਾ ਕਿ ਧਰਨਾ ਸ਼ਾਂਤਮਈ ਰਹੇਗਾ ਅਤੇ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਸਰਕਾਰ ਸਥਾਨਕ ਕਿਸਾਨਾਂ ਤੋਂ ਜਿਣਸ ਦੀ ਖਰੀਦ ਦਾ ਫੈਸਲਾ ਨਹੀਂ ਲੈਂਦੀ।


## ਤੀਜੀ ਬਰਸੀ ਅੱਜ



ਬੈਂਕ ਮੁਲਾਜ਼ਮਾਂ ਤੇ ਮਿਹਨਤਕਸ਼ ਲੋਕਾਂ ਲਈ ਜ਼ਿੰਦਗੀ ਲੇਖੇ ਲਾਉਣ ਵਾਲੇ ਕਾਮਰੇਡ ਅੰਮ੍ਰਿਤ ਲਾਲ ਜੋ ਕਿ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਟਰੱਸਟੀ ਵੀ ਰਹੇ, ਨੂੰ ਅੱਜ ਤੀਜੀ ਬਰਸੀ 'ਤੇ ਯਾਦ ਕਰਦਿਆਂ।

ਕਮਲਾ ਸ਼ਰਮਾ ਪਤਨੀ — ਵੱਲੋਂ — ਅਨੁਪਮ ਸ਼ਰਮਾ ਬੇਟੀ

Bank of Baroda Employees Union (NZ) Regd.

7-MAY-PAGE-1.qxd 5/6/2024 10:34 PM Page 2



## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਦੀ ਮੀਟਿੰਗ



**ਬੁਢਲਾਡਾ (ਅਸ਼ੋਕ ਲਾਕੜਾ)**-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਬਲਾਕ ਬੁਢਲਾਡਾ ਦੀ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਗੁਰਜੀਤ ਸਿੰਘ ਬਰ੍ਹੇ ਦੀ ਅਗਵਾਈ ਹੇਠ ਕੱਲਰਾਂ ਵਾਲੀ ਮਾਤਾ ਮੰਦਰ ਵਿਖੇ ਹੋਈ, ਜਿਸ ਵਿੱਚ ਵੱਖ-ਵੱਖ ਬੁਲਾਰਿਆਂ ਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਰੱਖਣ ਤੇ ਭਰੂਣ ਹੱਤਿਆ ਸੰਬੰਧੀ ਆਪੋ ਆਪਣੇ ਵਿਚਾਰ ਪੇਸ਼ ਕੀਤੇ।ਇਸ ਮੌਕੇ ਡਾ. ਮੇਜਰ ਸਿੰਘ ਗੋਬਿੰਦਪੁਰਾ, ਡਾ. ਗਮਦੂਰ ਸਿੰਘ ਰੱਲੀ, ਡਾ. ਜਗਦੇਵ ਦਾਸ ਬੱਛੋਆਣਾ, ਡਾ. ਨਾਇਬ ਸਿੰਘ ਖਜ਼ਾਨਚੀ, ਡਾ. ਤੇਜਾ ਸਿੰਘ ਗੁਰਨੇ ਖੁਰਦ, ਡਾ. ਰਾਮ ਸਿੰਘ ਅਹਿਮਦਪੁਰ, ਡਾ. ਜਗਤਾਰ ਸਿੰਘ ਗੁਰਨੇ ਕਲਾਂ, ਚੇਅਰਮੈਨ ਰਮਜ਼ਾਨ ਖਾਨ ਬੁਢਲਾਡਾ ਤੇ ਮਨਮੰਦਰ ਸਿੰਘ ਕਲੀਪੁਰ, ਸਕੱਤਰ ਡਾ. ਬੂਟਾ ਸਿੰਘ ਦਾਤੇਵਾਸ, ਲੇਖਾ ਸਿੰਘ ਹਸਨਪੁਰ ਮੀਟਿੰਗ ਵਿੱਚ ਬਠਿੰਡਾ ਤੋਂ ਉਚੇਚੇ ਤੌਰ 'ਤੇ ਗੁਪਤਾ ਹਸਪਤਾਲ ਪਾਵਰ ਹਾਊਸ ਰੋਡ ਬਠਿੰਡਾ ਤੋਂ ਡਾ. ਮੋਹਿਤ ਗੁਪਤਾ ਐੱਮ.ਸੀ.ਐੱਚ. ਓਥਰੋ ਨੇ ਆਪਣੇ ਵਿਚਾਰ ਪੇਸ਼ ਕੀਤੇ। ਅੰਤ ਵਿੱਚ ਪ੍ਰਧਾਨ ਗੁਰਜੀਤ ਸਿੰਘ ਬਰ੍ਹੇ ਨੇ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ।

## ਖੁੱਡੀਆਂ ਵੱਲੋਂ ਹਲਕੇ 'ਚ ਭਰਵੀਆਂ ਚੋਣ ਮੀਟਿੰਗਾਂ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਬਠਿੰਡਾ ਤੋਂ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੀ ਹਲਕਾ ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ ਦੀ ਅਗਵਾਈ 'ਚ ਵੱਖ-ਵੱਖ ਪਿੰਡਾਂ 'ਚ ਭਰਵੀਆਂ ਚੋਣ ਮੀਟਿੰਗਾਂ ਕਰਕੇ ਵੋਟਰਾਂ ਨੂੰ ਵੋਟਾਂ ਪਾਉਣ ਦੀ ਅਪੀਲ ਕੀਤੀ ਗਈ।ਇਸ ਮੌਕੇ ਸ੍ਰ. ਖੁਡੀਆਂ ਨੇ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਕੀਤੇ ਵਿਕਾਸ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬ ਸੂਬੇ ਨੂੰ ਖੁਸ਼ਹਾਲ ਬਣਾਉਣ ਲਈ ਪੰਜਾਬ ਦੀ ਭਗਵੰਤ ਮਾਨ ਸਰਕਾਰ ਕੋਈ ਕਸਰ ਬਾਕੀ ਨਹੀਂ ਛੱਡੇਗੀ।ਉਨ੍ਹਾਂ ਵਾਅਦਾ ਕੀਤਾ ਕਿ ਰਹਿੰਦੀਆਂ ਗਰੰਟੀਆਂ ਵੀ ਜਲਦੀ ਹੀ ਪੂਰੀਆਂ ਕੀਤੀਆਂ ਜਾਣਗੀਆਂ।ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੱਡੇ ਫਰਕ ਨਾਲ ਜਿਤਾ ਕੇ ਲੋਕ ਸਭਾ 'ਚ ਭੇਜਣ।ਇਸ ਮੌਕੇ ਵਿਧਾਇਕਾ ਪ੍ਰੋਫੈਸਰ ਬਲਜਿੰਦਰ ਕੌਰ ਨੇ ਵੀ ਚੋਣ ਮੀਟਿੰਗਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਰਕੀਟ ਕਮੇਟੀ ਤਲਵੰਡੀ ਸਾਬੋ ਦੇ ਚੇਅਰਮੈਨ ਟੇਕ ਸਿੰਘ ਬੰਗੀ ਸਮੇਤ ਹਲਕੇ ਦੀ ਸਮੁੱਚੀ ਆਪ ਟੀਮ ਮੌਜੂਦ ਸੀ।

## ਰਵਨੀਤ ਬਿੱਟੂ ਨੇ ਚੋਣ ਜਲਸਿਆਂ ਰਾਹੀਂ ਭਾਜਪਾ ਵਰਕਰਾਂ 'ਚ ਭਰਿਆ ਜੋਸ਼



**ਜਗਰਾਉਂ (ਅਮਿਤ ਖੰਨਾ)**-ਭਾਰਤੀ ਜਨਤਾ ਪਾਰਟੀ ਲੁਧਿਆਣਾ ਲੋਕ ਸਭਾ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਨੇ ਸ਼ਹਿਰ 'ਚ ਸ਼ਿਵਪੁਰੀ ਮੰਡਲ, ਫੋਕਲ ਪੁਆਇੰਟ ਮੰਡਲ ਤੇ ਤਾਜਪੁਰ ਮੰਡਲ 'ਚ ਵੱਖ-ਵੱਖ ਚੋਣ ਜਲਸਿਆਂ ਰਾਹੀਂ ਵਰਕਰਾਂ 'ਚ ਜੋਸ਼ ਭਰਿਆ।ਇਸ ਮੌਕੇ ਉਨ੍ਹਾਂ ਦੇ ਨਾਲ ਹਲਕਾ ਉੱਤਰੀ ਦੇ ਇੰਚਾਰਜ ਪ੍ਰਵੀਨ ਬਾਂਸਲ, ਨਰਿੰਦਰਪਾਲ ਸਿੰਘ ਮੱਲ੍ਹੀ, ਜਤਿੰਦਰ ਮਿੱਤਲ, ਨਵਲ ਜੈਨ, ਮੰਡਲ ਪ੍ਰਧਾਨ ਸ੍ਰ. ਸਲੂਜਾ, ਅਸ਼ੋਕ ਰਾਣਾ, ਮਹੇਸ਼ ਦੱਤ ਸ਼ਰਮਾ, ਅੰਕੁਰ ਵਰਮਾ, ਮੌਲਿਕ ਗੁਪਤਾ ਆਦਿ ਹਾਜ਼ਰ ਸਨ।ਰਵਨੀਤ ਬਿੱਟੂ ਨੇ ਕਿਹਾ ਕਿ ਭਾਜਪਾ ਸਰਕਾਰ ਨੇ ਪਿਛਲੇ 10 ਸਾਲਾਂ 'ਚ ਅਣਗਣਿਤ ਲੋਕ ਭਲਾਈ ਦੀਆਂ ਯੋਜਨਾਵਾਂ ਦੇਸ਼ ਵਾਸੀਆਂ ਨੂੰ ਦਿੱਤੀਆਂ, ਜਿਸ ਦਾ ਕਰੋੜਾਂ ਲੋਕਾਂ ਨੂੰ ਲਾਭ ਹੋਇਆ ਤੇ ਇਨ੍ਹਾਂ ਕੰਮਾਂ ਨੂੰ ਲੈ ਕੇ ਹੀ ਅਸੀਂ ਚੋਣ ਮੈਦਾਨ 'ਚ ਨਿੱਤਰੇ ਹਾਂ, ਜਦੋਂਕਿ ਵਿਰੋਧੀ ਪਾਰਟੀਆਂ ਕੋਲ ਸਿਵਾਏ ਭੰਡੀ ਪ੍ਰਚਾਰ ਦੇ ਕੁਝ ਵੀ ਨਹੀਂ ਹੈ।ਉਨ੍ਹਾ ਕਿਹਾ ਕਿ ਜੇਕਰ ਅੱਜ ਭਾਰਤੀ ਜਨਤਾ ਪਾਰਟੀ ਦੇਸ਼ ਦੀ ਵੱਡੀ ਪਾਰਟੀ ਹੈ ਤਾਂ ਉਸ ਦਾ ਸਿਹਰਾ ਜਿੱਥੇ ਭਾਜਪਾ ਦੇ ਵਰਕਰਾਂ ਨੂੰ ਜਾਂਦਾ ਹੈ, ਉਥੇ ਦੇਸ਼ ਦੇ ਵੋਟਰਾਂ ਤੇ ਜਿਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਦੇ ਚਲਦੇ ਨਾ ਸਿਰਫ ਕੇਂਦਰ 'ਚ ਦੋ ਵਾਰ ਸਰਕਾਰ ਬਣਾਈ, ਬਲਕਿ ਸੂਬਿਆਂ 'ਚੋਂ ਕਾਂਗਰਸ ਸਮੇਤ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਪੱਟ ਸੁੱਟੀਆਂ ਤੇ ਹੁਣ ਤੀਜੀ ਵਾਰ ਕੇਂਦਰ 'ਚ ਸਰਕਾਰ ਬਣਾਉਣ ਲਈ ਦੇਸ਼ ਵਾਸੀ ਕਾਹਲੇ ਹਨ।

## ਚੌਥੀ ਵਾਰ ਬੀਬਾ ਬਾਦਲ ਜਿੱਤ ਕੇ ਇਤਿਹਾਸ ਸਿਰਜਣਗੇ : ਰਣਬੀਰ ਢਿੱਲੋਂ



**ਬੁਢਲਾਡਾ (ਅਸ਼ੋਕ ਲਾਕੜਾ)**-ਯੂਥ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੰਤਰੀ ਅਕਾਲੀ ਦਲ ਸਰਗਰਮ ਨੇਤਾ ਬਿਕਰਮਜੀਤ ਸਿੰਘ ਮਜੀਠੀਆ ਦੇ ਦਿਸ਼ਾ-ਨਿਰਦੇਸ਼ਾਂ ਹੇਠ ਉਨ੍ਹਾਂ ਦੀ ਟੀਮ ਬੀਬੀ ਹਰਸਿਮਰਤ ਕੌਰ ਬਾਦਲ ਦੀ ਜਿੱਤ ਯਕੀਨੀ ਬਣਾਉਣ ਲਈ ਬੁਢਲਾਡਾ ਹਲਕੇ ਵਿੱਚ ਐੱਸ.ਓ.ਆਈ ਦੀ ਟੀਮ ਨੇ ਮੋਰਚਾ ਸੰਭਾਲ ਲਿਆ ਹੈ।ਦਿਨ ਵੇਲੇ ਉਹ ਪਿੰਡ-ਪਿੰਡ ਤੇ ਰਾਤ ਸਮੇਂ ਸ਼ਹਿਰ ਦੇ ਲੋਕਾਂ ਨਾਲ ਤਾਲਮੇਲ ਕਰਕੇ ਬੀਬੀ ਹਰਮਿਸਰਤ ਕੌਰ ਬਾਦਲ ਹੱਕ ਵਿੱਚ ਅਕਾਲੀ ਸਰਕਾਰ ਸਮੇਂ ਹੋਏ ਕੰਮਾਂ ਦੇ ਨਾਂਅ 'ਤੇ ਅਤੇ ਬੀਬੀ ਹਰਸਿਮਰਤ ਕੌਰ ਬਾਦਲ ਵੱਲੋਂ ਲੋਕ ਸਭਾ ਵਿੱਚ ਉਠਾਏ ਮੁੱਦਿਆਂ ਦੀ ਜਾਣਕਾਰੀ ਦੇ ਰਹੇ ਹਨ।ਸ਼ਹਿਰਾਂ ਤੇ ਪਿੰਡਾਂ ਵਿੱਚੋਂ ਐੱਸ.ਓ.ਆਈ ਟੀਮ ਦਾ ਭਰਵਾਂ ਸਵਾਗਤ ਕੀਤਾ ਜਾ ਰਿਹਾ ਹੈ।ਐੱਸ.ਓ.ਆਈ ਦੇ ਕੌਮੀ ਪ੍ਰਧਾਨ ਰਣਬੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਪਿੰਡ ਚੱਕ ਅਲੀਸ਼ੇਰ, ਧਰਮਪੁਰਾ, ਉੱਡਤ ਸੈਦੇਵਾਲਾ, ਅੱਕਾਂਵਾਲੀ, ਗਾਮੀਵਾਲਾ ਅਤੇ ਬੋਹਾ ਸ਼ਹਿਰ ਦੇ ਵਾਰਡਾਂ ਵਿੱਚ ਪਾਰਟੀ ਦੇ ਆਗੂਆਂ, ਵਰਕਰਾਂ ਤੇ ਆਮ ਲੋਕਾਂ ਨੇ ਸੁਖਾਵੇਂ ਮਾਹੌਲ ਵਿੱਚ ਮੀਟਿੰਗਾਂ ਕੀਤੀਆਂ ਤੇ ਬੀਬਾ ਬਾਦਲ ਨੂੰ ਭਾਰੀ ਵੋਟਾਂ ਪਾਉਣ ਦਾ ਵਿਸ਼ਵਾਸ਼ ਦਿੱਤਾ ਹੈ।

## ਅਨਸਟੋਪੇਬਲ ਮਾਰਸ਼ਲ ਅਕੈਡਮੀ ਦੇ ਦੋ ਖਿਡਾਰੀ ਦੇਹਰਾਦੂਨ ਕਰਾਟੇ ਚੈਂਪੀਅਨਸ਼ਿਪ ਲਈ ਚੁਣੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਅਨਸਟੋਪੇਬਲ ਮਾਰਸ਼ਲ ਆਰਟ ਅਕੈਡਮੀ ਦੀਆਂ ਦੋ ਖਿਡਾਰਨਾਂ ਤਮੰਨਾ ਤੇ ਪ੍ਰਵੀਨ ਕੌਰ ਪੰਜਾਬ ਦੀ ਤਰਫੋਂ 8 ਮਈ ਤੋਂ 12 ਮਈ ਤੱਕ ਦੇਹਰਾਦੂਨ ਵਿਖੇ ਕਰਵਾਈ ਜਾ ਰਹੀ ਅੰਡਰ-21 ਸੀਨੀਅਰ ਕਰਾਟੇ ਚੈਂਪੀਅਨਸ਼ਿਪ 'ਚ ਭਾਗ ਲੈਣਗੀਆਂ। ਅੱਜ ਮੋਗਾ ਦੇ ਅਗਰਵਾਲ ਵੂਮੈਨ ਸੈੱਲ ਦੀ ਸੂਬਾ ਪ੍ਰਧਾਨ ਭਾਵਨਾ ਬਾਂਸਲ ਨੇ ਖਿਡਾਰੀਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਤੇ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਦੱਸਿਆ ਕਿ ਅਕੈਡਮੀ ਦੀ ਮੁੱਖ ਟਰੇਨਰ ਪ੍ਰਿਆ ਵਿਦਿਆਰਥੀਆਂ ਨੂੰ ਮਾਰਸ਼ਲ ਆਰਟ ਦੀ ਸਿਖਲਾਈ ਸਮੇਤ ਤਾਇਕਵਾਂਡੋ ਦੀ ਸਿਖਲਾਈ, ਜ਼ੁੰਬਾ ਤੇ ਯੋਗਾ ਦੀਆਂ ਕਲਾਸਾਂ ਦੀ ਮੁਫਤ ਸਿਖਲਾਈ ਤੇ ਕਲਾਸਾਂ ਦੇ ਰਹੀ ਹੈ। ਇਸ ਅਕੈਡਮੀ ਦੇ ਖਿਡਾਰੀ ਪਹਿਲਾਂ ਵੀ ਮੈਡਲ ਜਿੱਤ ਚੁੱਕੇ ਹਨ ਤੇ ਏਸ਼ੀਅਨ ਖੇਡਾਂ, ਦਿੱਲੀ ਵਿੱਚ ਵੀ ਆਪਣੀ ਖੇਡ ਦਾ ਪ੍ਰਦਰਸ਼ਨ ਕਰ ਚੁੱਕੇ ਹਨ। ਇਸ ਤੋਂ ਇਲਾਵਾ ਅਕਾਦਮਿਕ ਖਿਡਾਰੀ ਹਰਮਨਪ੍ਰੀਤ ਸਿੰਘ ਥਾਈਲੈਂਡ ਵਿੱਚ ਅੰਤਰਰਾਸ਼ਟਰੀ ਸੋਨ ਤਮਗਾ ਜੇਤੂ ਹੈ ਤੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਉਨ੍ਹਾਂ ਦੋਵਾਂ ਖਿਡਾਰਨਾਂ ਤਮੰਨਾ ਤੇ ਪ੍ਰਵੀਨ ਕੌਰ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਮਾਰਸ਼ਲ ਆਰਟ ਚੈਂਪੀਅਨਸ਼ਿਪ ਵਿੱਚ ਝੰਡਾ ਲਹਿਰਾਉਣ ਦਾ ਆਸ਼ੀਰਵਾਦ ਦਿੱਤਾ। ਉਨ੍ਹਾਂ ਦੀ ਤਰਫੋਂ ਦੋਵਾਂ ਖਿਡਾਰੀਆਂ ਦੀ ਯਾਤਰਾ, ਰਿਹਾਇਸ਼ ਤੇ ਹੋਰ ਤਰ੍ਹਾਂ ਦੇ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਅਕੈਡਮੀ ਦੀ ਟਰੇਨਰ ਪ੍ਰਿਆ ਨੇ ਦੱਸਿਆ ਕਿ ਉਹ ਮਾਸਟਰ ਕੇਹਰ ਸਿੰਘ ਦੀ ਚੇਲੀ ਹੈ ਤੇ ਇਸ ਤੋਂ ਪਹਿਲਾਂ ਮਾਸਟਰ ਕੇਹਰ ਸਿੰਘ ਵੱਲੋਂ ਅਕੈਡਮੀ ਚਲਾਈ ਜਾ ਰਹੀ ਸੀ, ਜਿਸ ਦੀ ਮੌਤ ਤੋਂ ਬਾਅਦ ਹੁਣ ਉਨ੍ਹਾਂ ਵੱਲੋਂ ਵਿਦਿਆਰਥੀਆਂ ਤੇ ਖਿਡਾਰੀਆਂ ਨੂੰ ਮੁਫ਼ਤ ਸਿਖਲਾਈ ਦਿੱਤੀ ਜਾ ਰਹੀ ਹੈ, ਆਪਣੇ ਪੈਰਾਂ 'ਤੇ ਖੜੇ ਹੋਣ ਲਈ ਪ੍ਰੇਰਿਤ ਕੀਤਾ।

## ਵਿਸ਼ਵਕਰਮਾ ਸਮਾਜ ਨੇ ਮਨਾਇਆ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਵਸ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਵਿਸ਼ਵਕਰਮਾ ਸਮਾਜ ਭਲਾਈ ਸਭਾ (ਰਜਿ) ਫ਼ਤਿਹਗੜ੍ਹ ਸਾਹਿਬ ਵੱਲੋਂ ਸਿੱਖ ਕੌਮ ਦੇ ਮਹਾਨ ਜਰਨੈਲ ਤੇ ਖਾਲਸਾ ਦੇ ਉਸਰਈਏ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਵਸ ਜੁਗਨੂੰ ਪੈਲੇਸ ਸਰਹਿੰਦ ਵਿਖੇ ਮਨਾਇਆ ਗਿਆ, ਜਿਥੇ ਰਾਮਗੜ੍ਹੀਆ ਕੌਮ ਨੂੰ ਆ ਰਹੀਆਂ ਦਰਪੇਸ਼ ਮੁਸ਼ਕਲਾਂ 'ਤੇ ਵਿਚਾਰ ਚਰਚਾ ਕੀਤੀ ਗਈ ਅਤੇ ਪੰਜਾਬ ਸਰਕਾਰ ਦੇ ਇੱਕ ਮੰਤਰੀ ਲਾਲਜੀਤ ਸਿੰਘ ਭੁੱਲਰ ਵੱਲ ਰਾਮਗੜ੍ਹੀਆ ਤੇ ਸੁਨਿਆਰ ਜਾਤੀ ਪ੍ਰਤੀ ਅਪਸ਼ਬਦ ਬੋਲਣ ਦੀ ਨਿਖੇਧੀ ਕਰਦਿਆਂ ਮਤਾ ਪਾਸ ਕੀਤਾ ਗਿਆ ਕਿ ਅਜਿਹੇ ਮਾਨਵਤਾ ਦੇ ਦੋਖੀਆਂ ਨੂੰ ਸੰਗਤਾਂ ਮੂੰਹ ਨਾ ਲਾਉਣ।ਮੁੱਖ ਬੁਲਾਰੇ ਬਲਵਿੰਦਰ ਸਿੰਘ ਮੁਲਤਾਨੀ ਪ੍ਰਧਾਨ ਓ.ਬੀ.ਸੀ ਫੈਡਰੇਸ਼ਨ ਨੇ ਅੰਕੜਿਆਂ ਦੇ ਆਧਾਰ ਤੇ ਸਰਕਾਰਾਂ ਵੱਲੋਂ ਰਿਜ਼ਰਵੇਸ਼ਨ ਨਾ ਦਿੱਤੇ ਜਾਣ ਤੇ ਵਿਸ਼ਵਕਰਮਾ ਸਮਾਜ ਨੂੰ ਅਣਗੌਲਿਆ ਕਰਨ ਦੇ ਦੋਸ਼ ਲਾਏ।ਪ੍ਰਸਿੱਧ ਲੇਖਕ ਗੁਰਬਚਨ ਸਿੰਘ ਵਿਰਦੀ ਨੇ ਜੱਸਾ ਸਿੰਘ ਰਾਮਗੜ੍ਹੀਆ ਦੇ ਇਤਿਹਾਸ ਤੇ ਜੀਵਨ 'ਤੇ ਝਾਤ ਪਾਈ, ਜਦੋਂਕਿ ਚੇਅਰਮੈਨ ਹਰਜੀਤ ਸਿੰਘ ਤਰਖਾਣਮਾਜਰਾ ਨੇ ਆਪਣੀਆਂ ਹੱਕੀ ਮੰਗਾਂ ਲਈ ਸੰਘਰਸ਼ ਕਰਨ ਗੱਲ ਕੀਤੀ।ਇਸ ਮੌਕੇ ਪ੍ਰਧਾਨ ਜਸਵੰਤ ਸਿੰਘ ਨੇ ਸਾਰੀਆਂ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਵਿਸ਼ਵਕਰਮਾ ਸਮਾਜ ਭਲਾਈ ਸਭਾ ਵੱਲੋਂ ਕੀਤੀ ਗਏ ਮਾਨਵਤਾ ਤੇ ਰਾਮਗੜ੍ਹੀਆ ਬਰਾਦਰੀ ਦੇ ਭਲਾਈ ਦੇ ਕੰਮਾਂ ਦਾ ਵਰਣਨ ਕੀਤਾ।ਇਸ ਮੌਕੇ ਹਰਨਰਾਇਣ ਸਿੰਘ ਲੌਂਗੋਵਾਲ ਦੇ ਢਾਡੀ ਜਥੇ ਤੇ ਜਸਬੀਰ ਸਿੰਘ ਚਮਕੌਰ ਸਾਹਿਬ ਦੇ ਕਵੀਸਰੀ ਜਥੇ ਨੇ ਸਿੱਖ ਕੌਮ ਦੇ ਮਹਾਨ ਨਾਇਕ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆਂ ਦੀਆਂ ਵਾਰਾਂ ਗਾਇਨ ਕਰਕੇ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ।ਸਮਾਗਮ ਵਿੱਚ 'ਆਪ' ਦੇ ਹਲਕਾ ਲੋਕ ਸਭਾ ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ, ਵਿਧਾਇਕ ਲਖਵੀਰ ਸਿੰਘ ਰਾਏ, ਸ਼ਰਨਜੀਤ ਸਿੰਘ ਚਨਾਰਥਲ ਪ੍ਰਧਾਨ ਅਕਾਲੀ ਦਲ ਨੇ ਵੀ ਹਾਜਰੀ ਲਵਾਈ।

# ਮੈਂ ਸਿਰਫ਼ ਫ਼ਰੀਦਕੋਟ ਦੀ ਹੀ ਨਹੀਂ, ਸਮੁੱਚੇ ਪੰਜਾਬ ਦੀ ਆਵਾਜ਼ ਬਣਾਂਗਾ : ਹੰਸਰਾਜ ਹੰਸ



**ਮੋਗਾ (ਇਕਬਾਲ ਸਿੰਘ ਖਹਿਰਾ)**-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਲੋਕਾਂ ਤੇ ਕਿਸਾਨਾਂ ਦੇ ਦਰਦ ਨੂੰ ਉਨ੍ਹਾਂ ਦੇ ਦਿਲਾਂ ਵਿੱਚ ਵਸਾਉਣ ਲਈ ਮੈਨੂੰ ਫੋਨ ਕਰਕੇ ਪੰਜਾਬ ਦੇ ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਚੋਣ ਲੜਨ ਲਈ ਭੇਜਿਆ ਹੈ, ਜਦੋਂ ਕਿ ਮੈਂ ਦਿੱਲੀ ਤੋਂ ਵੀ ਚੋਣ ਲੜ ਸਕਦਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੰਜਾਬ ਦੇ ਲੋਕਾਂ ਤੇ ਕਿਸਾਨਾਂ ਲਈ ਜੋ ਦਰਦ ਹੈ, ਉਸ ਨੂੰ ਸਮਝਦੇ ਹੋਏ ਪੰਜਾਬ ਦੇ ਲੋਕਾਂ ਅਤੇ ਕਿਸਾਨਾਂ ਨੂੰ ਦੇਸ਼ ਦੀ ਵਾਗਡੋਰ ਤੀਜੀ ਵਾਰ ਪ੍ਰਧਾਨ ਮੰਤਰੀ ਨੂੰ ਸੌਂਪਣ ਲਈ ਸਹਿਯੋਗ ਕਰਨਾ ਚਾਹੀਦਾ ਹੈ, ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ਦੇ ਅਜਿਹੇ ਨਿੱਡਰ ਨੇਤਾ ਹਨ, ਜੋ ਰਾਸ਼ਟਰੀ ਮੁੱਦਿਆਂ ਤੇ ਵਿਦੇਸ਼ ਨੀਤੀ ਬਾਰੇ ਦਲੇਰੀ ਨਾਲ ਫੈਸਲੇ ਲੈਣ ਅਤੇ ਉਨ੍ਹਾਂ ਨੂੰ ਲਾਗੂ ਕਰਨ ਦੇ ਸਮਰੱਥ ਹਨ, ਜਦੋਂ ਕਿ ਅੱਜ ਤੱਕ ਦੇਸ਼ ਦੇ ਕੇਂਦਰ ਵਿੱਚ ਬਣੀਆਂ ਸਰਕਾਰਾਂ ਕੋਲ ਕੋਈ ਵੀ ਅਜਿਹਾ ਆਗੂ ਨਹੀਂ ਹੈ, ਜਿਸ ਕਾਰਨ ਸਾਡਾ ਦੇਸ਼ ਭਾਰਤ ਕਈ ਸਾਲਾਂ ਤੱਕ ਤਰੱਕੀ ਤੇ ਵਿਕਾਸ ਪੱਖੋਂ ਮਜ਼ਬੂਤ ਨਹੀਂ ਬਣ ਸਕਿਆ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਭਾਜਪਾ ਦੇ ਉਮੀਦਵਾਰ ਅਤੇ ਸੰਸਦ ਮੈਂਬਰ ਹੰਸਰਾਜ ਹੰਸ ਨੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਸੀਮਾਂਤ ਗਰਗ ਦੀ ਅਗਵਾਈ ਹੇਠ ਪ੍ਰੈੱਸ ਮਿਲਣੀ ਨੂੰ ਸੰਬੋਧਨ ਕਰਦਿਆਂ ਕੀਤਾ। ਇਸ ਮੌਕੇ ਭਾਜਪਾ ਦੇ ਸੀਨੀਅਰ ਆਗੂ ਨਿਰਧਕ ਸਿੰਘ ਬਰਾੜ, ਸਾਬਕਾ ਵਿਧਾਇਕ ਡਾ. ਹਰਜੋਤ ਕਮਲ, ਫ਼ਰੀਦਕੋਟ ਲੋਕ ਸਭਾ ਹਲਕੇ ਦੇ ਸਹਿ ਇੰਚਾਰਜ ਵਿਜੇ ਸ਼ਰਮਾ, ਫ਼ਰੀਦਕੋਟ ਲੋਕ ਸਭਾ ਹਲਕੇ ਦੇ ਆਈ.ਟੀ. ਸੈੱਲ ਇੰਚਾਰਜ ਦੇਵਪ੍ਰਿਆ ਤਿਆਗੀ, ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਤੇ ਸਾਬਕਾ ਐੱਸ.ਪੀ. ਮੁਖਤਿਆਰ ਸਿੰਘ, ਜਨਰਲ ਸਕੱਤਰ ਵਿੱਕੀ ਸੀ ਤਾਰਾ, ਜਨਰਲ ਸਕੱਤਰ ਰਾਹੁਲ ਗਰਗ, ਮਹਿਲਾ ਮੋਰਚਾ ਦੀ ਸੂਬਾਈ ਆਗੂ ਸਰਪੰਚ ਮਨਿੰਦਰ ਕੌਰ ਸਲੀਨਾ, ਸਟੇਜ ਸੰਚਾਲਕ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਕੇਸ਼ ਸ਼ਰਮਾ, ਸੀਨੀਅਰ ਆਗੂ ਰਾਕੇਸ਼ ਭੱਲਾ, ਭਾਜਪਾ ਯੁਵਾ ਮੋਰਚਾ ਦੇ ਜ਼ਿਲ੍ਹਾ ਪ੍ਰਧਾਨ ਰਾਜਨ ਸੂਦ, ਜਨਰਲ ਸਕੱਤਰ ਕਸ਼ਿਸ਼ ਧਮੀਜਾ, ਆਈ.ਟੀ. ਸੈਲ ਦੇ ਇੰਚਾਰਜ ਮੁਕੇਸ਼ ਸ਼ਰਮਾ, ਮੰਡਲ ਪ੍ਰਧਾਨ ਅਮਿਤ ਗੁਪਤਾ, ਮੀਤ ਪ੍ਰਧਾਨ ਸੋਨੀ ਮੰਗਲਾ, ਭੁਪਿੰਦਰ ਹੈਪੀ, ਹੇਮੰਤ ਸੂਦ, ਜਤਿੰਦਰ ਚੱਢਾ, ਬਾਘਾਪੁਰਾਣਾ ਮੰਡਲ ਪ੍ਰਧਾਨ ਦੀਪਕ ਤਲਵਾੜ ਅਤੇ ਵੱਡੀ ਗਿਣਤੀ ਵਿੱਚ ਭਾਜਪਾ ਅਧਿਕਾਰੀ ਹਾਜ਼ਰ ਸਨ। ਸਾਂਸਦ ਹੰਸਰਾਜ ਹੰਸ ਨੇ ਕਿਹਾ ਕਿ ਕਿਸਾਨ ਇਕੱਲੇ ਫਰੀਦਕੋਟ ਹਲਕੇ ਤੋਂ ਮੇਰਾ ਵਿਰੋਧ ਕਿਉਂ ਕਰ ਰਹੇ ਹਨ, ਜਦੋਂ ਕਿ ਪੰਜਾਬ ਵਿੱਚ 13 ਲੋਕ ਸਭਾ ਹਲਕੇ ਹਨ ਪਰ ਕਿਸੇ ਵੀ ਹਲਕੇ ਵਿੱਚ ਏਨਾ ਵਿਰੋਧ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਂ ਪ੍ਰਧਾਨ ਮੰਤਰੀ ਤੇ ਕਿਸਾਨਾਂ ਦੇ ਮਸਲਿਆਂ ਨੂੰ ਸੁਲਝਾਉਣ ਵਿੱਚ ਕੜੀ ਵਜੋਂ ਕੰਮ ਕਰ ਸਕਦਾ ਹਾਂ, ਪਰ ਧਰਨਾਕਾਰੀ ਕਿਸਾਨੀ ਮਸਲਿਆਂ ਨੂੰ ਹੱਲ ਕਰਨ ਵੱਲ ਨਹੀਂ ਵਧ ਰਹੇ, ਸਗੋਂ ਕਿਸਾਨਾਂ ਦੇ ਮਸਲਿਆਂ ਨੂੰ ਉਲਝਾਉਣ ਵੱਲ ਵਧ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਨੌਂ ਰਾਜ ਸਭਾ ਮੈਂਬਰ ਦਿੱਲੀ ਭੇਜੇ ਤੇ ਕਿਸੇ ਵਿੱਚ ਵੀ ਪੰਜਾਬ ਦੇ ਮੁੱਦੇ ਉਠਾਉਣ ਦੀ ਹਿੰਮਤ ਨਹੀਂ ਹੈ।

## ਚੋਣਾਂ ਤੋਂ ਪਹਿਲਾਂ ਵਾਅਦੇ ਕੀਤੇ ਜਾਂਦੇ ਹਨ, ਪਰ ਸਰਕਾਰ ਬਣਨ ਤੋਂ ਬਾਅਦ ਨਿਭਾਏ ਨਹੀਂ ਜਾਂਦੇ : ਸਿਮਰਨਜੀਤ ਸਿੰਘ ਮਾਨ

**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਆਪਣੀ ਬੱਗੂਆਣਾ (ਸੰਗਰੂਰ) ਸਥਿਤ ਰਿਹਾਇਸ਼ ਤੋਂ ਪ੍ਰੈਸ ਦੇ ਨਾਂਅ ਬਿਆਨ ਜਾਰੀ ਕਰਦਿਆਂ ਕਿਹਾ ਕਿ ਹਰ ਵਾਰ ਸਿਆਸੀ ਪਾਰਟੀਆਂ ਵੱਲੋਂ ਮੁਲਾਜ਼ਮਾਂ ਨਾਲ ਚੋਣਾਂ ਤੋਂ ਪਹਿਲਾਂ ਅਨੇਕਾਂ ਵਾਅਦੇ ਕੀਤੇ ਜਾਂਦੇ ਹਨ, ਪਰ ਸੱਤਾ ਹਾਸਲ ਹੁੰਦੇ ਹੀ ਵਾਅਦਿਆਂ ਨੂੰ ਅਮਲੀ ਰੂਪ ਨਹੀਂ ਦਿੱਤਾ ਜਾਂਦਾ।ਇਸੇ ਤਰ੍ਹਾਂ ਹੀ ਲੋਕਾਂ ਵੱਲੋਂ ਚੁਣੇ ਜਾਣ ਵਾਲੇ ਨੁਮਾਇੰਦਿਆਂ ਪੰਚਾਂ, ਸਰਪੰਚਾਂ, ਬਲਾਕ ਸੰਮਤੀ ਮੈਂਬਰਾਂ, ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਨਾਲ ਵੀ ਸਹੂਲਤਾਂ ਦੇਣ ਸਮੇਂ ਪੱਖਪਾਤ ਕੀਤਾ ਜਾਂਦਾ।ਮਾਨ ਨੇ ਕਿਹਾ ਕਿ ਹਰ ਵਾਰ ਚੋਣਾਂ ਤੋਂ ਪਹਿਲਾਂ ਮੁਲਾਜ਼ਮਾਂ ਨੂੰ ਵਿਸ਼ਵਾਸ ਦਿਵਾਇਆ ਜਾਂਦਾ ਹੈ ਕਿ ਤੁਹਾਡੀ ਮੁੱਖ ਮੰਗ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਕਰਵਾਈ ਜਾਵੇਗੀ, ਜੋ ਪਿਛਲੇ 4-5 ਸਾਲਾਂ ਤੋਂ ਮੁਲਾਜ਼ਮਾਂ ਦੇ ਡੀਏ ਦਾ ਬਕਾਇਆ ਖੜਾ ਹੈ, ਉਸ ਨੂੰ ਬਿਨਾਂ ਦੇਰੀ ਤੋਂ ਜਾਰੀ ਕੀਤਾ ਜਾਵੇਗਾ ਤੇ ਨਵਾਂ ਵਾਧਾ ਵੀ ਟਾਈਮ ਸਿਰ ਲਾਗੂ ਕੀਤਾ ਜਾਵੇਗਾ, ਪਰ ਜਦੋਂ ਸਰਕਾਰ ਬਣ ਜਾਂਦੀ ਹੈ ਤਾਂ ਪੈਨਸ਼ਨ ਬਹਾਲੀ ਅਤੇ ਡੀਏ ਦਾ ਬਕਾਇਆ ਦੇਣ ਸਬੰਧੀ ਨੋਟੀਫਿਕੇਸ਼ਨ ਤੱਕ ਵੀ ਜਾਰੀ ਕਰਨਾ ਮੁਨਾਸਿਬ ਨਹੀਂ ਸਮਝਿਆ ਜਾਂਦਾ।ਹੱਦ ਤਾਂ ਉਦੋਂ ਲੰਘ ਜਾਂਦੀ ਹੈ, ਜਦੋਂ ਕੁੱਝ ਮਹਿਕਮਿਆਂ ਦੇ ਮੁਲਾਜ਼ਮਾਂ ਨੂੰ ਤਾਂ ਛੇ-ਛੇ ਮਹੀਨੇ ਤੱਕ ਤਨਖਾਹਾਂ ਵੀ ਨਹੀਂ ਦਿੱਤੀਆਂ ਜਾਂਦੀਆਂ।ਮਾਨ ਨੇ ਕਿਹਾ ਕਿ ਪਟਵਾਰੀਆਂ, ਤਹਿਸੀਲਦਾਰਾਂ, ਕਾਨੂੰਗੋਆਂ ਤੇ ਸਹਿਕਾਰੀ ਮਹਿਕਮਿਆਂ ਦੇ ਜੋ ਏ.ਆਰ. ਹਨ, ਉਨ੍ਹਾਂ ਨੂੰ ਸਰਕਾਰ ਵੱਲੋਂ ਤਿੰਨ-ਤਿੰਨ, ਚਾਰ-ਚਾਰ ਵਾਧੂ ਹਲਕੇ ਦਿੱਤੇ ਹੋਏ ਹਨ।ਅਜਿਹੇ ਹਾਲਾਤਾਂ ਵਿੱਚ ਉਹ ਆਪਣਾ ਕੰਮ ਸਹੀ ਤਰੀਕੇ ਨਾਲ ਕਿਵੇਂ ਕਰਨਗੇ।ਮਾਨ ਨੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਗੱਲ ਕਰਦਿਆਂ ਕਿਹਾ ਕਿ ਇੱਕ ਐੱਮ.ਪੀ ਤੇ ਐੱਮ.ਐੱਲ.ਏ. ਦੀ ਤਰ੍ਹਾਂ ਪਿੰਡ ਦਾ ਸਰਪੰਚ, ਪੰਚ, ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਤੇ ਨਗਰ ਕੌਂਸਲਰ ਵੀ ਲੋਕਾਂ ਦਾ ਚੁਣਿਆ ਹੋਇਆ ਨੁਮਾਇੰਦਾ ਹੁੰਦਾ ਹੈ।

ਜੇਕਰ ਇੱਕ ਐੱਮ.ਪੀ. ਜਾਂ ਐੱਮ.ਐੱਲ.ਏ. ਨੂੰ ਮੈਡੀਕਲ ਸਹੂਲਤਾਂ, ਵਹੀਕਲ, ਟੋਲ ਪਲਾਜ਼ੇ ਤੋਂ ਰਾਹਤ ਆਦੀ ਵੱਖ-ਵੱਖ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ ਤਾਂ ਪੰਚ, ਸਰਪੰਚ, ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਨਗਰ ਕੌਂਸਲਰ ਤੇ ਹੋਰ ਚੁਣੇ ਹੋਏ ਲੋਕ ਨੁਮਾਇੰਦਿਆਂ ਨੂੰ ਕਿਉਂ ਨਹੀਂ ਸਹੂਲਤਾਂ ਦਿੱਤੀਆਂ ਜਾਂਦੀਆਂ।ਕੀ ਇਹ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਨਾਲ ਭੇਦ ਭਾਵ ਨਹੀਂ।ਮਾਨ ਨੇ ਕਿਹਾ ਕਿ ਅਸੀਂ ਭੇਦ ਭਾਵ ਮੁਕਤ ਸਾਰਿਆਂ ਲਈ ਬਰਾਬਰ ਹੱਕਾਂ ਵਾਲੇ ਖੁਸ਼ਹਾਲ ਪੰਜਾਬ ਦੀ ਸਿਰਜਣਾ ਦਾ ਸੁਪਨਾ ਸੰਜੋਇਆ ਹੈ, ਜਿਸ ਲਈ ਸਮੂਹ ਪੰਜਾਬੀਆਂ ਦੇ ਸਾਥ ਦੀ ਲੋੜ ਹੈ।

# 'ਆਪ' ਪ੍ਰਾਪਤੀਆਂ ਦੀ ਸਿਆਸਤ ਕਰਦੀ : ਪਵਨ ਟੀਨੂੰ



**ਜਲੰਧਰ (ਨ ਜ਼ ਸ)**-ਲੋਕ ਸਭਾ ਹਲਕਾ ਜਲੰਧਰ ਤੋਂ ਆਮ ਆਦਮੀ ਪਾਰਟੀ ਦੇ ਜੁਝਾਰੂ ਉਮੀਦਵਾਰ ਪਵਨ ਟੀਨੂੰ ਵੱਲੋਂ ਜਲੰਧਰ ਉਤਰੀ ਹਲਕੇ ਦੇ 73 ਨੰਬਰ ਵਾਰਡ ਦੀਆਂ ਵੱਖ-ਵੱਖ ਥਾਵਾਂ ਸਮੇਤ ਕਾਲੀਆ ਕਾਲੋਨੀ ਦੇ ਫੇਜ਼-2 ਵਿੱਚ ਵੀ ਭਰਵੀਆਂ ਰੈਲੀਆਂ ਕੀਤੀਆਂ ਗਈਆਂ। ਚੋਣਾਂ ਦੀ ਇਸ ਭਖਵੀਂ ਮੁਹਿੰਮ ਦੌਰਾਨ ਪਵਨ ਟੀਨੂੰ ਨੇ ਵੋਟਰਾਂ ਨੂੰ ਬਿਆਨਬਾਜ਼ੀ ਦੇ ਆਦੀ ਵਿਰੋਧੀਆਂ ਤੋਂ ਸੁਚੇਤ ਕਰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਸਿਰਫ ਪ੍ਰਾਪਤੀਆਂ ਦੀ ਸਿਆਸਤ ਕਰਦੀ ਹੈ। ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਸਿਰਫ 2 ਸਾਲਾਂ ਵਿੱਚ ਹੀ ਬਿਜਲੀ ਦੇ ਜ਼ੀਰੋ ਬਿੱਲ ਨੀਤੀ ਨੇ ਖਪਤਾਕਾਰਾਂ ਦੇ ਹਜ਼ਾਰਾਂ ਰੁਪਏ ਦੀ ਬਚਤ ਕਰਵਾਈ ਹੈ। ਪਵਨ ਟੀਨੂੰ ਨੇ ਅੱਗੇ ਦਸਿਆ ਕਿ 43 ਹਜ਼ਾਰ ਤੋਂ ਵਧੇਰੇ ਸਰਕਾਰੀ ਨੌਕਰੀਆਂ ਯੋਗਤਾ ਦੇ ਅਧਾਰ 'ਤੇ ਦੇ ਕੇ ਜਿਥੇ ਸ਼ਿਫਾਰਸ਼ੀ ਤੇ ਭ੍ਰਿਸ਼ਟ ਰੁਝਾਨ ਨੂੰ ਖਤਮ ਕੀਤਾ ਗਿਆ ਹੈ ਉਥੇ ਹਮਾਤੜ ਪਰਵਾਰਾਂ ਦੇ ਯੋਗਤਾਵਾਨ ਬੱਚਿਆਂ ਦੇ ਸੁਫਨੇ ਸਾਕਾਰ ਕੀਤੇ ਗਏ। ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਨੂੰ ਉਤਸ਼ਾਹ ਨਾਲ ਸੁਣ ਰਹੇ ਸਰੋਤਿਆਂ ਨੂੰ ਪਵਨ ਟੀਨੂੰ ਨੇ ਅੱਗੇ ਦੱਸਿਆ ਕਿ ਮਾਨ ਸਰਕਾਰ ਵੱਲੋਂ ਇਕ ਵਿਧਾਇਕ ਇਕ ਪੈਨਸ਼ਨ ਬਾਰੇ ਅਸੰਬਲੀ ਵਿੱਚ ਪਾਸ ਕੀਤਾ ਗਿਆ ਮਤਾ ਵਿਰੋਧੀ ਲੀਡਰਾਂ ਨੂੰ ਹਾਲੇ ਵੀ ਕਿਤੇ ਨਾ ਕਿਤੇ ਟੀਸ ਦੇ ਰਿਹਾ ਹੈ ਤਾਂ ਹੀ ਵਿਰੋਧੀ ਆਗੂ ਬਿਆਨਬਾਜ਼ੀ ਦਾ ਕੋਈ ਮੌਕਾ ਨਹੀਂ ਖੁੰਝਾਉਂਦੇ ਪਰ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਤੇ ਹਮੇਸ਼ਾਂ ਆਪਣੀਆਂ ਪ੍ਰਾਪਤੀਆਂ ਦੇ ਅਧਾਰ 'ਤੇ ਹੀ ਸਿਆਸਤ ਕਰਦੀ ਰਹੇਗੀ।

ਪਵਨ ਟੀਨੂੰ ਨੇ ਕਿਹਾ ਕਿ 4 ਜੂਨ ਤੋਂ ਬਾਅਦ ਜਦੋਂ ਚੋਣਾ ਦੀ ਦੌੜ-ਭੱਜ ਖਤਮ ਹੋ ਜਾਏਗੀ ਤਾਂ ਪੰਜਾਬ ਦੀ ਭਗਵੰਤ ਸਿੰਘ ਮਾਨ ਸਰਕਾਰ ਫੇਰ ਤੋਂ ਆਪਣੇ ਲੋਕ ਹਿਤੂ ਕਾਰਜਾਂ ਦੀ ਹਨੇਰੀ ਲਿਆਏਗੀ। ਪਵਨ ਟੀਨੂੰ ਦਾ ਜਲੰਧਰ ਉਤਰੀ ਹਲਕੇ ਵਿੱਚ ਪੈਂਦੇ ਲੰਬਾ ਪਿੰਡ ਤੇ ਵਾਰਡ 73 ਦੇ ਵੱਖ-ਵੱਖ ਇਲਾਕਿਆਂ ਵਿੱਚ ਹੋਰਨਾਂ ਤੋਂ ਇਲਾਵਾ ਬਲਦੇਵ ਬੌਬੀ, ਕੇਵਲ ਕ੍ਰਿਸ਼ਨ ਕਾਲਾ, ਬਲਦੇਵ ਰਾਜ, ਬਿੰਨੀ ਜੱਜ, ਸੋਨੂ, ਅਮਰੀਕ, ਰਾਮਸਰਨ, ਜਗੀਰ ਸਿੰਘ, ਜਗਤਾਰ ਸਿੰਘ ਹੈਪੀ, ਰਾਜਾ, ਜੋਗਾ ਸਿੰਘ, ਮਹਿੰਦਰ ਸਿੰਘ, ਹਰਜਿੰਦਰ ਸਿੰਘ, ਗਿਆਨ ਸਿੰਘ, ਕੁਲਦੀਪ ਸਿੰਘ, ਮਨਮੋਹਨ ਸਿੰਘ, ਦਵਿੰਦਰ ਸਿੰਘ, ਬਲਬੀਰ ਸਿੰਘ, ਮੋਹਨ ਸਿੰਘ, ਕੁਲਵਿੰਦਰ ਸਿੰਘ, ਮੇਜਰ ਸਿੰਘ, ਜਰਨੈਲ ਸਿੰਘ, ਜਸਵੰਤ ਸਿੰਘ ਤੇ ਹੋਰ ਬਹੁਤ ਸਾਰੇ ਆਗੂਆਂ ਨੇ ਸਵਾਗਤ ਕੀਤਾ।

# ਤਲਵੰਡੀ ਸਾਬੋ 'ਚ ਧੜੱਲੇ ਨਾਲ ਚੱਲ ਰਿਹੈ ਦੜੇ ਸੱਟੇ ਤੇ ਨਸ਼ੇ ਦਾ ਕਾਰੋਬਾਰ

**ਤਲਵੰਡੀ ਸਾਬੋ (ਜਗਦੀਪ ਗਿੱਲ)**-ਪ੍ਰਸ਼ਾਸਨਕ ਤੇ ਕੁੱਝ ਸਿਆਸੀ ਆਗੂਆਂ ਦੇ ਕਥਿਤ ਨਾਪਾਕ ਗੱਠਜੋੜ ਦੇ ਚਲਦਿਆਂ ਸ਼ਹਿਰ ਅੰਦਰ ਕਥਿਤ ਸੱਟਾ ਕਾਰੋਬਾਰੀਆਂ ਵੱਲੋਂ ਮਨ ਆਈਆਂ ਕੀਤੇ ਜਾਣ ਦੀ ਖ਼ਬਰ ਦੱਬੇ ਪੈਰੀਂ ਬਾਹਰ ਆ ਰਹੀ ਹੈ। ਪਤਾ ਲੱਗਿਆ ਹੈ ਕਿ ਜਿੱਥੇ ਛੋਟੀਆਂ ਛੋਟੀਆਂ ਦੁਕਾਨਾਂ ਕਰਨ ਦਾ ਵਿਖਾਵਾ ਕਰ ਰਹੇ ਕੁੱਝ ਕੁ ਦੁਕਾਨਦਾਰਾਂ ਵੱਲੋਂ ਦੜੇ ਸੱਟੇ ਦੇ ਕਾਰੋਬਾਰ ਰਾਹੀਂ ਗ਼ਰੀਬ ਲੋਕਾਂ ਨੂੰ ਛੇਤੀ ਅਮੀਰ ਹੋਣ ਦੇ ਸੁਪਨੇ ਵਿਖਾ ਕੇ ਲੁੱਟਿਆ ਜਾ ਰਿਹਾ ਹੈ, ਉੱਥੇ ਨਸ਼ੇ ਦੇ ਸੌਦਾਗਰਾਂ ਵੱਲੋਂ ਵੀ ਸ਼ਹਿਰ ਦੇ ਹਰ ਗਲੀ ਮੁਹੱਲੇ ਵਿੱਚ ਨਸ਼ਿਆਂ ਦੇ ਰੂਪ ਵਿੱਚ ਖੁੱਲੇਆਮ ਮੌਤ ਵੰਡੀ ਜਾ ਰਹੀ ਹੈ, ਜਿਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਪਿਛਲੇ ਕੁਝ ਹਫਤਿਆਂ ਵਿੱਚ ਹੀ ਕਈ ਨੌਜਵਾਨਾਂ ਦੀਆਂ ਅਣਆਈ ਜਾਨਾਂ ਜਾ ਚੁੱਕੀਆਂ ਹਨ। ਇਹ ਵੀ ਕਨਸੋਅ ਮਿਲੀ ਹੈ ਕਿ ਕੁਝ ਕੁ ਸੱਟਾ ਕਾਰੋਬਾਰੀ ਤਾਂ ਗ਼ਰੀਬ ਲੋਕਾਂ ਵੱਲੋਂ ਲਾਈ ਵੱਡੀ ਰਕਮ ਵਾਲਾ ਨੰਬਰ ਖੁੱਲ੍ਹਣ 'ਤੇ ਭੁਗਤਾਨ ਕਰਨ ਤੋਂ ਇਹ ਕਹਿ ਕੇ ਵੀ ਪੱਲਾ ਝਾੜ ਜਾਂਦੇ ਹਨ ਕਿ ਤੁਹਾਡੇ ਵਾਲਾ ਨੰਬਰ ਮੈਂ ਅੱਗੇ ਬੋਲਣ ਤੋਂ ਹੀ ਭੁੱਲ ਗਿਆ ਸੀ, ਇਸ ਲਈ ਮੈਂ ਆਪਣੇ ਕੋਲੋਂ ਕਿਵੇਂ ਭੁਗਤਾਨ ਕਰ ਦੇਵਾਂ ਅਤੇ ਅਜਿਹਾ ਹੋਣ ਦੀ ਸੂਰਤ ਵਿੱਚ ਠੱਗਿਆ ਗਿਆ ਗ਼ਰੀਬ ਇਹ ਸੋਚ ਕੇ ਪੁਲਸ ਕੋਲ ਸ਼ਿਕਾਇਤ ਵੀ ਨਹੀਂ ਕਰਨ ਜਾਂਦਾ ਕਿ ਸੱਟਾ ਲਾਉਣ ਦੇ ਜੁਰਮ ਵਿੱਚ ਪੁਲਸ ਕਿਤੇ ਉਸ ਉੱਤੇ ਹੀ ਪਰਚਾ ਦਰਜ ਨਾ ਕਰ ਦੇਵੇ। ਆਪਣਾ ਨਾਮ ਗੁਪਤ ਰੱਖਦਿਆਂ ਇੱਕ ਮਹਿਲਾ ਨੇ ਦੱਸਿਆ ਕਿ ਇੱਕ ਸੱਟਾ ਕਾਰੋਬਾਰੀ ਉਸ ਦੇ ਦੋ ਵਾਰੀ ਖੁੱਲ੍ਹੇ ਦੋ ਨੰਬਰਾਂ ਦੇ ਕਰੀਬ ਅੱਠ ਲੱਖ ਰੁਪਏ ਇਹ ਕਹਿ ਕੇ ਮੁੱਕਰ ਗਿਆ ਕਿ ਉਹ ਨੰਬਰ ਅੱਗੇ ਬੋਲਣੇ ਭੁੱਲ ਗਿਆ ਸੀ। ਉਸ ਔਰਤ ਨੇ ਖੁਸ਼ੀ ਪ੍ਰਗਟ ਕਰਦਿਆਂ ਦੱਸਿਆ ਕਿ ਬੀਤੀ ਰਾਤ 5 ਮਈ ਨੂੰ ਰਾਤ ਦੇ ਨੌਂ ਵਜੇ ਖੁੱਲ੍ਹਣ ਵਾਲੇ ਸੱਟੇ ਵਿੱਚ ਉਕਤ ਸੱਟਾ ਕਾਰੋਬਾਰੀ ਨੂੰ ਇੱਕ ਲੱਖ ਸੱਠ ਹਜ਼ਾਰ ਰੁਪਏ ਦਾ ਭੁਗਤਾਨ ਆਪਣੇ ਕੋਲੋਂ ਕਰਨਾ ਪਿਆ, ਕਿਉਂਕਿ ਜਿਸ ਵਿਅਕਤੀ ਦਾ ਨੰਬਰ ਖੁੱਲ੍ਹਿਆ ਸੀ, ਉਹ ਖੁਦ ਗਰੀਬ ਨਾ ਹੋ ਕੇ 'ਡੰਡੇ ਵਾਲਾ' ਸੀ। ਉਸ ਔਰਤ ਨੇ ਇਹ ਵੀ ਦੱਸਿਆ ਕਿ ਉਕਤ ਵਿਅਕਤੀ ਦੇ ਸੱਟੇ ਦੇ ਪੈਸੇ ਵੀ ਪਹਿਲਾਂ ਤਾਂ ਇਹ ਕਾਰੋਬਾਰੀ ਮੁੱਕਰ ਗਿਆ ਸੀ ਅਤੇ ਕਹਿ ਦਿੱਤਾ ਸੀ ਕਿ ਉਹ ਅੱਗੇ ਨੰਬਰ ਬੋਲਣਾ ਭੁੱਲ ਗਿਆ ਹੈ, ਪਰ ਜਦੋਂ ਉਕਤ ਸੱਟਾ ਲਾਉਣ ਵਾਲੇ ਵਿਅਕਤੀ ਨੇ ਸੱਟਾ ਕਾਰੋਬਾਰੀ ਨੂੰ ਆਪਣੀ ਹੈਸੀਅਤ ਵਿਖਾਈ ਤਾਂ ਉਹ ਉਸ ਨੂੰ ਪੈਸੇ ਦੇਣੇ ਮੰਨ ਗਿਆ। ਕੁੱਝ ਵੀ ਹੋਵੇ, ਪਰ ਇਸ ਤਰ੍ਹਾਂ ਇਸ ਪਵਿੱਤਰ ਸ਼ਹਿਰ ਅੰਦਰ ਥਾਂ ਥਾਂ ਚਲਦੇ ਸੱਟੇ ਤੇ ਨਸ਼ੇ ਦੇ ਕਾਰੋਬਾਰ ਕਾਰਨ ਇਸ ਪਵਿੱਤਰ ਸ਼ਹਿਰ ਨੂੰ ਗ੍ਰਹਿਣ ਲੱਗਦਾ ਜਾ ਰਿਹਾ ਹੈ। ਆਉਣ ਵਾਲੀਆਂ ਨਸਲਾਂ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਚਿੰਤਿਤ ਲੋਕਾਂ ਦੀ ਮੰਗ ਹੈ ਕਿ ਸ਼ਹਿਰ ਵਿੱਚ ਚੱਲ ਰਹੇ ਦੜੇ ਸੱਟੇ ਤੇ ਨਸ਼ੇ ਦੇ ਕਾਰੋਬਾਰੀਆਂ ਤੇ ਸਖ਼ਤ ਕਾਰਵਾਈ ਕੀਤੀ ਜਾਵੇ।

**■ ਵੱਡੀ ਰਕਮ ਦਾ ਘਰ ਖੁੱਲ੍ਹਣ 'ਤੇ ਭੁਗਤਾਨ ਕਰਨ ਤੋਂ ਮੁੱਕਰ ਜਾਂਦੇ ਨੇ ਸੱਟਾ ਕਾਰੋਬਾਰੀ**

## ਗੁਰੂ ਹਰਸਹਾਏ ਹਲਕੇ 'ਚ ਪੋਲਿੰਗ ਸਟਾਫ਼ ਦੀ ਪਹਿਲੀ ਰਿਹਰਸਲ ਮੁਕੰਮਲ



**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਗੁਰੂ ਹਰਸਹਾਏ ਦੇ ਗੁੱਦੜਢੰਡੀ ਰੋਡ 'ਤੇ ਸਥਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਗਗਨਦੀਪ ਸਿੰਘ ਸਹਾਇਕ ਰਿਟਰਨਿੰਗ ਅਫਸਰ-ਕਮ-ਉਪ ਮੰਡਲ ਮੈਜਿਸਟ੍ਰੇਟ ਗੁਰੂ ਹਰਸਹਾਏ ਦੀ ਅਗਵਾਈ ਵਿੱਚ ਇਲੈਕਸ਼ਨ ਸੈੱਲ ਦੇ ਹਲਕਾ ਪੱਧਰੀ ਮਾਸਟਰ ਟ੍ਰੇਨਰਾਂ ਵੱਲੋਂ ਪਹਿਲੀ ਰੀਹਰਸਲ ਕਰਵਾਈ ਗਈ, ਜਿਸ ਵਿੱਚ ਤਹਿਸੀਲਦਾਰ ਰਜਿੰਦਰ ਸਿੰਘ, ਨਾਇਬ ਤਹਿਸੀਲਦਾਰ ਜੈ ਅਮਨਦੀਪ ਗੋਇਲ, ਬੀ.ਡੀ.ਪੀ.ਓ. ਪ੍ਰਭਦੀਪ ਸਿੰਘ, ਇਲੈਕਸ਼ਨ ਸੈੱਲ ਇੰਚਾਰਜ ਦੀਪਕ ਸ਼ਰਮਾ, ਗੁਰਵਿੰਦਰ ਸਿੰਘ ਗੋਲਡੀ, ਸੁਪਰਡੈਂਟ ਕੇਵਲ ਕ੍ਰਿਸ਼ਨ ਦੀ ਦੇਖ ਰੇਖ ਹੇਠ ਗੁਰੂ ਹਰਸਹਾਏ ਦੇ 218 ਪੋਲਿੰਗ ਬੂਥਾਂ 'ਤੇ ਤਾਇਨਾਤ ਕੀਤੇ ਜਾਣ ਵਾਲੇ ਪੋਲਿੰਗ ਕਰਮਚਾਰੀਆਂ ਦੀ ਮੌਕ ਪੋਲ, ਟੈਂਡਰ ਵੋਟ, ਚੈਲਿੰਜ ਵੋਟ, ਪੀ ਆਰ ਓ ਡਾਇਰੀ, ਪੋਲਿੰਗ ਪਾਰਟੀ ਦੀ ਕਾਰਜ ਪ੍ਰਣਾਲੀ, ਵੋਟਰ ਦੀ ਸ਼ਨਾਖਤ, ਕਾਨੂੰਨੀ ਦਸਤਾਵੇਜ਼ਾਂ ਦੀ ਜਾਣਕਾਰੀ ਤੋਂ ਇਲਾਵਾ ਵੋਟਿੰਗ ਮਸ਼ੀਨਾਂ ਦੀ ਵਰਕਿੰਗ ਬਾਰੇ ਜਾਣੂ ਕਰਵਾਇਆ ਗਿਆ।ਸਹਾਇਕ ਰਿਟਰਨਿੰਗ ਅਫਸਰ ਗਗਨਦੀਪ ਸਿੰਘ ਨੇ ਚੋਣ ਅਮਲੇ ਨੂੰ ਹਦਾਇਤ ਕੀਤੀ ਕਿ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਮੁੱਚੀ ਚੋਣ ਪ੍ਰਕਿਰਿਆ ਸ਼ਾਂਤੀਪੂਰਵਕ ਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚੜ੍ਹਾਈ ਜਾਵੇ।ਉਨ੍ਹਾਂ ਪੋਲਿੰਗ ਸਟਾਫ਼ ਨੂੰ ਕਿਹਾ ਕਿ ਉਹ ਇਹ ਯਕੀਨੀ ਬਣਾਉਣ ਕਿ ਲੋਕ ਪੋਲਿੰਗ ਵਾਲੇ ਦਿਨ ਇੱਕ ਜੂਨ ਨੂੰ ਨਿਰਪੱਖ ਢੰਗ ਨਾਲ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰ ਸਕਣ।ਉਨ੍ਹਾ ਦੱਸਿਆ ਪੰਜਾਬ ਭਰ ਦੇ ਪੋਲਿੰਗ ਸਟੇਸ਼ਨਾਂ 'ਤੇ ਮਤਦਾਨ ਦਾ ਸਮਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਨਿਸ਼ਚਿਤ ਕੀਤਾ ਗਿਆ ਹੈ।ਸਮੁੱਚੇ ਪੋਲਿੰਗ ਅਮਲੇ ਨੂੰ ਪ੍ਰੋਜੈਕਟਰਾਂ ਦੀ ਸਹਾਇਤਾ ਨਾਲ ਵੋਟਿੰਗ ਪ੍ਰੀਰਿਆ ਸਾਂਝੀ ਕੀਤੀ ਗਈ।ਲੋਕ ਸਭਾ ਚੋਣਾਂ ਦੇ ਪਲੇਠੇ ਸਮਾਗਮ ਵਿੱਚ ਅਮਲੇ ਦੇ ਬੈਠਣ, ਹਾਜ਼ਰੀ ਲਗਾਉਣ, ਚੋਣ ਡਿਊਟੀ ਫਾਰਮ ਕੁਲੈਕਸ਼ਨ ਸੈਂਟਰ, ਮੈਡੀਕਲ ਸਹਾਇਤਾ, ਵੈੱਲਫੇਅਰ ਹੈਲਪ ਡੈਸਕ, ਪੁਖਤਾ ਰਿਫਰੈਸ਼ਮੈਂਟ ਸਹੂਲਤ ਮੁਹੱਈਆ ਕਰਵਾਈ ਗਈ।ਇਸ ਮੌਕੇ ਹਲਕੇ ਦੇ ਸੈਕਟਰ ਅਫਸਰ ਤੇ ਇਲੈਕਸ਼ਨ ਸੈੱਲ ਦਾ ਸਮੁੱਚਾ ਅਮਲਾ ਹਾਜ਼ਰ ਸੀ।

## ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਵਸ



**ਮੋਗਾ (ਇਕਬਾਲ ਸਿੰਘ ਖਹਿਰਾ)**

ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 301ਵਾਂ ਜਨਮ ਦਿਨ ਮਨਾਉਣ ਲਈ ਜੱਸਾ ਸਿੰਘ ਰਾਮਗੜ੍ਹੀਆ ਚੌਂਕ-ਕੋਟਕਪੂਰਾ ਬਾਈਪਾਸ ਵਿਖੇ ਵਿਸ਼ੇਸ ਇਕੱਤਰਤਾ ਹੋਈ, ਜਿਸ ਵਿੱਚ ਬਲਜੀਤ ਸਿੰਘ ਚੰਨੀ ਮੇਅਰ ਨਗਰ ਨਿਗਮ, ਡਾਕਟਰ ਹਰਜੋਤ ਕਮਲ ਸਾਬਕਾ ਵਧਾਇਕ, ਹਰਮੇਲ ਸਿੰਘ ਡਰੋਲੀਭਾਈ ਪ੍ਰਧਾਨ ਰਾਮਗੜ੍ਹੀਆ, ਵੈਲਫੇਅਰ ਸੁਸਾਇਟੀ, ਸਾਬਕਾ ਪ੍ਰਧਾਨ ਰਾਜਾ ਸਿੰਘ ਭਾਰਤ ਵਾਲੇ, ਚਮਕੌਰ ਸਿੰਘ ਝੰਡੇਆਣਾ, ਮਾਸਟਰ ਇੰਦਰਜੀਤ ਸਿੰਘ, ਗੁਰਦਰਸ਼ਨ ਸਿੰਘ, ਪ੍ਰਿਤਪਾਲ ਸਿੰਘ ਉਂਕਾਰਵਾਲੇ ਤੇ ਵੱਡੀ ਗਿਣਤੀ ਵਿਚ ਸੁਸਾਇਟੀ ਮੈਂਬਰ ਸ਼ਾਮਲ ਹੋਏ। ਸਮਾਗਮ ਦਾ ਆਰੰਭ ਕਰਦਿਆਂ ਗੁਰਦਵਾਰਾ ਵਿਸ਼ਵਕਰਮਾ ਦੇ ਭਾਈ ਚਮਕੌਰ ਸਿੰਘ ਨੇ ਅਰਦਾਸ ਕੀਤੀ ਤੇ ਬੋਲੇ ਸੋ ਨਿਹਾਲ ਦੇ ਜੈਕਾਰੇ ਲਾਏ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਬੁੱਤ ਤੇ ਫੁੱਲਾਂ ਦੇ ਗੁਲਦਸਤੇ ਤੇ ਫੁੱਲ ਅਰਪਿਤ ਕੀਤੇ। ਇਸ ਮੌਕੇ ਖੁਸ਼ੀ ਵਿੱਚ ਲੱਡੂ ਵੰਡੇ ਗਏ। ਇਸ ਉਪਰੰਤ ਵਿਸ਼ਵਕਰਮਾ ਭਵਨ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਹਿਜ ਪਾਠ ਆਰੰਭ ਕੀਤਾ ਗਿਆ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮਦਿਨ ਨੂੰ ਸਮਰਪਤ ਮੁੱਖ ਸਮਾਗਮ 19 ਮਈ ਨੂੰ ਭੋਗ ਉਪਰੰਤ ਕਰਾਇਆ ਜਾਵੇਗਾ, ਜਿਸ ਵਿੱਚ ਕੀਰਤਨ ਤੇ ਢਾਡੀ ਵਾਰਾਂ ਪੇਸ਼ ਕੀਤੀਆਂ ਜਾਣਗੀਆਂ।

**ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀ.ਆਰ.ਟੀ 3)**
**ਧਰਾਤਲ ਮੰਜ਼ਲ, ਐੱਸ ਸੀ ਓ 33-34-35, ਸੈਕਟਰ 17 ਏ, ਚੰਡੀਗੜ੍ਹ-160017**

ਕੇਸ ਨੰ. ਓ ਏ/2129/2019

ਕਰਜ਼ਾ ਵਸੂਲੀ ਟ੍ਰਿਬਿਊਨਲ (ਵਿਧੀ) ਰੂਲਜ਼, 1993 ਦੇ ਰੂਲ 5 ਦੇ ਸਬ-ਰੂਲ (2 ਏ) ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਤਹਿਤ ਸੰਮਨ

ਈ ਐਕਸ ਐਚ ਨੰ. 14062

ਐਕਸਿਸ ਬੈਂਕ ਬਨਾਮ ਲਾਰੀ ਇੰਟਰਪ੍ਰਾਈਜ਼ਜ਼ ਲਾਰੀ

ਸੇਵਾ 'ਚ,

1. ਲਾਰੀ ਇੰਟਰਪ੍ਰਾਈਜ਼ਜ਼ ਲਾਰੀ ਡੀ/ਡਬਲਯੂ/ਐੱਸ/ਓ ਸਹਾਬ, ਦੁਕਾਨ ਨੰ. 8, ਪਹਿਲੀ ਮੰਜ਼ਲ, ਸਾਹਮਣੇ ਮਸਜਿਦ ਕਿਦਵਈ ਨਗਰ, ਲੁਧਿਆਣਾ, ਪੰਜਾਬ
ਨਾਲ ਹੀ : ਦੂਜਾ ਪਤਾ : ਏਰੋਸ ਮਿੱਲ ਕੰਪਾਊਂਡ, ਗੇਟ ਨੰ. 3, ਪਿੰਡ ਬਾਜੜਾ, ਰਾਹੋਂ ਰੋਡ, ਲੁਧਿਆਣਾ, ਪੰਜਾਬ-141001
2. ਸਹਾਬ ਲਾਰੀ ਪੁੱਤਰ ਅਖਲੇਕ ਅਹਿਮਦ, ਮਕਾਨ ਨੰ. 458-2-ਏ, ਨਿਊ ਕਿਦਵਈ ਨਗਰ, ਲੁਧਿਆਣਾ, ਪੰਜਾਬ।
ਨਾਲ ਹੀ : ਦੂਜਾ ਪਤਾ : ਐੱਫ 56/227, ਬਾਟਲਾ ਹਾਊਸ ਜਾਮੀਆ ਨਗਰ, ਨਿਊ ਫਰੈਂਡਜ਼ ਕਾਲੋਨੀ, ਓਖਲਾ, ਸਾਊਥ ਦਿੱਲੀ, ਦਿੱਲੀ-110025

**ਸੰਮਨ**

ਜਦੋਂ ਕਿ ਓ ਏ/2129/2019 ਮਾਣਯੋਗ ਪ੍ਰੀਜ਼ਾਇਡਿੰਗ ਅਫਸਰ/ਰਜਿਸਟਰਾਰ ਸਨਮੁੱਖ 17.11.2023 ਨੂੰ ਸੂਚੀਬੱਧ ਕੀਤਾ ਗਿਆ ਸੀ। ਜਦੋਂ ਕਿ ਇਸ ਮਾਣਯੋਗ ਟ੍ਰਿਬਿਊਨਲ ਨੂੰ ਤੁਹਾਡੇ ਵਿਰੁੱਧ ਰੁ. 42,78,641/-(ਅਰਜ਼ੀ ਸਮੇਤ ਦਸਤਾਵੇਜ਼ਾਂ ਆਦਿ ਦੀਆਂ ਨਕਲਾਂ ਨਾਲ ਨੱਥੀ) ਕਰਜ਼ਾ ਵਸੂਲੀ ਲਈ ਦਾਇਰ ਉਕਤ ਅਰਜ਼ੀ 'ਤੇ ਐਕਟ (ਓ ਏ) ਦੇ ਸੈਕਸ਼ਨ ਤਹਿਤ ਸੰਮਨ/ਨੋਟਿਸ ਜਾਰੀ ਕਰਨ 'ਤੇ ਪ੍ਰਸੰਨਤਾ ਹੋ ਰਹੀ ਹੈ। ਐਕਟ ਦੇ ਸੈਕਸ਼ਨ 19 ਦੇ ਸਬ-ਸੈਕਸ਼ਨ (4) ਦੇ ਅਨੁਸਾਰ ਤੁਹਾਨੂੰ ਜਵਾਬਦੇਹਾਂ ਨੂੰ ਹੇਠਾਂ ਦਰਸਾਏ ਨਿਰਦੇਸ਼ ਦਿੱਤੇ ਜਾਂਦੇ ਹਨ :-

(1) ਸੰਮਨਾਂ ਦੀ ਤਾਮੀਲ ਤੋਂ 30 ਦਿਨਾਂ ਦੇ ਅੰਦਰ ਕਾਰਨ ਦੱਸਿਆ ਜਾਵੇ ਕਿ ਮੰਗੀ ਗਈ ਰਾਹਤ ਕਿਉਂ ਮਨਜ਼ੂਰ ਨਾ ਕੀਤੀ ਜਾਵੇ।
(2) ਬਿਨੈਕਾਰ ਵੱਲੋਂ ਅਸਲ ਅਰਜ਼ੀ ਦੇ ਨਾਲ ਲੜੀ ਨੰ. 3 ਏ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਤੋਂ ਇਲਾਵਾ ਹੋਰ ਜਾਇਦਾਦਾਂ ਅਤੇ ਐੱਸਟਸ ਦੇ ਵੇਰਵੇ ਦਾ ਖੁਲਾਸਾ ਕਰਨਾ।
(3) ਅਸਲ ਅਰਜ਼ੀ ਦੀ ਲੜੀ ਨੰ. 3 ਦੇ ਤਹਿਤ ਦਰਸਾਈਆਂ ਜਾਇਦਾਦਾਂ ਅਤੇ ਐੱਸਟਸ ਜਾਂ ਸਕਿਉਰਡ ਐੱਸਟਸ ਜਿਨ੍ਹਾਂ ਵਿਰੁੱਧ ਸੁਣਵਾਈ ਲੰਬਿਤ ਹੈ ਅਤੇ ਜਾਇਦਾਦਾਂ ਦੀ ਅਟੈਚਮੈਂਟ ਵਾਸਤੇ ਅਰਜ਼ੀ ਦੇ ਨਿਪਟਾਰੇ ਸੰਬੰਧੀ ਸੌਦੇਬਾਜ਼ੀ ਜਾਂ ਨਿਪਟਾਰੇ ਲਈ ਤੁਹਾਡੇ 'ਤੇ ਪਾਬੰਦੀ ਹੈ।
(4) ਕਿਸੇ ਵੀ ਐੱਸਟਸ ਜਿਸ 'ਤੇ ਸੁਰੱਖਿਆ ਹਿੱਤ ਰੱਖਿਆ ਹੈ ਅਤੇ/ਜਾਂ ਅਸਲ ਅਰਜ਼ੀ ਦੀ ਲੜੀ ਨੰ. 3 ਏ ਅਧੀਨ ਦਰਸਾਈਆਂ ਵਿਸ਼ੇਸ਼ ਜਾਇਦਾਦਾਂ ਅਤੇ ਐੱਸਟਸ ਕਾਰੋਬਾਰ ਦੇ ਆਮ ਸਰੋਤ ਤੋਂ ਇਲਾਵਾ ਟ੍ਰਿਬਿਊਨਲ ਦੀ ਪਹਿਲਾਂ ਮਨਜ਼ੂਰੀ ਲੈਣ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕੋਗੇ।
(5) ਸਕਿਉਰਡ ਐੱਸਟਸ ਜਾਂ ਹੋਰ ਐੱਸਟਸ ਅਤੇ ਜਾਇਦਾਦਾਂ ਦੀ ਬਿਜ਼ਨੈੱਸ ਦੇ ਆਮ ਸਰੋਤਾਂ ਲਈ ਵਿਕਰੀ ਅਮਲ ਲਈ ਤੁਸੀਂ ਉੱਤਰਦਾਈ ਹੋਵੋਗੇ ਅਤੇ ਇਸ ਵਿਕਰੀ ਅਮਲ ਦਾ ਡਿਪਾਜ਼ਟ ਅਜਿਹੇ ਐੱਸਟਸ 'ਤੇ ਸੁਰੱਖਿਆ ਹਿੱਤ ਰੱਖਣ ਵਾਲੇ ਬੈਂਕ ਖਾਤੇ ਜਾਂ ਵਿੱਤੀ ਸੰਸਥਾਵਾਂ 'ਚ ਜਮ੍ਹਾਂ ਕਰਵਾਉਣਾ ਹੋਵੇਗਾ।

ਤੁਹਾਨੂੰ ਲਿਖਤੀ ਬਿਆਨ ਦਾਇਰ ਕਰਨ ਅਤੇ ਇਸ ਦੀ ਨਕਲ ਬਿਨੈਕਾਰ ਨੂੰ ਦੇਣ ਅਤੇ ਰਜਿਸਟਰਾਰ ਸਨਮੁੱਖ 08.05.2024 ਨੂੰ ਸਵੇਰੇ 10.30 ਵਜੇ ਪੇਸ਼ ਹੋਣ ਦੇ ਵੀ ਆਦੇਸ਼ ਹਨ, ਅਸਫਲ ਰਹਿਣ 'ਤੇ ਤੁਹਾਡੇ ਵਿਰੁੱਧ ਇਕਤਰਫਾ ਕਾਰਵਾਈ ਕਰ ਦਿੱਤੀ ਜਾਵੇਗੀ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 23.11.2023 ਨੂੰ ਜਾਰੀ ਕੀਤਾ ਗਿਆ।

ਸੰਮਨ ਜਾਰੀ ਕਰਨ ਵਾਲੇ
ਅਧਿਕਾਰਤ ਅਫਸਰ ਦੇ ਦਸਤਖਤ

## ਤਕੀਪੁਰ, ਸਾਹੋਕੇ, ਗੁਰਮੀਤ ਸਿੰਘ ਫੌਜੀ ਦਾ ਸਨਮਾਨ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਆਮ ਆਦਮੀ ਪਾਰਟੀ ਟੀਮ ਲੌਂਗੋਵਾਲ ਵੱਲੋਂ ਗੁਰਦੀਪ ਸਿੰਘ ਤਕੀਪੁਰ ਨੂੰ ਜੁਆਇੰਟ ਸੈਕਟਰੀ ਯੂਥ ਵਿੰਗ ਪੰਜਾਬ, ਸੁੱਖ ਸਿੰਘ ਸਾਹੋਕੇ ਸਪਰੋਟਸ ਵਿੰਗ ਜੁਆਇੰਟ ਸੈਕਟਰੀ ਪੰਜਾਬ, ਗੁਰਮੀਤ ਸਿੰਘ ਫੌਜੀ ਐਕਸ ਸਰਵਿਸਮੈਨ ਜੁਆਇਟ ਸੈਕਟਰੀ ਪੰਜਾਬ ਤੇ ਵਿੱਕੀ ਵਸਿਸ਼ਟ ਨੂੰ ਬਲਾਕ ਪ੍ਰਧਾਨ ਲੱਗਣ 'ਤੇ ਸਰਪੰਚ ਬਲਵਿੰਦਰ ਸਿੰਘ ਢਿੱਲੋਂ ਦੇ ਨਿਵਾਸ ਵਿਖੇ ਲੌਂਗੋਵਾਲ ਦੀ ਆਮ ਆਦਮੀ ਪਾਰਟੀ ਦੀ ਟੀਮ ਵੱਲੋਂ ਸਨਮਾਨਤ ਕੀਤਾ ਗਿਆ, ਉਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਧੰਨਵਾਦ ਕੀਤਾ ਗਿਆ ਕਿ ਇੱਕ ਮਿਹਨਤੀ ਵਰਕਰ ਨੂੰ ਬਨਦਾ ਮਾਣ-ਸਨਮਾਨ ਦਿੱਤਾ ਗਿਆ।

## ਪੰਜਾਬ ਪੈਨਸ਼ਨਜ਼ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਦਾ ਚੋਣ ਅਜਲਾਸ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਪੈਨਸ਼ਨਜ਼ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਦਾ ਚੋਣ ਅਜਲਾਸ ਕਾਮਰੇਡ ਜਰਨੈਲ ਸਿੰਘ ਭਵਨ ਵਿੱਚ ਕੀਤਾ ਗਿਆ। ਇਸ ਅਜਲਾਸ ਦੀ ਪ੍ਰਧਾਨਗੀ ਸੂਬਾ ਕਮੇਟੀ ਤੋਂ ਪਹੁੰਚੇ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਅਵਤਾਰ ਸਿੰਘ ਗਗੜਾ, ਸਤਪਾਲ ਸਹਿਗਲ ਤੇ ਜ਼ਿਲ੍ਹਾ ਪ੍ਰਧਾਨ ਬਲਵੰਤ ਸਿੰਘ ਸੰਧੂ ਨੇ ਕੀਤੀ। ਅਜਲਾਸ ਦੀ ਕਾਰਵਾਈ ਤੋਂ ਪਹਿਲਾਂ ਪਿਛਲੇ ਸਮੇਂ ਵਿੱਚ ਵਿਛੋੜਾ ਦੇ ਚੁੱਕੇ ਸਾਥੀਆਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ। ਸਟੇਜ ਦੀ ਕਾਰਵਾਈ ਸੰਤ ਰਾਮ ਨੇ ਕੀਤੀ। ਜਨਰਲ ਸਕੱਤਰ ਓਮ ਪ੍ਰਕਾਸ਼ ਨੇ ਪਿਛਲੇ ਸਮੇਂ ਵਿੱਚ ਕੀਤੇ ਐਕਸ਼ਨਾਂ ਦੀ ਰਿਪੋਰਟ ਪੇਸ਼ ਕੀਤੀ। ਮਲਕੀਤ ਚੰਦ ਪਾਸੀ ਨੇ ਕੈਸ਼ ਦੇ ਹਿਸਾਬ ਦੀ ਰਿਪੋਰਟ ਪੇਸ਼ ਕੀਤੀ। ਇਸ ਮੌਕੇ ਜਗਦੀਸ਼ ਸਿੰਘ ਚਾਹਲ, ਅਵਤਾਰ ਸਿੰਘ ਗਗੜਾ ਤੇ ਬਲਬੀਰ ਸਿੰਘ ਸੰਧੂ ਨੇ ਕੇਂਦਰ ਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਮਾਰੂ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਕੇਂਦਰ ਦੀ ਮੋਦੀ ਸਰਕਾਰ ਤੇ ਆਪ ਸਰਕਾਰ ਨੂੰ ਸਬਕ ਸਿਖਾਉਣਾ ਜ਼ਰੂਰੀ ਹੈ। ਇਕਬਾਲ ਸਿੰਘ ਸੰਧੂ ਤੇ ਓਮ ਪ੍ਰਕਾਸ਼ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਕੀਤੇ ਵਾਅਦੇ ਸਰਕਾਰ ਭੁੱਲ ਚੁੱਕੀ ਹੈ ਤੇ ਕੋਈ ਵੀ ਮੰਗ ਪੂਰੀ ਨਹੀਂ ਕੀਤੀ, ਭਾਵੇਂ 2.59 ਦਾ ਫੈਕਟਰ, 1-1-16 ਤੋਂ ਪੇ ਕਮਿਸ਼ਨ ਦਾ ਬਕਾਇਆ, ਪੁਰਾਣੀ ਪੈਨਸ਼ਨ ਬਹਾਲ ਕਰਨਾ, 12 ਪ੍ਰਤੀਸ਼ਤ ਡੀ ਏ ਦੇਣਾ ਬਣਦਾ ਹੈ। ਇਸ ਮੌਕੇ ਨਵੀਂ ਚੁਣੀ ਟੀਮ ਵਿੱਚ ਇਕਬਾਲ ਸਿੰਘ ਸੰਧੂ ਚੇਅਰਮੈਨ, ਗੁਰਤੇਜ ਸਿੰਘ ਜਨਰਲ ਸਕੱਤਰ, ਬਲਵੰਤ ਸਿੰਘ ਸੰਧੂ ਪ੍ਰਧਾਨ ਤੇ ਮਲਕੀਤ ਚੰਦ ਪਾਸੀ ਚੁਣੇ ਗਏ। ਇਸ ਮੌਕੇ ਹਾਊਸ ਨੇ ਸਰਵਸੰਮਤੀ ਨਾਲ ਮਤਾ ਪਾਸ ਕੀਤਾ। ਇਸ ਮੌਕੇ ਵੱਡੀ ਗਿਣਤੀ ਵਿੱਚ ਪੈਨਸ਼ਨਰ ਹਾਜ਼ਰ ਸਨ।

## ਪੰਜਾਬ ਪਬਲਿਕ ਸਕੂਲ ਦੇ ਵਿਦਿਆਰਥੀਆਂ ਦਾ ਆਈ ਸੀ ਐੱਸ ਈ ਪ੍ਰੀਖਿਆ 'ਚ ਸ਼ਾਨਦਾਰ ਪ੍ਰਦਰਸ਼ਨ



**ਨਾਭਾ (ਵਰਿੰਦਰ ਵਰਮਾ)**-ਪੰਜਾਬ ਪਬਲਿਕ ਸਕੂਲ ਨਾਭਾ ਦੇ ਵਿਦਿਆਰਥੀਆਂ ਨੇ ਆਈ.ਸੀ.ਐੱਸ.ਈ. (10ਵੀਂ) ਤੇ ਆਈ.ਐੱਸ.ਸੀ. (12ਵੀਂ) ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਦਾ ਨਤੀਜਾ ਅੱਜ ਕੌਂਸਲ ਫਾਰ ਦਾ ਇੰਡੀਅਨ ਸਕੂਲ ਸਰਟੀਫਿਕੇਟ ਐਗਜ਼ਾਮੀਨੇਸ਼ਨ (ਸੀਆਈਐੱਸਸੀਈ) ਨਵੀਂ ਦਿੱਲੀ ਵੱਲੋਂ ਘੋਸ਼ਿਤ ਕੀਤਾ ਗਿਆ।

ਆਈ.ਸੀ.ਐੱਸ.ਈ. (10ਵੀਂ) 'ਚ ਇਸ਼ਮੀਤ ਕੌਰ ਤੇ ਅਨਾਹਤਜੋਤ ਕੌਰ ਹਰੀ 98.4% ਅੰਕ ਲੈ ਕੇ ਪਹਿਲੇ ਤੇ ਅੰਸ਼ਿਕਾ ਜੈਨ 97.8% ਅੰਕ ਲੈ ਕੇ ਤੀਜੇ ਸਥਾਨ 'ਤੇ ਰਹੀ।ਪ੍ਰੀਖਿਆ ਦੇਣ ਵਾਲੇ 148 ਵਿਦਿਆਰਥੀਆਂ ਵਿੱਚੋਂ 118 ਡਿਸਟਿੰਕਸ਼ਨ ਨਾਲ ਪਾਸ ਹੋਏ।ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ 100 ਦੇ ਸੰਪੂਰਨ ਅੰਕ ਪ੍ਰਾਪਤ ਕੀਤੇ।ਬੈਚ ਔਸਤ 83% ਰਹੀ।ਆਈ.ਐੱਸ.ਸੀ. (12ਵੀਂ) ਵਿੱਚ ਕਨਿਸ਼ਕ ਗੋਇਲ (ਹਿਊਮੈਨਟੀਜ਼) 98.3% ਅੰਕ ਲੈ ਕੇ ਪਹਿਲੇ, ਸ਼ਰਿਨ ਰੰਧਾਵਾ (ਹਿਊਮੈਨਟੀਜ਼) 97.3% ਅੰਕ ਲੈ ਕੇ ਦੂਜੇ ਤੇ ਅਮਨਪ੍ਰੀਤ ਦਿਓ (ਸਾਇੰਸ) 97% ਅੰਕ ਲੈ ਕੇ ਤੀਜੇ ਸਥਾਨ 'ਤੇ ਰਹੀ।ਆਈ. ਐੱਸ.ਸੀ. ਦੀ ਪ੍ਰੀਖਿਆ ਦੇਣ ਵਾਲੇ 78 ਵਿਦਿਆਰਥੀਆਂ ਵਿੱਚੋਂ 67 ਡਿਸਟਿੰਕਸ਼ਨ ਨਾਲ ਪਾਸ ਹੋਏ। ਬੈਚ ਔਸਤ 84.8% ਰਹੀ।ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ 100 ਦੇ ਸੰਪੂਰਨ ਅੰਕ ਪ੍ਰਾਪਤ ਕੀਤੇ।ਕਾਮਰਸ ਸਟਰੀਮ ਵਿੱਚ ਰੂਹਮਨਜੀਤ ਕੌਰ 93.5% ਅੰਕ ਲੈ ਕੇ ਪਹਿਲੇ, ਗੁਰਸ਼ਾਨ ਸਿੰਘ ਸਵਾਗ 91.8% ਅੰਕ ਲੈ ਕੇ ਦੂਜੇ ਤੇ ਭੁਵਨੇਸ਼ ਸਿੰਘ 90.8% ਅੰਕ ਲੈ ਕੇ ਤੀਜੇ ਸਥਾਨ 'ਤੇ ਰਿਹਾ।ਸਾਇੰਸ ਸਟਰੀਮ ਵਿੱਚ ਅਮਨਪ੍ਰੀਤ ਦਿਓ 97% ਅੰਕ ਲੈ ਕੇ ਪਹਿਲੇ, ਓਜਸਵੀ ਜੈਨ 96.8% ਅੰਕ ਲੈ ਕੇ ਦੂਜੇ ਤੇ ਪ੍ਰਤੀਤ ਕੌਰ 93.8% ਅੰਕ ਲੈ ਕੇ ਤੀਜੇ ਸਥਾਨ 'ਤੇ ਰਹੀ।ਹੈੱਡਮਾਸਟਰ ਡਾ. ਡੀ. ਸੀ. ਸ਼ਰਮਾ ਨੇ ਸਕੂਲ ਮੈਨੇਜਮੈਂਟ ਵੱਲੋਂ ਆਈ.ਐੱਸ.ਸੀ. (12ਵੀਂ) ਤੇ ਆਈ.ਸੀ.ਐੱਸ.ਈ. (10ਵੀਂ) ਦੋਵਾਂ ਵਿੱਚ ਸ਼ਾਨਦਾਰ ਨਤੀਜੇ ਲਈ ਸਟਾਫ਼, ਵਿਦਿਆਰਥੀਆਂ, ਮਾਪਿਆਂ ਤੇ ਸਾਰੇ ਸਬੰਧਤਾਂ ਨੂੰ ਵਧਾਈ ਦਿੱਤੀ।


**YES BANK**
Regd. Office: YES BANK House, Off Western Express Highway, Santacruz (East), Mumbai – 400055
Branch Office: YES BANK LIMITED. SCO No. 129-130, 2nd Floo,r Sector 9-C, Madhya Marg, Chandigarh -160009.

**[(ਰੂਲ-8 (1)] ਕਬਜ਼ਾ ਨੋਟਿਸ**

ਜਦੋਂਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ ਨੂੰ ਹੇਠਾਂ ਦਿੱਤੇ ਖਾਤਿਆਂ 'ਚ ਹੇਠਾਂ ਵਰਣਿਤ ਰਕਮ ਅਤੇ ਇਸ ਉਪਰ ਵਿਆਜ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ। ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਵਿਆਜ ਸਮੇਤ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਐੱਨ ਪੀ ਏ ਖਾਤੇ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | 13 (2) ਨੋਟਿਸ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| (1) ਮੈਸਰਜ਼ ਕੇ ਡਬਲਯੂ ਆਰ ਆਈ ਐੱਮ ਐੱਸ (ਇੰਡੀਆ) ਪ੍ਰਾਈਵੇਟ ਲਿਮਟਿਡ ਰਾਹੀਂ ਇਸ ਦੇ ਨਿਰਦੇਸ਼ਕ ਕਰਨਦੀਪ ਸਿੰਘ, ਦਫਤਰੀ ਪਤਾ : ਸੀ-96, ਫੇਜ਼ ਨੰ. 5, ਫੋਕਲ ਪੁਆਇੰਟ, ਜਮਾਲਪੁਰ, ਲੁਧਿਆਣਾ-141010 (2) ਸ੍ਰੀ ਕਰਨਦੀਪ ਸਿੰਘ ਪੁੱਤਰ ਸ੍ਰੀ ਨਿਰਮਲ ਸਿੰਘ ਵਾਸੀ ਮਕਾਨ ਨੰ. 1040-ਸੀ, ਅਰਬਨ ਅਸਟੇਟ, ਫੇਜ਼-2, ਜਮਾਲਪੁਰ, ਫੋਕਲ ਪੁਆਇੰਟ, ਲੁਧਿਆਣਾ-141010 (3) ਸ੍ਰੀ ਪਰਮਜੀਤ ਸਿੰਘ ਪੁੱਤਰ ਸ੍ਰੀ ਬਖਸ਼ੀਸ਼ ਸਿੰਘ ਵਾਸੀ ਮਕਾਨ ਨੰ. 1038, ਅਰਬਨ ਅਸਟੇਟ, ਫੇਜ਼-2, ਬਖਸ਼ੀਸ਼ ਸਿੰਘ ਵਾਸੀ ਮਕਾਨ ਨੰ. 1038, ਅਰਬਨ ਅਸਟੇਟ, ਫੇਜ਼-2, ਜਮਾਲਪੁਰ, ਫੋਕਲ ਪੁਆਇੰਟ ਲੁਧਿਆਣਾ-141010 (4) ਸ੍ਰੀ ਤਰੁਨਦੀਪ ਸਿੰਘ ਪੁੱਤਰ ਸ੍ਰੀ ਨਿਰਮਲ ਵਾਸੀ ਮਕਾਨ ਨੰ. 1040-ਸੀ, ਅਰਬਨ ਅਸਟੇਟ, ਫੇਜ਼-2, ਜਮਾਲਪੁਰ, ਫੋਕਲ ਪੁਆਇੰਟ, ਲੁਧਿਆਣਾ-141010 (5) ਸ਼੍ਰੀਮਤੀ ਗੁਰਪ੍ਰੀਤ ਕੌਰ ਪਤਨੀ ਸ੍ਰੀ ਮਨਿੰਦਰ ਸਿੰਘ ਵਾਸੀ ਮਕਾਨ ਨੰ. 1038, ਅਰਬਨ ਅਸਟੇਟ, ਫੇਜ਼-2, ਜਮਾਲਪੁਰ, ਫੋਕਲ ਪੁਆਇੰਟ, ਲੁਧਿਆਣਾ-141010 | ਪਲਾਟ ਨੰ. ਸੀ-96, ਐੱਮ ਸੀ ਨੰ. -ਬੀ-30-2021/ਸੀ-96 (ਸਾਲ 2019-2020 ਲਈ ਟੀ ਐੱਸ ਫਾਰਮ 1 ਅਨੁਸਾਰ) ਜਾਇਦਾਦ ਰਕਬਾ 5000 ਵਰਗ ਗਜ਼, ਫੇਜ਼-5, ਫੋਕਲ ਪੁਆਇੰਟ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਰਹਿਣਕਾਰ : ਮੈਸਰਜ਼ ਕੇ ਡਬਲਯੂ ਆਰ ਆਈ ਐੱਮ ਐੱਸ (ਇੰਡੀਆ) ਪ੍ਰਾਈਵੇਟ ਲਿਮਟਿਡ। ਹੱਦਾਂ : (ਸਾਈਟ ਅਨੁਸਾਰ) ਉੱਤਰ : ਇੰਡਸਟਰੀ 150 ਫੁੱਟ, ਦੱਖਣ : ਸੜਕ : 150 ਫੁੱਟ, ਪੂਰਬ : ਕੇ ਡਬਲਯੂ ਬਾਈਸਾਈਕਲ 300 ਫੁੱਟ, ਪੱਛਮ : ਬਸਨ ਇੰਜੀਨੀਅਰਿਗ 300 ਫੁੱਟ | 20 ਜਨਵਰੀ 2024 | 03 ਮਈ 2024 | 20 ਜਨਵਰੀ 2024 ਨੂੰ ਆਈ ਐੱਨ ਆਰ 6,69,78,589.47/- (ਛੇ ਕਰੋੜ ਉਨੱਤਰ ਲੱਖ ਅਠੱਤਰ ਹਜ਼ਾਰ ਪੰਜ ਸੌ ਉਨਾਨਵੇਂ ਰੁਪਏ ਅਤੇ ਸੰਤਾਲੀ ਪੈਸੇ ਕੇਵਲ) 03 ਮਈ 2024 ਤੋਂ ਹੋਰ ਵਿਆਜ ਅਤੇ ਹੋਰ ਚਾਰਜਿਜ਼ |
| (1) ਮੈਸਰਜ਼ ਵਰਲਡ ਆਫ ਟਾਇਲਜ਼ ਅਤੇ ਗ੍ਰੇਨਾਈਟ ਰਾਹੀਂ ਇਸ ਦੇ ਮਾਲਕ ਸੁਖਦੀਪ ਸਿੰਘ ਪਤਾ : ਦੁਕਾਨ ਨੰ. 01, ਧਰਾਤਲ ਮੰਜ਼ਲ ਅਤੇ ਦੁਕਾਨ ਨੰ. 02, ਪਹਿਲੀ ਮੰਜ਼ਲ, ਨੇੜੇ ਟੋਰਕੂ ਫਾਰਮਾ, ਸਾਈ ਰੋਡ, ਸੋਲਨ, ਹਿਮਾਚਲ ਪ੍ਰਦੇਸ਼-173205 (2) ਸ੍ਰੀ ਸੁਖਦੀਪ ਸਿੰਘ ਮਾਰਫਤ ਜਸਵਿੰਦਰ ਸਿੰਘ ਪਤਾ : ਦੁਕਾਨ ਨੰ. 01, ਧਰਾਤਲ ਮੰਜ਼ਲ ਅਤੇ ਦੁਕਾਨ ਨੰ. 02, ਪਹਿਲੀ ਮੰਜ਼ਲ, ਨੇੜੇ ਟੋਰਕੂ ਫਾਰਮ, ਸਾਈ ਰੋਡ, ਸੋਲਨ, ਹਿਮਾਚਲ ਪ੍ਰਦੇਸ਼-173205, ਨਾਲ ਹੀ : ਮਕਾਨ ਨੰ. 79, ਪੁਲਸ ਲਾਈਨ, ਸੈਕਟਰ 26, ਚੰਡੀਗੜ੍ਹ-160019 (3) ਸ਼੍ਰੀਮਤੀ ਜਸਪ੍ਰੀਤ ਕੌਰ ਰੁਪਾਲ ਮਾਰਫਤ ਸੁਖਦੀਪ ਸਿੰਘ ਪਤਾ : ਦੁਕਾਨ ਨੰ. 01, ਧਰਾਤਲ ਮੰਜ਼ਲ ਅਤੇ ਦੁਕਾਨ ਨੰ. 02, ਪਹਿਲੀ ਮੰਜ਼ਲ, ਨੇੜੇ ਟੋਰਕੂ ਫਾਰਮਾ, ਸਾਈ ਰੋਡ, ਸੋਲਨ, ਹਿਮਾਚਲ ਪ੍ਰਦੇਸ਼-173205, ਨਾਲ ਹੀ : ਮਕਾਨ ਨੰ. 79, ਪੁਲਸ ਲਾਈਨ, ਸੈਕਟਰ 26, ਚੰਡੀਗੜ੍ਹ-160019 | ਵਪਾਰਕ ਜਾਇਦਾਦ ਦੁਕਾਨ ਨੰ. 03 ਅਤੇ 04, ਸਕਾਈਲਾਰਕ ਇਨਕਲੇਵ, ਸੈਕਟਰ 115 (ਬੈਨਾਮਾ ਨੰ. 12634 ਮਿਤੀ 24.02.2021 ਅਨੁਸਾਰ) ਰਕਬਾ : 0-2.2/9 ਮਰਲਾ, ਜ਼ਮੀਨ ਰਕਬਾ 32 ਕਨਾਲ 16 ਮਰਲੇ ਦਾ 20/5904 ਹਿੱਸਾ, ਖੇਵਟ/ਖਤੌਨੀ ਨੰ. 325/332, ਖਸਰਾ ਨੰ. 17//6/2 (1-12), 16/2 (4-18), 17//2 (6-6), 18 (7-11), 19 (7-11), 20/2 (4-4) ਅਤੇ 18//20/2/1/2 (0-14) ਹਿੱਸੇ (ਕਿੱਤੇ) 7, ਜਮ੍ਹਾਂਬੰਦੀ 2013-14 ਸੰਤੇ ਮਾਜਰਾ ਵਿਖੇ ਸਥਿਤ (ਹੱਦਬਸਤ ਨੰ. 186) ਐੱਮ ਸੀ 7, ਤਹਿਸੀਲ ਖਰੜ, ਜ਼ਿਲ੍ਹਾ ਐੱਸ ਏ ਐੱਸ ਨਗਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ : ਉੱਤਰ : ਕੱਚਾ ਰੋਡ, ਦੱਖਣ : ਦਾਖਲਾ, ਪੂਰਬ : ਬੂਥ ਨੰ. 02, ਪੱਛਮ : ਬੂਥ ਨੰ. 05, ਰਹਿਣਕਾਰ : ਸ਼੍ਰੀਮਤੀ ਜਸਪ੍ਰੀਤ ਕੌਰ ਰੁਪਾਲ ਮਾਰਫਤ ਸੁਖਦੀਪ ਸਿੰਘ | 29 ਨਵੰਬਰ 2023 | 04 ਮਈ 2024 | 29 ਨਵੰਬਰ 23 ਨੂੰ ਆਈ ਐੱਨ ਆਰ 37,93,953.59/- (ਸੈਂਤੀ ਲੱਖ ਤਿਰਾਨਵੇਂ ਹਜ਼ਾਰ ਨੌਂ ਸੌ ਤਿਰਵੰਜਾ ਰੁਪਏ ਤੇ ਉਨਾਹਠ ਪੈਸੇ ਕੇਵਲ) 4 ਮਈ 2024 ਤੋਂ ਹੋਰ ਵਿਆਜ ਅਤੇ ਹੋਰ ਚਾਰਜਿਜ਼ |

ਮਿਤੀ : 04.05.2024
ਸਥਾਨ : ਲੁਧਿਆਣਾ/ਐੱਸ ਏ ਐੱਸ ਨਗਰ

ਵਾਸਤੇ ਯੈੱਸ ਬੈਂਕ ਲਿਮਟਿਡ
ਸ੍ਰੀ ਗੌਰਵ ਮਹਾਜਨ, ਅਧਿਕਾਰਤ ਅਫਸਰ


**ਨਵਾਂ ਜ਼ਮਾਨਾ**
**ਪੋਸਟ ਬਾਕਸ ਨੰ. 134**

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

7-MAY-PAGE-3.qxd 5/6/2024 10:49 PM Page 1



# 'ਭਾਜਪਾ ਹਰਾਓ, ਕਾਰਪੋਰੇਟ ਭਜਾਓ ਤੇ ਦੇਸ਼ ਬਚਾਓ' ਮੁਹਿੰਮ ਤਹਿਤ ਜ਼ੋਰਦਾਰ ਪ੍ਰਦਰਸ਼ਨ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਸੰਯੁਕਤ ਕਿਸਾਨ ਮੋਰਚਾ 'ਚ ਸ਼ਾਮਿਲ ਕਿਸਾਨ-ਮਜ਼ਦੂਰ ਜਥੇਬੰਦੀਆਂ ਦੇ ਸੈਂਕੜੇ ਕਾਰਕੁਨਾਂ ਤੇ ਹਮਦਰਦਾਂ ਵੱਲੋਂ 'ਭਾਜਪਾ ਹਰਾਓ, ਕਾਰਪੋਰੇਟ ਭਜਾਓ ਤੇ ਦੇਸ਼ ਬਚਾਓ' ਤਹਿਤ ਅਜਨਾਲਾ ਦੇ ਸਮੁੱਚੇ ਬਜ਼ਾਰਾਂ ਫਤਿਹਗੜ੍ਹ ਚੂੜੀਆਂ ਰੋਡ, ਡੇਰਾ ਬਾਬਾ ਨਾਨਕ ਰੋਡ, ਪੁਰਾਣੀ ਸਬਜ਼ੀ ਮੰਡੀ, ਬਾਈਪਾਸ ਰੋਡ, ਚੋਗਾਵਾਂ ਰੋਡ, ਅੰਮ੍ਰਿਤਸਰ ਰੋਡ ਦੇ ਬਜ਼ਾਰਾਂ 'ਚ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ, ਕਿਰਤੀ ਕਿਸਾਨ ਯੂਨੀਅਨ ਪੰਜਾਬ ਦੇ ਸੀਨੀਅਰ ਆਗੂ ਧਨਵੰਤ ਸਿੰਘ ਖਤਰਾਏ ਕਲਾ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਪ੍ਰਮੁੱਖ ਆਗੂ ਸੁਖਦੇਵ ਸਿੰਘ ਸੈਂਸਰਾ ਨੇ ਇਲਾਕਾ ਨਿਵਾਸੀਆਂ ਨੂੰ ਸੰਬੋਧਨ ਕਰਦਿਆਂ ਜ਼ੋਰਦਾਰ ਅਪੀਲ ਕੀਤੀ ਕਿ ਇਨ੍ਹਾਂ ਪਾਰਲੀਮੈਂਟ ਚੋਣਾਂ ਵਿੱਚ ਮੋਦੀ ਸਰਕਾਰ ਨੂੰ ਹਰਾਇਆ ਜਾਵੇ! ਪ੍ਰਦਰਸ਼ਨਕਾਰੀਆਂ ਨੂੰ ਹੱਥ ਹਿਲਾ ਕੇ ਭਰਵਾਂ ਹੁੰਗਾਰਾ ਦਿੱਤਾ! ਉਕਤ ਆਗੂਆਂ ਨੇ ਅੱਗੇ ਦੱਸਿਆ ਕਿ ਪ੍ਰਦਰਸ਼ਨਕਾਰੀ ਅੰਤ 'ਚ ਪੁਰਾਣੇ ਡਾਕਖਾਨਾ ਬਜ਼ਾਰ ਵਿੱਚੋਂ ਨਾਅਰੇ ਮਾਰਦੇ ਹੋਏ ਭਾਜਪਾ ਦੇ ਸੂਬਾਈ ਆਗੂ ਅਮਰਪਾਲ ਸਿੰਘ ਬੋਨੀ ਦੇ ਘਰ-ਦਫਤਰ ਅੱਗੇ ਐੱਸ. ਕੇ. ਐੱਮ. ਦੇ 11 ਸੂਤਰੀ ਸਵਾਲਾਂ ਦਾ ਜਵਾਬ ਲੈਣ ਲਈ ਪਹੁੰਚੇ ਪਰ ਉਥੇ ਕੋਈ ਵੀ ਭਾਜਪਾ ਆਗੂ ਨਾ ਮਿਲਣ ਕਾਰਨ ਪ੍ਰਦਰਸ਼ਨਕਾਰੀਆਂ ਨੇ ਭਾਜਪਾ ਖਿਲਾਫ ਜੰਮ ਕੇ ਨਾਹਰੇਬਾਜ਼ੀ ਕੀਤੀ ! ਮੁਜ਼ਾਹਰਾਕਾਰੀਆਂ ਵਿੱਚ ਹੋਰਨਾਂ ਤੋਂ ਇਲਾਵਾ ਕਾਬਲ ਸਿੰਘ ਛੀਨਾ, ਸੁੱਖ ਲੱਲਾ ਅਫਗਾਨਾ, ਭੋਲਾ ਸਿੰਘ ਧਾਰੀਵਾਲ, ਬਲਵਿੰਦਰ ਸਿੰਘ ਪੰਜਗਰਾਈਆਂ, ਹਰਪਾਲ ਸਿੰਘ, ਦਵਿੰਦਰ ਸਿੰਘ ਛੀਨਾ, ਸਤਨਾਮ ਸਿੰਘ ਝੰਡੇਰ ਆਦਿ ਨੇ ਵੀ ਵੱਖ-ਵੱਖ ਬਜ਼ਾਰਾਂ ਵਿੱਚ ਮੁਜ਼ਾਹਰੇ ਨੂੰ ਸੰਬੋਧਨ ਕੀਤਾ ਅਤੇ ਭਾਜਪਾ ਨੂੰ ਚਲਦਾ ਕਰਨ ਦਾ ਹੋਕਾ ਦਿੱਤਾ।

## ਕਾਰਪੋਰੇਟਾਂ ਦੀ ਲੁੱਟ ਤੋਂ ਬਚਣ ਲਈ ਗੁਰਦਿਆਲ ਸਿੰਘ ਦਾ ਜਿੱਤਣਾ ਜ਼ਰੂਰੀ : ਮਾੜੀਮੇਘਾ




**ਕਪੂਰਥਲਾ (ਨਜ਼ਸ)**—ਵਿਧਾਨ ਸਭਾ ਹਲਕਾ ਕਪੂਰਥਲਾ ਦੇ ਸਰਗਰਮ ਆਗੂਆਂ ਦੀ ਮੀਟਿੰਗ ਪਾਰਟੀ ਦਫਤਰ ਵਿਖੇ ਟਰੇਡ ਯੂਨੀਅਨ ਆਗੂ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਵਿੱਚ ਖਡੂਰ ਸਾਹਿਬ ਹਲਕੇ ਸੀਪੀਆਈ ਤੇ ਸੀਪੀਆਈਐੱਮ ਦੇ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਗੁਰਦਿਆਲ ਸਿੰਘ ਦਾ ਚੋਣ ਜਿੱਤਣਾ ਇਸ ਲਈ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਨੇ ਪੂੰਜੀਪਤੀਆਂ ਦੀ ਲੁੱਟ ਤੋਂ ਹਿੰਦੁਸਤਾਨ ਨੂੰ ਮੁਕਤ ਕਰਾਉਣਾ ਹੈ। ਜੁਆਨੀ ਨੂੰ ਰੁਜ਼ਗਾਰ ਦੇਣ ਵਾਸਤੇ ਪਾਰਲੀਮੈਂਟ ਵਿੱਚ ਕਾਨੂੰਨ ਬਣਾਉਣ ਲਈ ਆਵਾਜ਼ ਲਾਮਬੰਦ ਕਰੇਗਾ। ਇਸ ਲਈ ਪਹਿਲੀ ਜੂਨ ਨੂੰ ਦਾਤਰੀ ਸਿੱਟੇ ਵਾਲਾ ਬਟਨ ਦਬਾ ਕੇ ਗੁਰਦਿਆਲ ਸਿੰਘ ਨੂੰ ਕਾਮਯਾਬ ਬਣਾਓ। ਮੀਟਿੰਗ ਵਿੱਚ ਕਾਮਰੇਡ ਮੁਕੰਦ ਸਿੰਘ, ਬਲਵੰਤ ਸਿੰਘ ਕਪੂਰਥਲਾ, ਬਲਦੇਵ ਸਿੰਘ ਧੂੰਦਾ, ਦਰਸ਼ਨ ਸਿੰਘ ਬਿਹਾਰੀਪੁਰ, ਜਸਵੰਤ ਸਿੰਘ ਆਦਿ ਸਾਥੀ ਹਾਜ਼ਰ ਸਨ।

## ਜਾਇਜ਼ ਮੰਗਾਂ ਨੂੰ ਲੈ ਕੇ ਬਿਜਲੀ ਕਾਮਿਆਂ ਵੱਲੋਂ ਰੋਸ ਮੁਜ਼ਾਹਰਾ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪੰਜਾਬ ਰਾਜ ਪਾਵਰ ਅਤੇ ਟਰਾਂਸਕੋ ਦੀ ਜਥੇਬੰਦੀ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਕਾਦੀਆਂ ਮੰਡਲ ਦਫਤਰ ਵਿਖੇ ਕੁੰਦਨ ਸਿੰਘ ਦੀ ਪ੍ਰਧਾਨਗੀ ਹੇਠ ਮਹੀਨਾਵਾਰ ਮੀਟਿੰਗ ਕੀਤੀ ਗਈ ਜਿਸ ਵਿੱਚ ਸਰਕਲ ਕਮੇਟੀ ਮੈਂਬਰ ਭੁਪਨੇਸ਼ ਕੁਮਾਰ ਪੱਪੂ ਜੋ ਕਿ ਪਿਛਲੇ ਸਮੇਂ ਸਦੀਵੀ ਵਿਛੋੜਾ ਦੇ ਗਏ ਸਨ, ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਪੰਜਾਬ ਕਮੇਟੀ ਦੇ ਫੈਸਲੇ ਅਨੁਸਾਰ ਮੰਡਲ ਪੱਧਰ ਤੇ ਪੰਜਾਬ ਸਰਕਾਰ ਅਤੇ ਪਾਵਰਕਾਮ ਮੈਨੇਜਮੈਂਟ ਦੇ ਵਿਰੋਧ 'ਚ ਰੋਸ ਮੁਜ਼ਾਹਰਾ ਕੀਤਾ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਰਿਟਾਇਰ ਕਰਮਚਾਰੀਆਂ ਨੇ ਭਾਗ ਲਿਆ ਅਤੇ ਵੱਖ-ਵੱਖ ਬੁਲਾਰਿਆਂ ਆਪਣੇ ਸੰਬੋਧਨ ਦੌਰਾਨ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਸਾਡੀਆਂ ਜਾਇਜ਼ ਮੰਗਾਂ ਨਾ ਮੰਨੀਆਂ ਗਈਆਂ ਤਾਂ ਆਉਣ ਵਾਲੇ ਸਮੇਂ ਵਿੱਚ ਸੰਘਰਸ ਹੋਰ ਤਿੱਖੇ ਕੀਤੇ ਜਾਣਗੇ ਜਿਸ ਦੀ ਜ਼ਿੰਮੇਵਾਰੀ ਖੁਦ ਸਰਕਾਰ ਅਤੇ ਪਾਵਰ ਕਾਮ ਮੈਨੇਜਮੈਂਟ ਦੀ ਹੋਵੇਗੀ। ਮੰਗ ਕੀਤੀ ਗਈ ਕਿ 1-1-16 ਤੋਂ ਪਹਿਲਾਂ ਸੇਵਾ ਮੁਕਤ ਹੋਏ ਕਰਮਚਾਰੀਆਂ ਨੂੰ 2.59 ਦੇ ਗੁਣਾਕ ਨਾਲ ਪੈਨਸਨ ਦਿੱਤੀ ਜਾਵੇ ਅਤੇ ਮਹਿੰਗਾਈ ਭੱਤਾ 46% ਅਤੇ ਬਕਾਇਆ ਏਰੀਅਰ ਦਿੱਤਾ ਜਾਵੇ, ਬਿਜਲੀ ਯੂਨਿਟਾਂ ਦੀ ਰਿਆਇਤ ਸੇਵਾ ਮੁਕਤ ਕਰਮਚਾਰੀਆਂ ਨੂੰ ਦਿੱਤੀ ਜਾਵੇ, ਪੈਨਸ਼ਨਾਂ ਦਾ ਬਕਾਇਆ 1-1- 16 ਤੋਂ 30-6-21 ਤੱਕ ਜਾਰੀ ਕੀਤਾ ਜਾਵੇ, ਫਿਕਸ ਮੈਡੀਕਲ ਭੱਤਾ 2000 ਮਹੀਨਾ ਕੀਤਾ ਜਾਵੇ, ਬਿਨਾਂ ਸ਼ਰਤ 23 ਸਾਲਾ ਸਕੇਲ ਦਿੱਤਾ ਜਾਵੇ, ਕੈਸ਼ਲੈੱਸ ਸਕੀਮ ਮੈਡੀਕਲ ਬੀਮਾ ਯੋਜਨਾ ਲਾਗੂ ਕੀਤੀ ਜਾਵੇ। ਇਸ ਮੌਕੇ ਬੁਲਾਰਿਆਂ ਵਿੱਚ ਬਲਵਿੰਦਰ ਸਿੰਘ, ਬਲਵੀਰ ਸਿੰਘ, ਗੁਰਮੇਜ ਸਿੰਘ, ਰਮੇਸ਼ ਸ਼ਰਮਾ, ਸੰਤੋਖ ਸਿੰਘ, ਟੀਐੱਸਯੂ ਦੇ ਸਰਕਲ ਪ੍ਰਧਾਨ ਜਗਤਾਰ ਸਿੰਘ ਖੁੰਡਾ ਨੇ ਵੀ ਸੰਬੋਧਨ ਕੀਤਾ।

## ਕਿਸਾਨੀ ਮੋਰਚੇ 'ਚ ਸ਼ਹੀਦ ਬੀਬੀ ਬਲਵਿੰਦਰ ਕੌਰ ਦਾ ਵਲੀਪੁਰ 'ਚ ਅੰਤਿਮ ਸੰਸਕਾਰ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਿਸਾਨੀ ਮੋਰਚੇ ਸ਼ੰਭੂ 'ਚ ਪਹਿਲੀ ਸ਼ਹੀਦ ਹੋਈ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਮੈਂਬਰ ਬੀਬੀ ਬਲਵਿੰਦਰ ਕੌਰ ਦਾ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਵਲੀਪੁਰ ਵਿਖੇ ਕੀਤਾ ਗਿਆ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਪ੍ਰਧਾਨ ਸਤਨਾਮ ਸਿੰਘ ਮਾਣੋਚਾਹਲ, ਸੂਬਾ ਆਗੂ ਸਲਵਿੰਦਰ ਸਿੰਘ ਚਤਾਲਾ, ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਨੇ ਬੀਬੀ ਬਲਵਿੰਦਰ ਕੌਰ ਦੇ ਸੰਸਕਾਰ ਮੌਕੇ ਪਰਿਵਾਰ ਨਾਲ ਦੁੱਖ ਪ੍ਰਗਟਾਉਂਦੇ ਹੋਏ ਸ਼ਰਧਾ ਦੇ ਫੁੱਲ ਭੇਟ ਕੀਤੇ। ਕਿਸਾਨ ਆਗੂਆਂ ਨੇ ਕਿਹਾ ਕੀ ਇਹ ਸਾਡੀ ਬਦਕਿਸਮਤੀ ਹੈ ਕਿ ਸਰਕਾਰ ਦੀਆਂ ਨਾਲਾਇਕੀਆਂ, ਮਾੜੀਆਂ ਨੀਤੀਆਂ, ਕਾਰਪੋਰੇਟ ਪੱਖੀ ਸੋਚ ਕਰਕੇ ਆਮ ਲੋਕਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕਾਰਪੋਰੇਟ ਘਰਾਣਿਆਂ ਲਈ ਕਾਰਪੋਰੇਟ ਪੱਖੀ ਕਾਨੂੰਨ ਬਣ ਸਕਦੇ ਹਨ, ਉਨ੍ਹਾਂ ਦਾ ਹਜ਼ਾਰਾਂ ਕਰੋੜਾਂ ਦਾ ਕਰਜ਼ਾ ਮਾਫ ਹੋ ਸਕਦਾ ਹੈ ਤਾਂ ਕਿਸਾਨਾਂ ਦੀਆਂ ਮੰਗਾਂ ਤੋਂ ਸਰਕਾਰ ਕਿਉਂ ਭੱਜ ਰਹੀ ਹੈ? ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹੈ। ਸਾਰੀ ਆਰਥਿਕਤਾ ਕਿਸਾਨੀ ਦੁਆਲੇ ਘੁੰਮਦੀ ਹੈ। ਜੇਕਰ ਕਿਸਾਨੀ ਨਾ ਬਚਾਈ ਗਈ ਤਾਂ ਇਹ ਸਾਰਾ ਢਾਂਚਾ ਤਹਿਸ-ਨਹਿਸ ਹੋ ਜਾਵੇਗਾ ਜਿਸ ਨੂੰ ਬਚਾਉਣ ਲਈ ਬੀਬੀ ਬਲਵਿੰਦਰ ਕੌਰ ਨੇ ਆਪਣੀ ਜ਼ਿੰਮੇਵਾਰੀ ਸਮਝਦੇ ਹੋਏ ਲਗਾਤਾਰ ਮੋਰਚੇ ਵਿੱਚ ਹਾਜ਼ਰੀ ਭਰੀ ਤੇ ਸ਼ਹੀਦੀ ਪ੍ਰਾਪਤ ਕਰ ਗਏ। ਕਿਸਾਨ ਆਗੂਆਂ ਨੇ ਕਿਹਾ ਕਿ ਬੀਬੀ ਬਲਵਿੰਦਰ ਕੌਰ ਦੀ ਸ਼ਹੀਦੀ ਨੂੰ ਅਸੀਂ ਯਾਦ ਰੱਖਦੇ ਹੋਏ ਉਨ੍ਹਾਂ ਦੀ ਸੋਚ 'ਤੇ ਚਲਦੇ ਹੋਏ ਇਸ ਮੋਰਚੇ ਨੂੰ ਜਿੱਤ ਦੀਆਂ ਰਾਹਾਂ 'ਤੇ ਲੈ ਕੇ ਜਾਵਾਂਗੇ। ਹਰ ਦੱਬੇ ਕੁਚਲੇ ਵਰਗ ਦਾ ਨਾਲ ਖੜੇ ਹੋ ਕੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਾਂਗੇ। ਕਿਸਾਨ ਆਗੂਆਂ ਨੇ ਅਪੀਲ ਕੀਤੀ ਇਹ ਮੋਰਚਾ ਦੇਸ਼ ਨੂੰ ਬਚਾਉਣ ਲਈ ਅਖੀਰਲੀ ਲੜਾਈ ਹੈ। ਇਸ ਵਿੱਚ ਹਰ ਵਰਗ ਨੂੰ ਸ਼ਾਮਲਹੋਣਾ ਚਾਹੀਦਾ ਹੈ। ਇਸ ਦੁੱਖ ਦੀ ਘੜੀ ਵਿੱਚ ਰੇਸ਼ਮ ਸਿੰਘ ਘੁਰਕਵਿੰਡ, ਜਰਨੈਲ ਸਿੰਘ ਨੂਰਦੀ, ਫਤਿਹ ਸਿੰਘ ਪਿੱਦੀ, ਸਲਵਿੰਦਰ ਸਿੰਘ ਜੀਉਬਾਲਾ, ਲਖਵਿੰਦਰ ਸਿੰਘ ਪਲਾਸੌਰ, ਸੁਖਵਿੰਦਰ ਸਿੰਘ ਦੁਗਲਵਾਲਾ ਕੁਲਦੀਪ ਸਿੰਘ ਬੁੱਗਾ ਆਦਿ ਆਗੂ ਹਾਜ਼ਰ ਹੋਏ।

## ਬਾਪੂ ਜਰਨੈਲ ਸਿੰਘ ਢਿੱਲੋਂ ਨੂੰ ਸ਼ਰਧਾਂਜਲੀ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਬਾਪੂ ਜਰਨੈਲ ਸਿੰਘ ਢਿੱਲੋਂ ਜੋ ਕੁਝ ਦਿਨ ਪਹਿਲਾਂ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਦੀ ਆਤਮਿਕ ਸ਼ਾਂਤੀ ਲਈ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਪਿੰਡ ਝਬਾਲ ਕਲਾਂ ਵਿਖੇ ਪਾਏ ਗਏ।ਉਪਰੰਤ ਕੀਰਤਨ ਅੰਤਿਮ ਅਰਦਾਸ ਗੁਰਦੁਆਰਾ ਬਾਬਾ ਸਿਧਾਣਾ ਵਿਖੇ ਹੋਈ।ਇਸ ਮੌਕੇ ਕਾਂਗਰਸ ਪਾਰਟੀ ਦੇ ਸੂਬਾ ਆਗੂ ਤੇ ਤਰਨ ਤਾਰਨ ਜ਼ਿਲ੍ਹੇ ਦੇ ਮੀਤ ਪ੍ਰਧਾਨ ਕਰਨਬੀਰ ਸਿੰਘ ਬੁਰਜ, ਦਲਜੀਤ ਸਿੰਘ ਢਿੱਲੋਂ ਝਬਾਲ, ਯੋਗਰਾਜ ਸਿੰਘ ਢਿੱਲੋਂ, ਜਰਮਨ ਸਿੰਘ ਢਿੱਲੋਂ, ਸਰਤਾਜ ਸਿੰਘ ਢਿੱਲੋਂ, ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ, ਸਰਪੰਚ ਪ੍ਰੀਤਇੰਦਰ ਸਿੰਘ ਚੀਨੀਆਂ, ਸਰਪੰਚ ਗੁਰਵਿੰਦਰ ਸਿੰਘ ਬਾਬਾ ਲੰਗਾਹ, ਬਗੀਚਾ ਸਿੰਘ ਲਹੀਆ, ਗੁਰਭੇਜ ਸਿੰਘ ਬਘੇਲ ਸਿੰਘ ਵਾਲਾ, ਜਗਮੋਹਨ ਸਿੰਘ ਝਬਾਲ, ਕਸ਼ਮੀਰ ਸਿੰਘ ਫੌਜੀ ਬਘੇਲ ਸਿੰਘ ਵਾਲਾ, ਮੁਖਤੂਲ ਸਿੰਘ ਲੀਡਰ ਸਵਰਗਾਪੁਰੀ, ਸਰਪੰਚ ਜੱਗਾ ਸਿੰਘ ਸਵਰਗਾਪੁਰੀ, ਸ਼ਮਸ਼ੇਰ ਸਿੰਘ ਝਾਮਕਾ, ਗੁਰਦੁਆਰਾ ਮਾਤਾ ਭਾਗ ਕੌਰ ਮੁੱਖ ਸੇਵਾਦਾਰ ਬਾਬਾ ਗੁਰਸੇਵਕ ਸਿੰਘ, ਮੇਜਰ ਸਿੰਘ, ਅਮਰਜੀਤ ਸਿੰਘ, ਰਣਧੀਰ ਸਿੰਘ, ਗੁਰਬੀਰ ਸਿੰਘ, ਪ੍ਰਗਟ ਸਿੰਘ ਭੋਜੀਆ, ਸੁਖਦੇਵ ਸਿੰਘ ਦੋਧੀ ਝਬਾਲ, ਸੁਰਜੀਤ ਸਿੰਘ ਢਿੱਲੋਂ, ਹਰਭਜਨ ਸਿੰਘ ਲਹੀਆ, ਤਰਲੋਚਨ ਸਿੰਘ, ਸੁਖਰਾਜ ਸਿੰਘ ਕਾਲੂ, ਜਸਪਾਲ ਸਿੰਘ ਕਾਲੂ, ਸੁੱਖ ਆੜ੍ਹਤੀਆ, ਰਾਜਵਿੰਦਰ ਸਿੰਘ ਢਿੱਲੋਂ ਝਬਾਲ ਅਤੇ ਜਗਮੋਹਨ ਸਿੰਘ ਬੈਟਰੀ ਵਾਲਿਆਂ ਸ਼ਰਧਾਂਜਲੀਆਂ ਭੇਟ ਕੀਤੀਆਂ।

## ਡਾ. ਚੀਮਾ ਦੇ ਹੱਕ 'ਚ ਪਿੰਡ-ਪਿੰਡ ਚੋਣ ਮੀਟਿੰਗਾਂ ਦਾ ਦੌਰ ਜਾਰੀ



**ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੇ ਹੱਕ 'ਚ ਅੱਜ ਵਿਧਾਨ ਸਭਾ ਹਲਕਾ ਦੀਨਾਨਗਰ ਦੇ ਇੰਚਾਰਜ ਕਮਲਜੀਤ ਚਾਵਲਾ ਦੀ ਅਗਵਾਈ ਵਿਚ ਪਿੰਡ ਚੂਹੜਚੱਕ, ਡਾਲੀਆਂ, ਖਿੱਚੀਆਂ ਅਤੇ ਪਿੰਡ ਜੱਗੋ ਚੱਕ ਟਾਂਡਾ ਵਿਚ ਹੋਈਆਂ ਭਰਵੀਆਂ ਚੋਣ ਮੀਟਿੰਗਾਂ ਨੇ ਰੈਲੀਆਂ ਦਾ ਰੂਪ ਧਾਰਨ ਕਰ ਲਿਆ।ਇਸ ਮੌਕੇ ਸੰਬੋਧਨ ਕਰਦਿਆਂ ਡਾ. ਚੀਮਾ ਨੇ ਆਖਿਆ ਕਿ ਨਾ ਤਾਂ ਪੰਜਾਬ ਵਿਚ ਘਰ-ਘਰ ਨੌਕਰੀ ਦੇਣ ਦੇ ਸਬਜ਼ਬਾਗ ਦਿਖਾਉਣ ਵਾਲੀ ਕਾਂਗਰਸ ਦੇ ਵਾਅਦੇ ਵਫਾ ਹੋਏ ਅਤੇ ਨਾ ਹੀ ਚੋਣ ਗਾਰੰਟੀਆਂ ਦੇਣ ਵਾਲੀ ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਲਾਰੇ ਪੂਰੇ ਹੋਏ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੀਆਂ ਸਰਕਾਰਾਂ ਵੇਲੇ ਗਰੀਬਾਂ ਨੂੰ ਮੁਫਤ ਆਟਾ-ਦਾਲ, ਪੈਨਸ਼ਨਾਂ, ਮੁਫਤ ਬਿਜਲੀ ਅਤੇ ਸਾਈਕਲ ਯੋਜਨਾਵਾਂ ਚਲਾ ਕੇ ਹਰ ਵਰਗ ਨੂੰ ਸਹੂਲਤਾਂ ਦਿੱਤੀਆਂ ਸਨ।ਉਨ੍ਹਾਂ ਕਿਹਾ ਕਿ ਲੋਕ ਵਾਰ-ਵਾਰ ਇਨ੍ਹਾਂ ਦੇ ਝਾਂਸੇ ਵਿਚ ਨਹੀਂ ਆਉਣਗੇ ਅਤੇ ਇਸ ਵਾਰ ਲੋਕ ਸਭਾ ਚੋਣਾਂ ਵਿਚ ਪੰਜਾਬ ਅਤੇ ਪੰਥ ਦੀ ਪਹਿਰੇਦਾਰ ਪਾਰਟੀ ਸ਼੍ਰੋਮਣੀ ਅਕਾਲੀ ਦਲ ਨੂੰ ਜਿਤਾ ਕੇ ਲੋਕਾਂ ਨੂੰ ਗੁੰਮਰਾਹ ਕਰਕੇ ਠੱਗਣ ਵਾਲੀਆਂ ਸਿਆਸੀ ਪਾਰਟੀਆਂ ਨੂੰ ਮੂਧੇ ਮੂੰਹ ਸੁੱਟਣਗੇ।ਇਸ ਮੌਕੇ ਜਸਵਿੰਦਰ ਸਿੰਘ ਹੈਪੀ, ਗੁਰਨਾਮ ਸਿੰਘ ਸਰਕਲ ਪ੍ਰਧਾਨ, ਗਗਨਦੀਪ ਸਿੰਘ, ਦਲਜੀਤ ਸਿੰਘ, ਲਖਵਿੰਦਰ ਸਿੰਘ, ਸਾਬਕਾ ਸਰਪੰਚ ਪਲਵਿੰਦਰ ਸਿੰਘ, ਰਾਜਵਿੰਦਰ ਸਿੰਘ, ਗੁਰਮੇਜ਼ ਸਿੰਘ, ਜਰਨੈਲ ਸਿੰਘ, ਰਾਜਿੰਦਰ ਸਿੰਘ, ਕਰਨੈਲ ਸਿੰਘ, ਨਿਰਮਲ ਸਿੰਘ, ਸੁਖਵਿੰਦਰ ਸਿੰਘ, ਕੁਲਦੀਪ ਸਿੰਘ ਪਰਮਜੀਤ ਸਿੰਘ ਡਾਲੀਆਂ, ਧਰਮਿੰਦਰਜੀਤ ਸਿੰਘ, ਦਲੇਰ ਸਿੰਘ, ਜਸਪਾਲ ਸਿੰਘ, ਹਰਨਾਮ ਸਿੰਘ, ਮਾ. ਜੋਗਿੰਦਰ ਸਿੰਘ, ਬਲਜੀਤ ਸਿੰਘ, ਬਿੱਲਾ ਪਾਲੀ, ਸੁਲੱਖਣ ਸਿੰਘ, ਕਰਨਵੀਰ ਸਿੰਘ, ਜਸਕਰਨ ਸਿੰਘ ਚੂਹੜਚੱਕ, ਗੁਰਨਾਮ ਸਿੰਘ, ਅਜੀਤ ਸਿੰਘ, ਸਤਨਾਮ ਸਿੰਘ, ਰਮਨਦੀਪ ਸਿੰਘ, ਗੁਰਮੁਖ ਸਿੰਘ, ਗੁਰਦੇਵ ਸਿੰਘ, ਪਲਵਿੰਦਰ ਸਿੰਘ, ਅਮਰਜੀਤ ਸਿੰਘ, ਮਨਜੀਤ ਸਿੰਘ, ਹਰਿੰਦਰ ਸਿੰਘ, ਆਤਮਾ ਸਿੰਘ, ਬਲਕਾਰ ਸਿੰਘ ਸਰਪੰਚ, ਪ੍ਰੇਮ ਸਿੰਘ ਅਤੇ ਇੰਦਰਜੀਤ ਸਿੰਘ ਆਦਿ ਵੀ ਹਾਜ਼ਰ ਸਨ।

## ਬੰਡਾਲਾ 'ਚ ਹੋਈ ਬੇਅਦਬੀ ਦੀ ਐਡਵੋਕੇਟ ਧਾਮੀ ਵੱਲੋਂ ਸਖ਼ਤ ਨਿੰਦਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਬੰਡਾਲਾ ਵਿਖੇ ਗੁਰਦੁਆਰਾ ਸਾਹਿਬ ਬਾਬਾ ਬੀਰ ਸਿੰਘ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੀਤੀ ਗਈ ਬੇਅਦਬੀ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਪਿਛਲੇ ਕੁਝ ਸਮੇਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ, ਪਰ ਪੁਲਸ ਪ੍ਰਸ਼ਾਸਨ ਅਤੇ ਸਰਕਾਰ ਅਜਿਹੀਆਂ ਘਟਨਾਵਾਂ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਅਸਫਲ ਰਹੇ ਹਨ।ਅਜਿਹੀਆਂ ਘਟਨਾਵਾਂ ਕਿਸੇ ਵੱਡੀ ਸਾਜ਼ਿਸ਼ ਦਾ ਹਿੱਸਾ ਹਨ, ਜਿਸ ਪਿਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਸ਼ਾਹਮਣੇ ਲਿਆਉਣਾ ਬੇਹੱਦ ਜ਼ਰੂਰੀ ਹੈ।ਸਰਕਾਰ ਅਤੇ ਪੁਲਿਸ ਵੱਲੋਂ ਬੇਅਦਬੀ ਦੇ ਦੋਸ਼ੀਆਂ ਨੂੰ ਸਖ਼ਤ ਅਤੇ ਮਿਸਾਲੀ ਸਜ਼ਾਵਾਂ ਨਾ ਦਿੱਤੇ ਜਾਣ ਦੇ ਕਾਰਨ ਹੀ ਸੰਗਤ ਅੰਦਰ ਭਾਰੀ ਰੋਸ ਅਤੇ ਰੋਹ ਪੈਦਾ ਹੋਇਆ ਹੈ।ਸਰਕਾਰ ਆਪਣੇ ਤੰਤਰ ਰਾਹੀਂ ਫਿਰੋਜ਼ਪੁਰ ਦੀ ਬੇਅਦਬੀ ਘਟਨਾ ਪਿੱਛੇ ਕੰਮ ਕਰਦੀਆਂ ਸ਼ਕਤੀਆਂ ਨੂੰ ਨਸ਼ਰ ਕਰੇ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸੰਗਤ ਨੂੰ ਵੀ ਅਪੀਲ ਕੀਤੀ ਕਿ ਗੁਰਦੁਆਰਾ ਸਾਹਿਬਾਨ ਅੰਦਰ ਸੀਸੀਟੀਵੀ ਕੈਮਰੇ ਰਾਹੀਂ ਨਿਗਰਾਨੀ ਅਤੇ ਸੁਰੱਖਿਆ ਦੇ ਪੁਖਤਾ ਇਤਜ਼ਾਮ ਕਰਨ ਅਤੇ ਪਹਿਰੇਦਾਰੀ ਲਈ ਹਰ ਸਮੇਂ ਸੇਵਾਦਾਰ ਗੁਰਦੁਆਰਾ ਸਾਹਿਬਾਨ 'ਚ ਹਾਜ਼ਰ ਰਹਿਣ।

## ਕਾਂਗਰਸ ਪਾਰਟੀ ਨੂੰ ਝਟਕਾ, ਅਨੇਕਾਂ ਪਰਿਵਾਰ ਭਾਰਤੀ ਜਨਤਾ ਪਾਰਟੀ 'ਚ ਸ਼ਾਮਿਲ



**ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)**-ਕਾਂਗਰਸ ਪਾਰਟੀ ਨੂੰ ਉਸ ਵੇਲੇ ਝਟਕਾ ਲੱਗਾ ਜਦੋਂ ਅਜਨਾਲਾ ਤਹਿਸੀਲ ਦੇ ਪਿੰਡ ਤਲਵੰਡੀ ਰਾਏ ਦਾਦੂ ਦੇ ਅਨੇਕਾਂ ਪਰਿਵਾਰ ਅੰਮ੍ਰਿਤਸਰ ਲੋਕ ਸਭਾ ਹਲਕਾ ਤੋਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਤਰਨਜੀਤ ਸਿੰਘ ਸੰਧੂ ਅਤੇ ਅਜਨਾਲੇ ਤੋਂ ਸਾਬਕਾ ਵਿਧਾਇਕ ਪ੍ਰਧਾਨ ਓਬੀਸੀ ਮੋਰਚਾ ਬੋਨੀ ਅਮਰਪਾਲ ਸਿੰਘ ਅਜਨਾਲਾ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋ ਗਏ। ਇਸ ਮੌਕੇ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਪਾਰਟੀ ਦਾ ਚਿੰਨ੍ਹ ਗਲ ਵਿੱਚ ਪਾ ਕੇ ਸਨਮਾਨਿਤ ਕੀਤਾ ਅਤੇ ਆਏ ਹੋਏ ਵਰਕਰਾਂ ਨੂੰ ਵਿਸ਼ਵਾਸ ਦਵਾਇਆ ਕਿ ਭਾਰਤੀ ਜਨਤਾ ਪਾਰਟੀ ਵਿੱਚ ਉਨ੍ਹਾਂ ਨੂੰ ਬਣਨ ਦਾ ਮਾਣ ਸਤਿਕਾਰ ਦਿੱਤਾ ਜਾਵੇਗਾ। ਇਸ ਮੌਕੇ ਸਵਾਗਤ ਕਰਨ ਵਾਲਿਆਂ ਵਿੱਚ ਸੀਨੀਅਰ ਮੀਤ ਪ੍ਰਧਾਨ ਪ੍ਰਦੀਪ ਕੁਮਾਰ, ਸੀਨੀਅਰ ਮੀਤ ਪ੍ਰਧਾਨ ਬੀਬੀ ਜਗਦੀਸ਼ ਕੌਰ, ਬਾਊ ਰਾਮ ਸ਼ਰਨ, ਸਤਿੰਦਰ ਸਿੰਘ ਮਾਕੋਵਾਲ, ਕੌਂਸਲਰ ਵਿਕਰਮ ਬੇਦੀ, ਡਾਕਟਰ ਦੀਪਕ ਸਰਪਾਲ, ਐਡਵੋਕੇਟ ਸੰਦੀਪ ਕੌਸ਼ਲ, ਧਰਮਿੰਦਰ ਸਿੰਘ, ਪ੍ਰਿੰਸ, ਲੱਕੀ, ਬੇਦੀ, ਵਿਪਨ ਖੱਤਰੀ, ਵਿਜੇ ਕੁਮਾਰ ਬੀਕਾ, ਵਿਨੋਦ ਅਰੋੜਾ, ਸੌਰਵ ਸਰੀਨ, ਕਸ਼ਮੀਰ ਸਿੰਘ ਕਾਕੂ, ਗਾਂਧੀ ਮੋਬਾਈਲਾਂ ਵਾਲੇ, ਦੀਪੂ ਅਰੋੜਾ ਆਦੀ ਹਾਜ਼ਰ ਸਨ ।

## ਕਾਮਰੇਡ ਐੱਚ. ਐੱਸ. ਪ੍ਰਮਾਰ ਦੀ ਨਿੱਘੀ ਯਾਦ 'ਚ ਸਮਾਗਮ 9 ਨੂੰ: ਗੰਡੀਵਿੰਡ/ਲਾਹੌਰੀਆ



**ਤਰਨ ਤਾਰਨ (ਨਜ਼ਸ)**-ਬਿਜਲੀ ਕਾਮਿਆਂ ਦੀ ਸੰਘਰਸ਼ਸੀਲ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਰਜਿਸਟਰਡ ਨੰਬਰ 41 ਦੇ ਬਾਨੀ ਪ੍ਰਧਾਨ ਮਰਹੂਮ ਕਾਮਰੇਡ ਐੱਚ. ਐੱਸ. ਪ੍ਰਮਾਰ ਦੇ ਜਨਮ ਦਿਨ ਨੂੰ ਸਮਰਪਿਤ ਉਨ੍ਹਾਂ ਦੀ ਨਿੱਘੀ ਯਾਦ ਵਿੱਚ ਹਰੇਕ ਸਾਲ ਦੀ ਤਰ੍ਹਾਂ ਲਗਾਇਆ ਜਾ ਰਿਹਾ ਟਰੇਡ ਯੂਨੀਅਨ ਸਕੂਲ 9 ਮਈ ਦਿਨ ਵੀਰਵਾਰ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਜਥੇਬੰਦੀ ਦੇ ਬਰਨਾਲਾ ਸਰਕਲ ਯੂਨਿਟ ਵੱਲੋ ਸਰਕਲ ਪ੍ਰਧਾਨ ਗੁਰਧਿਆਨ ਸਿੰਘ ਅਤੇ ਸਰਕਲ ਸਕੱਤਰ ਗਗਨਦੀਪ ਸਿੰਘ ਦੀ ਸੁਚੱਜੀ ਅਗਵਾਈ ਹੇਠ ਪੂਰੇ ਜੋਸ਼ੋ-ਖਰੋਸ਼ ਨਾਲ ਲਗਾਇਆ ਜਾ ਰਿਹਾ ਹੈ।ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ ਅਤੇ ਜਨਰਲ ਸਕੱਤਰ ਸਰਿੰਦਰ ਪਾਲ ਸਿੰਘ ਲਾਹੌਰੀਆ ਨੇ ਦੱਸਿਆ ਕਿ ਕਾਮਰੇਡ ਪ੍ਰਮਾਰ ਵੱਲੋਂ ਆਪਣੇ ਜੀਵਨ ਵਿੱਚ ਮੁਲਾਜ਼ਮ ਲਹਿਰ ਨੂੰ ਨਿਰਸਵਾਰਥ ਰਹਿ ਕੇ ਦਿੱਤੀਆ ਸ਼ਾਨਦਾਰ ਸੇਵਾਵਾਂ ਦੇ ਮੱਦੇਨਜ਼ਰ ਬਿਜਲੀ ਕਾਮੇ ਆਪਣੇ ਮਰਹੂਮ ਆਗੂ ਨੂੰ ਹਰ ਸਾਲ ਯਾਦ ਕਰਦੇ ਹੋਏ ਉਨ੍ਹਾਂ ਦੇ ਪੂਰਨਿਆਂ 'ਤੇ ਚਲਣ ਦਾ ਪ੍ਰਣ ਦੁਹਰਾਉਂਦੇ ਹਨ ।ਗੰਡੀਵਿੰਡ ਨੇ ਕਿਹਾ ਕਿ ਉਨ੍ਹਾਂ ਦੀ ਯਾਦ ਵਿੱਚ ਰੱਖੇ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਜਥੇਬੰਦੀ ਦੇ ਆਗੂਆਂ ਨੂੰ ਸਿੱਖਿਅਤ ਕਰਨ ਲਈ ਹਰੇਕ ਸਾਲ ਦੀ ਤਰ੍ਹਾਂ ਪੰਜਾਬ ਏਟਕ ਦੇ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਅਤੇ ਵਰਕਿੰਗ ਪ੍ਰਧਾਨ ਕਾਮਰੇਡ ਸੁਖਦੇਵ ਸ਼ਰਮਾ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ ।ਗੰਡੀਵਿੰਡ ਨੇ ਕਿਹਾ ਕਿ ਕਾਮਰੇਡ ਪ੍ਰਮਾਰ ਨੇ ਬਿਜਲੀ ਕਾਮਿਆਂ ਦੀ 1974 ਵਿੱਚ ਫੇਲ ਹੋਈ ਹੜਤਾਲ ਤੋ ਬਾਅਦ ਸਰਕਾਰੀ ਜਬਰ ਦੀ ਬੁਰੀ ਤਰ੍ਹਾਂ ਝੰਬੀ ਹੋਈ ਅਤੇ ਕਿੱਤਾਵਾਰ ਜਥੇਬੰਦੀਆਂ ਵਿੱਚ ਵੰਡੀ ਹੋਈ ਬਿਜਲੀ ਕਾਮਿਆਂ ਦੀ ਲਹਿਰ ਨੂੰ ਸਖਤ ਮਿਹਨਤ ਰਾਹੀਂ ਇਕਜੁੱਟ ਕਰਕੇ ਸਾਰੇ ਵਰਗਾਂ ਦੀ ਪ੍ਰਤੀਨਿਧਤਾ ਕਰਨ ਵਾਲੀ 'ਇਕ ਅਦਾਰਾ ਇਕ ਯੂਨੀਅਨ' ਦੇ ਸਿਧਾਂਤ ਨੂੰ ਪ੍ਰਣਾਈ ਜਥੇਬੰਦੀ ਪੀਐੱਸਈਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦਾ ਗਠਨ ਕਰਕੇ ਬਾਨੀ ਪ੍ਰਧਾਨ ਬਣਨ ਦਾ ਮਾਣ ਪ੍ਰਾਪਤ ਕੀਤਾ ਜੋ ਉਸ ਵਕਤ ਦਾ ਬਹੁਤ ਵੱਡਾ ਕਾਰਜ ਸੀ ।ਸੂਬਾ ਪ੍ਰਧਾਨ ਗੰਡੀਵਿੰਡ ਨੇ ਜਥੇਬੰਦੀ ਦੀ ਮੌਜੂਦਾ ਅਤੇ ਸਾਬਕਾ ਲੀਡਰਸ਼ਿਪ ਨੂੰ ਸਮਾਗਮ ਵਿੱਚ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ।

## ਅਕਾਲ ਅਕੈਡਮੀ ਤਿੱਬੜ ਵਿਖੇ ਬੱਚਿਆਂ ਲਈ ਅੱਖਾਂ ਦਾ ਫਰੀ ਕੈਂਪ ਲਗਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਡਾਕਟਰਾਂ ਦੀ ਮਾਹਿਰ ਵਿਜ਼ਨ ਸਕਰੀਨਿੰਗ ਟੀਮ ਦੁਆਰਾ ਅਕਾਲ ਅਕੈਡਮੀ ਤਿੱਬੜ ਵਿਖੇ ਬੱਚਿਆਂ ਦੇ ਲਈ ਅੱਖਾਂ ਦਾ ਫਰੀ ਜਾਂਚ ਕੈਂਪ ਲਗਾਇਆ ਗਿਆ।ਅੱਖਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਵਿੱਚ ਡਾ. ਜੱਸੀ ਸ਼ਰਮਾ, ਡਾ. ਵਿਨਿਤ ਪਾਂਡੇ ਅਤੇ ਡਾ. ਅਕਸ਼ੇ ਚੌਧਰੀ ਨੇ 690 ਬੱਚਿਆਂ ਦੀਆਂ ਅੱਖਾਂ ਦਾ ਚੈੱਕਅੱਪ ਕੀਤਾ ਗਿਆ, ਜਿਨ੍ਹਾਂ ਵਿੱਚੋਂ 71 ਬੱਚਿਆਂ ਦੀ ਨਜ਼ਰ ਕਮਜ਼ੋਰ ਪਾਈ ਗਈ ਅਤੇ 50 ਬੱਚਿਆਂ ਨੂੰ ਐਨਕ ਲਗਾਉਣ ਦੀ ਜ਼ਰੂਰਤ ਦੱਸੀ ਗਈ। ਇਨ੍ਹਾਂ ਬੱਚਿਆਂ ਨੂੰ ਐਨਕਾਂ ਕਲਗੀਧਰ ਬੜੂ ਟਰੱਸਟ ਵੱਲੋਂ ਫਰੀ ਲਗਾਈਆਂ ਜਾਣਗੀਆਂ। ਕੈਂਪ ਦੌਰਾਨ ਮਾਹਿਰ ਡਾਕਟਰਾਂ ਵੱਲੋਂ ਬੱਚਿਆਂ ਨੂੰ ਅੱਖਾਂ ਦੀ ਸਾਂਭ-ਸੰਭਾਲ ਬਾਰੇ ਜਾਣਕਾਰੀ ਦਿੱਤੀ ਗਈ। ਅਕੈਡਮੀ ਦੇ ਪ੍ਰਿੰ. ਗੁਰਵਿੰਦਰ ਕੌਰ ਵੱਲੋਂ ਮਾਹਿਰ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ ਗਿਆ ਅਤੇ ਬੱਚਿਆਂ ਨੂੰ ਸੰਤੁਲਿਤ ਭੋਜਨ ਖਾਣ ਦੇ ਲਈ ਪ੍ਰੇਰਿਤ ਕੀਤਾ ਗਿਆ। ਪ੍ਰਿੰ. ਗੁਰਵਿੰਦਰ ਕੌਰ ਨੇ ਬੱਚਿਆਂ ਨੂੰ ਦੱਸਿਆ ਕਿ ਜ਼ਿਆਦਾ ਟੈਲੀਵਿਜ਼ਨ ਦੇਖਣ ਨਾਲ ਅਤੇ ਜ਼ਿਆਦਾ ਮੋਬਾਇਲ ਫੋਨ ਦੀ ਵਰਤੋਂ ਕਰਨ ਦੇ ਨਾਲ ਵੀ ਸਾਡੀਆਂ ਅੱਖਾਂ ਦੀ ਨਜ਼ਰ ਕਮਜ਼ੋਰ ਹੁੰਦੀ ਹੈ। ਉਨ੍ਹਾਂ ਨੇ ਬੱਚਿਆਂ ਨੂੰ ਅਜਿਹੀਆਂ ਚੀਜ਼ਾਂ ਦੀ ਵਰਤੋਂ ਜ਼ਿਆਦਾ ਨਾ ਕਰਨ ਦੇ ਲਈ ਪ੍ਰੇਰਿਤ ਕੀਤਾ।

## ਸਕੂਲਾਂ 'ਚ ਦਾਖ਼ਲਾ ਕਰਨ ਦੇ ਮਾਮਲੇ 'ਚ ਬਲਾਕ ਪਠਾਨਕੋਟ-3 ਪਹਿਲੇ ਨੰਬਰ 'ਤੇ : ਡੀ ਜੀ ਸਿੰਘ



**ਪਠਾਨਕੋਟ (ਦਵਿੰਦਰ ਸਿੰਘ)**-ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਹਰਭਗਵੰਤ ਸਿੰਘ, ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਜਗਵਿੰਦਰ ਸਿੰਘ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਦੇ ਆਦੇਸ਼ਾਂ ਅਨੁਸਾਰ ਜ਼ਿਲ੍ਹੇ ਭਰ ਦੇ ਸਮੂਹ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਦੋ ਰੋਜ਼ਾ ਮੈਗਾ ਦਾਖ਼ਲਾ ਅਭਿਆਨ ਚਲਾਇਆ ਗਿਆ।ਇਸ ਦੋ ਰੋਜ਼ਾ ਦਾਖ਼ਲਾ ਅਭਿਆਨ ਦੌਰਾਨ ਜ਼ਿਲ੍ਹੇ ਵਿੱਚੋਂ 331 ਵਿਦਿਆਰਥੀ ਪ੍ਰਾਈਵੇਟ ਸਕੂਲਾਂ ਨੂੰ ਛੱਡ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਹੋਏ। ਇਸ ਸਬੰਧੀ ਜਾਣਕਾਰੀ ਦਿੰਦਿਆਂ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਨੇ ਦੱਸਿਆ ਕਿ ਦੋ ਰੋਜ਼ਾ ਮੈਗਾ ਦਾਖ਼ਲਾ ਅਭਿਆਨ ਦੌਰਾਨ ਅਧਿਆਪਕਾਂ ਅਤੇ ਅਧਿਕਾਰੀਆਂ ਵੱਲੋਂ ਘਰ-ਘਰ ਜਾ ਕੇ ਮਾਪਿਆਂ ਨੂੰ ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਦੱਸ 188 ਬੱਚੇ ਪ੍ਰਾਇਮਰੀ ਸਕੂਲਾਂ ਵਿੱਚ ਅਤੇ 143 ਬੱਚੇ ਅੱਪਰ ਪ੍ਰਾਇਮਰੀ ਸਕੂਲਾਂ ਵਿੱਚ ਦਾਖ਼ਲ ਕੀਤੇ। ਇਸ ਤਰ੍ਹਾਂ ਜ਼ਿਲ੍ਹਾ ਭਰ ਵਿੱਚ ਕੁੱਲ 331 ਬੱਚੇ ਦੋ ਦਿਨਾਂ ਵਿੱਚ ਪ੍ਰਾਈਵੇਟ ਸਕੂਲਾਂ ਨੂੰ ਅਲਵਿਦਾ ਕਹਿ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਹੋਏ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋ ਦਿਨਾਂ ਦੌਰਾਨ ਬਲਾਕ ਪਠਾਨਕੋਟ-3 ਵੱਲੋਂ 49 ਬੱਚੇ ਪ੍ਰਾਇਮਰੀ ਸਕੂਲਾਂ ਵਿੱਚ ਦਾਖ਼ਲ ਕਰ ਜ਼ਿਲ੍ਹੇ ਭਰ ਵਿੱਚ ਪਹਿਲਾਂ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਕਲੱਸਟਰਾਂ ਵਿੱਚ ਕਲੱਸਟਰ ਐਮ ਸੀ ਬਜ਼ਾਰ ਨੇ 16 ਅਤੇ ਕਲੱਸਟਰ ਮਾਡਲ ਟਾਊਨ ਨੇ ਵੀ 16 ਬੱਚੇ ਦਾਖ਼ਲ ਕਰ ਜ਼ਿਲ੍ਹੇ ਭਰ ਵਿੱਚੋਂ ਸੰਯੁਕਤ ਤੌਰ ਤੇ ਪਹਿਲਾ ਸਥਾਨ ਅਤੇ ਕਲੱਸਟਰ ਨਰੋਟ ਜੈਮਲ ਸਿੰਘ ਨੇ 15 ਬੱਚੇ ਦਾਖ਼ਲ ਕਰ ਜ਼ਿਲ੍ਹੇ ਭਰ ਵਿੱਚੋਂ ਦੂਜਾ ਸਥਾਨ ਹਾਸਲ ਕੀਤਾ ਹੈ। ਸਕੂਲਾਂ ਸਬੰਧੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਪ੍ਰਾਇਮਰੀ ਸਕੂਲ ਭਦਰੋਆ ਨੇ 12 ਬੱਚੇ ਦਾਖ਼ਲ ਕਰ ਕੇ ਪਹਿਲਾ, ਦੁਨੇਰਾ ਸਕੂਲ ਨੇ 08 ਬੱਚੇ ਦਾਖ਼ਲ ਕਰ ਦੂਜਾ ਅਤੇ ਪ੍ਰਾਇਮਰੀ ਸਕੂਲ ਘਰੋਟਾ ਨੇ 07 ਬੱਚੇ ਦਾਖ਼ਲ ਕਰ ਤੀਜਾ ਸਥਾਨ ਹਾਸਲ ਕੀਤਾ ਹੈ।ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਪਠਾਨਕੋਟ ਨੇ 22 ਬੱਚੇ ਦਾਖ਼ਲ ਕਰਕੇ ਪਹਿਲਾ ਅਤੇ ਹਾਈ ਸਕੂਲਾਂ ਵਿੱਚ ਸਰਕਾਰੀ ਹਾਈ ਸਕੂਲ ਸਰਨਾ ਨੇ 51 ਬੱਚੇ ਦਾਖ਼ਲ ਕਰ ਜ਼ਿਲ੍ਹੇ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ।ਉਨ੍ਹਾਂ ਦੱਸਿਆ ਕਿ ਮੈਗਾ ਦਾਖ਼ਲਾ ਅਭਿਆਨ ਦੌਰਾਨ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਅਧਿਆਪਕਾਂ ਅਤੇ ਅਧਿਕਾਰੀਆਂ ਨੂੰ ਵਿਭਾਗ ਵੱਲੋਂ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ ਵਿਭਾਗ ਵੱਲੋਂ ਸ਼ੁਰੂ ਕੀਤੀ ਗਈ ਦਾਖ਼ਲਾ ਮੁਹਿੰਮ ਇਸੇ ਤਰ੍ਹਾਂ ਜਾਰੀ ਰਹੇਗੀ।

# ਮਾਨ ਸਾਬ ਕਲਾਨੌਰ ਦੇ ਸਿਵਲ ਹਸਪਤਾਲ ਦੀ ਵੀ ਲਓ ਸਾਰ !

### ਰੋਜ਼ਾਨਾ 400 ਓਪੀਡੀ ਵਾਲਾ ਕਲਾਨੌਰ ਹਸਪਤਾਲ ਚੱਲ ਰਿਹਾ ਦੋ ਡਾਕਟਰਾਂ ਦੇ ਸਹਾਰੇ




**ਕਲਾਨੌਰ (ਮਨਦੀਪ ਕੋਹਲੀ)**-ਆਮ ਆਦਮੀ ਪਾਰਟੀ ਦੇ ਵਧੀਆ ਸਿਹਤ ਸੇਵਾਵਾਂ ਅਤੇ ਸਿੱਖਿਆ ਦੇ ਮੁੱਖ ਮੁੱਦਿਆਂ ਨੂੰ ਲੈ ਕੇ ਲੋਕਾਂ ਨੇ ਸਰਕਾਰ ਬਣਾਈ ਸੀ ਪਰ ਉਹ ਦਾਅਵੇ ਅਤੇ ਵਾਅਦੇ ਕਿੰਨੇ ਕੁ ਪੂਰੇ ਹੋਏ ਹਨ ਇਸ ਤੋਂ ਪਤਾ ਲੱਗਦਾ ਹੈ ਕਿ ਸਰਹੱਦੀ ਜ਼ਿਲਾ ਗੁਰਦਾਸਪੁਰ ਦੇ ਕਸਬਾ ਕਲਾਨੌਰ ਦਾ ਸਿਵਿਲ ਹਸਪਤਾਲ ਜੋ ਸਿਰਫ ਦੋ ਡਾਕਟਰਾਂ ਦੇ ਸਹਾਰੇ ਚੱਲ ਰਿਹਾ ਹੈ ਉਨ੍ਹਾਂ ਵਿੱਚੋਂ ਵੀ ਇੱਕ ਡਾਕਟਰ ਦੀ ਡਿਊਟੀ ਹਫਤੇ ਵਿੱਚ ਸਿਰਫ ਤਿੰਨ ਦਿਨ ਹੁੰਦੀ ਹੈ। ਤੁਹਾਨੂੰ ਦੱਸ ਦਈਏ ਕਿ ਬਲਾਕ ਕਲਾਨੌਰ ਦੇ 95 ਪਿੰਡਾਂ ਅਤੇ ਕਸਬਾ ਧਿਆਨਪੁਰ, ਨੌਸ਼ਹਿਰਾ ਮੱਝਾ ਸਿੰਘ ਅਤੇ ਬਲਾਕ ਡੇਰਾ ਬਾਬਾ ਨਾਨਕ ਦੇ ਵੀ ਕੁਝ ਪਿੰਡਾਂ ਦੇ ਲੋਕ ਦਵਾਈ ਲੈਣ ਲਈ ਉਚੇਚੇ ਤੌਰ ਤੇ ਕਲਾਨੌਰ ਆਉਂਦੇ ਹਨ ਕਿਉਂਕਿ ਸੱਪ ਦੇ ਕੱਟਣ ਵਾਲੇ ਮਰੀਜ਼ ਕਲਾਨੌਰ ਹਸਪਤਾਲ ਨੂੰ ਹੀ ਜ਼ਿਆਦਾ ਤਰਜੀਹ ਦਿੰਦੇ ਹਨ ਪਰ ਹੁਣ ਪਿਛਲੇ ਲੰਬੇ ਸਮੇਂ ਤੋਂ ਕਲਾਨੌਰ ਦਾ ਸਿਵਲ ਹਸਪਤਾਲ ਡਾਕਟਰਾਂ ਦੀ ਘਾਟ ਨਾਲ ਜੂਝ ਰਿਹਾ ਹੈ ਰਾਤ ਸਮੇਂ ਤਾਂ ਐਮਰਜੈਂਸੀ ਵਿੱਚ ਕੋਈ ਵੀ ਡਾਕਟਰ ਮੌਜੂਦ ਨਹੀਂ ਹੁੰਦਾ ਕਈ ਵਾਰ ਲੜਾਈ ਝਗੜੇ, ਐਕਸੀਡੈਂਟ ਜਾਂ ਸੱਪ ਦੇ ਕੱਟਿਆ ਵਾਲੇ ਮਰੀਜ਼ ਜਦ ਹਸਪਤਾਲ ਵਿੱਚ ਪਹੁੰਚਦੇ ਹਨ ਤਾਂ ਉਨ੍ਹਾਂ ਨੂੰ ਮਜਬੂਰਨ ਡਿਊਟੀ ਤੇ ਤੈਨਾਤ ਸਟਾਫ ਵੱਲੋਂ ਗੁਰਦਾਸਪੁਰ ਜਾਂ ਅੰਮ੍ਰਿਤਸਰ ਵਿਖੇ ਰੈਫਰ ਕਰ ਦਿੱਤਾ ਜਾਂਦਾ ਹੈ ਭਾਵੇਂ ਕਿ ਇਸ ਕਲਾਨੌਰ ਹਸਪਤਾਲ ਨੂੰ (ਐਨਕੁਆਸ) ਦਾ ਸਰਟੀਫਿਕੇਟ ਵੀ ਮਿਲਿਆ ਹੋਇਆ ਹੈ ਪਰ ਇੱਥੇ ਇਹ ਵੀ ਦੱਸਣਾ ਜ਼ਰੂਰੀ ਹੈ ਕਿ ਇਸ ਹਸਪਤਾਲ ਵਿੱਚ ਨਾ ਤਾਂ ਕੋਈ ਐਮਰਜੈਂਸੀ ਵਿੱਚ ਡਾਕਟਰ ਹੁੰਦਾ ਹੈ ਨਾ ਹੀ ਕੋਈ ਇੱਥੇ ਸਰਜਨ ਹੈ ਅੱਖਾਂ ਵਾਲਾ ਸਪੈਸ਼ਲਿਸਟ ਵੀ ਨਹੀਂ ਹੈ ਅਤੇ ਨਾ ਹੀ ਕੋਈ ਜਨਾਨਾ ਰੋਗਾਂ ਦਾ ਮਾਹਰ ਡਾਕਟਰ ਹੈ। ਆਉਣ ਵਾਲੇ ਦਿਨਾਂ ਵਿੱਚ ਸੱਪ ਦੇ ਕੱਟਿਆਂ ਦੇ ਵੀ ਬਹੁਤ ਮਰੀਜ਼ ਆਉਂਦੇ ਹਨ ਅਤੇ ਸ਼ਹਿਰ ਦੇ ਵਿੱਚ ਮੱਛਰਾਂ ਦਾ ਪ੍ਰਕੋਪ ਵੀ ਪੂਰੇ ਜ਼ੋਰਾਂ ਤੇ ਹੈ ਅਤੇ ਪ੍ਰਸ਼ਾਸਨ ਵੱਲੋਂ ਅਜੇ ਤੱਕ ਕਿਸੇ ਵੀ ਮਹੱਲੇ ਵਿੱਚ ਜਾਂ ਬਾਜਾਰਾਂ ਵਿੱਚ ਮੱਛਰਾਂ ਤੋਂ ਬਚਾਅ ਲਈ ਦਵਾਈ ਦਾ ਛਿੜਕਾਅ ਆਦਿ ਨਹੀਂ ਕਰਵਾਇਆ ਗਿਆ। ਇਸ ਕਲਾਨੌਰ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ ਦਾ ਮੁੱਦਾ ਸੰਸਦ ਵਿੱਚ ਵੀ ਹਲਕੇ ਦੇ ਵਿਧਾਇਕ ਵੱਲੋਂ ਉਠਾਇਆ ਜਾ ਚੁੱਕਿਆ ਹੈ ਪਰ ਉਸ ਦਾ ਵੀ ਕੋਈ ਅਸਰ ਦੇਖਣ ਨੂੰ ਨਹੀਂ ਮਿਲਿਆ। ਇਸ ਸਬੰਧੀ ਜਦੋਂ ਐੱਸਐੱਮਓ ਡਾਕਟਰ ਰਮੇਸ਼ ਅੱਤਰੀ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਡਾਕਟਰਾਂ ਦੀ ਘਾਟ ਸਬੰਧੀ ਉੱਚ ਅਧਿਕਾਰੀਆਂ ਨੂੰ ਲਿਖ ਕੇ ਭੇਜਿਆ ਜਾ ਚੁੱਕਿਆ ਹੈ ਮੈਂ ਫਿਰ ਤੋਂ ਦੁਬਾਰਾ ਅਧਿਕਾਰੀਆਂ ਨੂੰ ਲਿਖ ਦਿੰਦਾ ਹਾਂ ਅਤੇ ਰਾਤ ਨੂੰ ਘੱਟੋ-ਘੱਟ ਤਿੰਨ ਐਮਰਜੈਂਸੀ ਡਾਕਟਰਾਂ ਦੀ ਡਿਊਟੀ ਲਈ ਵੀ ਸਿਫਾਰਿਸ਼ ਕਰਾਂਗਾ ।

## ਬਿਰਧ ਆਸ਼ਰਮ 'ਚ ਵੋਟਰ ਜਾਗਰੂਕਤਾ ਸੈਮੀਨਾਰ ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ਼੍ਰੀ ਘਨਸ਼ਾਮ ਥੋਰੀ ਦੀ ਯੋਗ ਅਗੁਆਈ ਹੇਠ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਵਲੋਂ ਉਲੀਕੇ ਪ੍ਰੋਗਰਾਮ ਤਹਿਤ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸਬੰਧੀ ਗਤੀਵਿਧੀਆਂ ਦੀ ਲੜੀ ਵਜੋਂ ਸ੍ਰੀ ਗੁਰੂ ਰਾਮਦਾਸ ਵਿਰਧ ਆਸ਼ਰਮ ਵਿਖੇ ਵੋਟਰ ਜਾਗਰੂਕਤਾ ਸੈਮੀਨਾਰ ਕਰਵਾਈਆ ਗਿਆ।ਇਸ ਮੌਕੇ ਬੋਲਦੇ ਹੋਏ ਅੰਮ੍ਰਿਤਸਰ ਦੱਖਣੀ ਵਿਧਾਨ ਸਭਾ ਹਲਕੇ ਦੇ ਨੋਡਲ ਅਫ਼ਸਰ ਸਵੀਪ ਮੋਨਿਕਾ ਨੇ ਕਿਹਾ ਕਿ ਅਗਾਮੀ ਲੋਕ ਸਭਾ ਚੋਣਾਂ ਵਿੱਚ ਸਮਾਜ ਦੇ ਹਰ ਵਰਗ ਦੀ ਭਾਗੇਦਾਰੀ ਨੂੰ ਯਕੀਨੀ ਬਣਾਉਣ ਲਈ ਇਸ ਸੈਮੀਨਾਰ ਦਾ ਆਯੋਜਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸੀਨੀਅਰ ਸਿਟੀਜ਼ਨ ਸਾਡੇ ਸਮਾਜ ਦਾ ਵੱਡਮੁਲਾ ਸਰਮਾਇਆ ਹਨ ਅਤੇ ਉਹਨਾਂ ਦਾ ਵੋਟਾਂ ਵਿੱਚ ਭਾਗ ਲੈਣਾ ਸਮਾਜ ਨੂੰ ਲੋਕਤੰਤਰਿਕ ਰਿਵਾਇਤਾਂ ਨੂੰ ਕਾਇਮ ਰੱਖਣ ਦਾ ਸਪਸ਼ਟ ਸੰਦੇਸ਼ ਹੈ। ਉਹਨਾਂ ਕਿਹਾ ਕਿ ਵਿਰਧ ਆਸ਼ਰਮ ਵਿੱਚ ਰਹਿਣ ਵਾਲੇ ਵਿਰਧ ਲੋਕਾਂ ਦਾ ਉਤਸ਼ਾਹ ਦੇਖ ਕੇ ਉਹਨਾਂ ਨੂੰ ਬਹੁਤ ਵਧੀਆ ਲੱਗਾ। ਉਨਾਂ ਸਾਰੇ ਸੀਨੀਅਰ ਸਿਟੀਜ਼ਨ ਨੂੰ 1 ਜੂਨ ਨੂੰ ਆਪਣੇ ਵੋਟ ਪਾਉਣ ਦੇ ਹੱਕ ਦੀ ਵਰਤੋਂ ਕਰਨ ਦੀ ਅਪੀਲ ਕੀਤੀ।ਇਸ ਮੌਕੇ ਸਹਾਇਕ ਨੋਡਲ ਅਫ਼ਸਰ ਸਵੀਪ ਪ੍ਰਦੀਪ ਕਾਲੀਆ, ਸੁਖਦੇਵ ਸਿੰਘ, ਹਰਮਨ ਬੱਗਾ, ਮਨਪ੍ਰੀਤ ਅਤੇ ਕਮਲ ਕੁਮਾਰ ਵੀ ਹਾਜ਼ਰ ਸਨ।

## ਸਮਾਜ ਭਲਾਈ ਦੇ ਕਾਰਜਾਂ 'ਚ ਸ਼ਾਮਿਲ ਮੈਂਬਰਾਂ ਦੀ ਮੀਟਿੰਗ




**ਅੰਮ੍ਰਿਤਸਰ 6 ਮਈ (ਜਸਬੀਰ ਸਿੰਘ ਪੱਟੀ)**-ਦਸ਼ਮੇਸ਼ ਸੇਵਾ ਸੁਸਾਇਟੀ ਦਿੱਲੀ ਦੇ ਪ੍ਰਧਾਨ 'ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਇੰਦਰ ਮੋਹਨ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਦਿੱਲੀ 'ਚ ਪ੍ਰੈੱਸ ਕਲੱਬ ਆਫ ਇੰਡੀਆ ਵਿਖੇ ਇਕ ਭਰਵੀਂ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ 'ਚ ਸਮਾਜ ਭਲਾਈ ਦੇ ਕਾਰਜਾਂ 'ਚ ਹਿੱਸਾ ਲੈਣ ਵਾਲੇ ਉਘੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

ਇੰਦਰ ਮੋਹਨ ਸਿੰਘ ਨੇ ਦੱਸਿਆ ਕਿ ਦਸ਼ਮੇਸ਼ ਸੇਵਾ ਸੁਸਾਇਟੀ, ਦਿੱਲੀ ਸਰਕਾਰ ਪੈਨਸ਼ਨਰ ਗਰੁਪ, ਜੀਐੱਨਸੀਟੀ ਡਾਇਮੰਡ ਗਰੁੱਪ ਤੋਂ ਇਲਾਵਾ ਹੋਰਨਾਂ ਸਮਾਜ ਸੇਵੀਆਂ ਵੱਲੋਂ ਜਾਤੀ ਤੌਰ 'ਤੇ ਕੀਤੀ ਜਾ ਰਹੀ ਸਮਾਜ ਸੇਵਾ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਸਭਨਾਂ ਨੇ ਇਕ ਮੱਤ ਹੋ ਕੇ ਭਵਿੱਖ 'ਚ ਵੀ ਇਸ ਪ੍ਰਕਾਰ ਦੀਆਂ ਸੇਵਾਵਾਂ ਜਾਰੀ ਰੱਖਣ ਤੇ ਆਪਣੀ ਸਹਿਮਤੀ ਦਿੱਤੀ। ਦੱਸਣਯੋਗ ਹੈ ਕਿ ਇਸ ਮੁਹਿੰਮ ਨਾਲ ਜੁੜੇ ਸਮਾਜਸੇਵੀ ਚਿੰਤਕਾਂ ਵੱਲੋਂ ਬੀਤੇ ਸਮੇਂ ਬਿਰਧਘਰ, ਗੁਰਮੱਤ ਵਿਦਿਆਲਾ, ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰਾਂ ਤੇ ਹੋਰਨਾਂ ਲੋੜਵੰਦਾਂ ਨੂੰ ਪੱਗਾਂ, ਸ਼ਾਲਾਂ, ਲੋਈਆਂ, ਗਰਮ ਕੱਪੜੇ, ਜੁਰਾਬਾਂ ਦੀ ਸੇਵਾ 'ਚ ਭਰਵਾਂ ਯੋਗਦਾਨ ਪਾਇਆ ਸੀ। ਉਨ੍ਹਾਂ ਦਸਿਆ ਕਿ ਸਭਨਾਂ ਦੇ ਸਹਿਯੋਗ ਨਾਲ ਭਵਿੱਖ 'ਚ ਵੀ ਇਸ ਪ੍ਰਕਾਰ ਦੀਆਂ ਸੇਵਾਵਾਂ ਜਾਰੀ ਰੱਖਣ ਦੇ ਉਪਰਾਲੇ ਕੀਤੇ ਜਾਣਗੇ। ਇੰਦਰ ਮੋਹਨ ਸਿੰਘ ਨੇ ਸਮਾਜ ਸੇਵਾ ਨਾਲ ਲਗਾਵ ਰੱਖਣ ਵਾਲੇ ਸਭਨਾਂ ਵੀਰਾਂ-ਭੈਣਾਂ ਨੂੰ ਇਸ ਮੁਹਿਮ ਨਾਲ ਜੁੜਨ ਦੀ ਅਪੀਲ ਕੀਤੀ ਹੈ। ਇਸ ਮੀਟਿੰਗ 'ਚ ਦਸਮੇਸ਼ ਸੇਵਾ ਸੁਸਾਇਟੀ ਦੇ ਪ੍ਰਧਾਨ ਇੰਦਰ ਮੋਹਨ ਸਿੰਘ, ਜਨਰਲ ਸਕੱਤਰ ਵਰਿੰਦਰਜੀਤ ਸਿੰਘ ਨਾਗੀ, ਸਕੱਤਰ ਮਹਿੰਦਰ ਪਾਲ ਸਿੰਘ ਬਾਲੀ, ਕਾਰਜਕਾਰੀ ਮੈਂਬਰ ਇੰਦਰਜੀਤ ਸਿੰਘ ਚਾਵਲਾ, ਦਿੱਲੀ ਸਰਕਾਰ ਪੈਂਸ਼ਨਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਰਾਧਾ ਚਰਨ, ਡਾਇਮੰਡ ਗਰੁਪ ਦੇ ਪੂਰਨ ਮਲ, ਕੇ. ਸੀ. ਪਾਹੂਜਾ, ਸੋਹਨ ਲਾਲ ਰਿਡਲਾ, ਬਲਦੇਵ ਬੇਦੀ, ਰਮਨ ਵਰਮਾ, ਐੱਸ. ਕੇ. ਸਬਲੋਕ ਤੇ ਹੋਰ ਉੱਘੇ ਮੈਂਬਰ ਮੌਜੂਦ ਸਨ।

## ਚੋਣ ਰਿਹਰਸਲ ਕੇਂਦਰਾਂ 'ਤੇ ਤਿਉਹਾਰ ਵਰਗਾ ਮਾਹੌਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਘਨਸ਼ਾਮ ਥੋਰੀ ਦੀ ਯੋਗ ਅਗਵਾਈ ਹੇਠ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਸ੍ਰੀ ਨਿਕਾਸ ਕੁਮਾਰ ਵਲੋਂ ਉਲੀਕੇ ਪ੍ਰੋਗਰਾਮ ਤਹਿਤ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸਬੰਧੀ ਗਤੀਵਿਧੀਆਂ ਦੀ ਲੜੀ ਵਜੋਂ ਅੱਜ ਪੋਲਿੰਗ ਸਟਾਫ਼ ਦੀ ਕਰਵਾਈ ਗਈ ਪਹਿਲੀ ਚੋਣ ਰਿਹਰਸਲ ਵਿੱਚ ਤਿਉਹਾਰ ਵਰਗਾ ਮਾਹੌਲ ਰਿਹਾ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਿਕਾਸ ਕੁਮਾਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਚਲਾਈ ਜਾ ਰਹੀ ਵੋਟਰ ਜਾਗਰੂਕਤਾ ਮੁਹਿੰਮ ਤਹਿਤ ਜ਼ਿਲ੍ਹੇ ਦੇ ਸਾਰੇ 11 ਚੋਣ ਰਿਹਰਸਲ ਕੇਂਦਰਾਂ ਤੇ ਵਿਸ਼ੇਸ਼ ਪ੍ਰਦਰਸ਼ਨੀਆਂ ਲਗਾਈਆਂ ਗਈਆਂ ਅਤੇ ਰੰਗੋਲੀਆਂ ਬਣਾ ਕੇ ਪੋਲਿੰਗ ਸਟਾਫ਼ ਦਾ ਸਵਾਗਤ ਕੀਤਾ ਗਿਆ। ਉਹਨਾਂ ਕਿਹਾ ਇਸ ਮੌਕੇ ਚੋਣ ਰਿਹਰਸਲ ਕਰਨ ਆਏ ਵੱਖ-ਵੱਖ ਵਿਭਾਗਾਂ ਦੇ ਕਰਮਚਾਰੀਆਂ ਨੂੰ ਯੋਗ ਪ੍ਰਣਾਲੀ ਰਾਹੀਂ ਆਪਣੇ ਵੋਟ ਦੇ ਹੱਕ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ। ਉਹਨਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਚੋਣਾਂ ਦੇ ਕੰਮ ਵਿੱਚ ਤੈਨਾਤ ਸਟਾਫ਼ ਦੀ ਸਹੂਲਤ ਲਈ ਹਰ ਲੋੜੀਂਦੇ ਕਦਮ ਚੁੱਕੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਵੋਟਾਂ ਵਾਲੇ ਦਿਨ ਨੂੰ ਵੋਟਰਾਂ ਲਈ ਯਾਦਗਾਰ ਬਣਾਉਣ ਲਈ ਜ਼ਿਲ੍ਹੇ ਦੇ ਹਰੇਕ ਵਿਧਾਨਸਭਾ ਹਲਕੇ ਵਿੱਚ ਮਾਡਲ ਪੋਲਿੰਗ ਸਟੇਸ਼ਨ, ਯੂਥ ਪੋਲਿੰਗ ਸਟੇਸ਼ਨ ਅਤੇ ਵੂਮੈਨ ਮੈਨੇਜਡ ਪੋਲਿੰਗ ਸਟੇਸ਼ਨ(ਪਿੰਕ ਬੂਥ) ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵੋਟ ਹਰ ਦੇਸ਼ ਵਾਸੀ ਦਾ ਲੋਕਤਾਂਤਰਿਕ ਹੱਕ ਹੈ ਅਤੇ ਇਸਦਾ ਉਪਯੋਗ ਜ਼ਰੂਰ ਕਰੋ। ੧

## ਖਾਲਸਾ ਕਾਲਜ ਗੁਰਦਾਸਨੰਗਲ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਵਿੱਦਿਆ ਸਕੱਤਰ ਸੁਖਮਿੰਦਰ ਸਿੰਘ ਦੀ ਸਰਪ੍ਰਸਤੀ ਅਤੇ ਪ੍ਰਿੰਸੀਪਲ ਡਾ. ਗੁਰਜੀਤ ਸਿੰਘ ਦੀ ਦੇਖ ਰੇਖ ਅਧੀਨ ਚੱਲ ਰਹੇ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸਨੰਗਲ ਦਾ ਬਾਰ੍ਹਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਦੱਸਿਆ ਕਿ 10+2 ਸਾਇੰਸ ਵਿੱਚੋਂ ਗੁਨਤਾਸ ਕੌਰ ਨੇ 93.4% ਨੰਬਰ ਲੈ ਕੇ ਕਾਲਜ ਵਿੱਚੋਂ ਪਹਿਲਾ ਸਥਾਨ, ਅਮਨਪ੍ਰੀਤ ਕੌਰ ਨੇ 92.8 % ਅੰਕ ਪ੍ਰਾਪਤ ਕਰਕੇ ਦੂਜਾ, ਤਰੁਨਦੀਪ ਸਿੰਘ ਨੇ 92.6% ਅੰਕ ਹਾਸਲ ਕਰਕੇ ਤੀਸਰਾ ਸਥਾਨ ਅਤੇ ਪਲਕਪਰੀਤ ਕੌਰ ਨੇ 92.2 % ਅੰਕ ਹਾਸਲ ਕਰਕੇ ਕਾਲਜ ਵਿੱਚੋਂ ਚੌਥਾ ਸਥਾਨ ਹਾਸਲ ਕੀਤਾ। ਕਾਮਰਸ ਵਿੱਚੋਂ ਜਸ਼ਨਪ੍ਰੀਤ ਕੌਰ ਨੇ 91.4 ਪ੍ਰਤੀਸ਼ਤ, ਸਹਿਦੀਪ ਕੌਰ ਨੇ 91% ਅਤੇ ਦਮਨਪ੍ਰੀਤ ਸਿੰਘ ਨੇ 86% ਨੰਬਰ ਲੈ ਕੇ ਕਾਲਜ ਵਿੱਚੋਂ ਕ੍ਰਮਵਾਰ ਪਹਿਲਾ, ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕੀਤਾ। ਆਰਟਸ ਵਿੱਚੋਂ ਅੰਮ੍ਰਿਤਪਰੀਤ ਕੌਰ ਨੇ 87.4 ਪ੍ਰਤੀਸਤ ਅੰਕ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ, ਰਜਿਤ ਭਗਤ ਨੇ 81.6 % ਅੰਕ ਹਾਸਲ ਕਰਕੇ ਦੂਸਰਾ ਅਤੇ ਜਸਬੀਰ ਕੌਰ ਨੇ 80.6 % ਨੰਬਰ ਲੈ ਕੇ ਕਾਲਜ ਵਿੱਚੋਂ ਤੀਸਰਾ ਸਥਾਨ ਹਾਸਲ ਕੀਤਾ।

ਇਸ ਮੌਕੇ ਕਾਲਜ ਪ੍ਰਿੰਸੀਪਲ ਡਾ: ਗੁਰਜੀਤ ਸਿੰਘ ਨੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਕਿਹਾ ਕਿ ਵਿਦਿਆਰਥੀਆਂ ਦੀ ਲਗਨ ਅਤੇ ਅਧਿਆਪਕਾਂ ਦੀ ਸਖਤ ਮਿਹਨਤ ਦੇ ਸਿੱਟੇ ਵਜੋਂ ਵਿਦਿਆਰਥੀਆਂ ਨੇ ਚੰਗੇ ਨੰਬਰ ਲੈ ਕੇ ਆਪਣੇ ਕਾਲਜ ਅਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕੀਤੀ। ਇਸ ਮੌਕੇ ਕਾਲਜ ਦੇ ਸਮੂਹ ਸਟਾਫ ਮੈਂਬਰ ਹਾਜ਼ਰ ਸਨ।

7-May-PAGE-4.qxd 5/6/2024 10:53 PM Page 1

ਨਵਾਂ ਜ਼ਮਾਨਾ
ਮੰਗਲਵਾਰ, 7 ਮਈ 2024

# ਅਯੁੱਧਿਆ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਅਯੁੱਧਿਆ ਵਿਚ ਲਗਪਗ ਦੋ ਕਿੱਲੋਮੀਟਰ ਰੋਡ ਸ਼ੋਅ ਕੀਤਾ। ਸੜਕ ਦੇ ਦੋਹੀਂ ਪਾਸੀਂ ਕਰੀਬ ਦੋ ਸੌ ਲਾਊਡ ਸਪੀਕਰ ਲੱਗੇ ਹੋਏ ਸਨ ਅਤੇ ਉਨ੍ਹਾ ਦਾ 50 ਤੋਂ ਵੱਧ ਬੈਂਡ ਵਾਜਿਆਂ ਵਾਲਿਆਂ ਤੇ 40 ਕਲਚਰਲ ਟੀਮਾਂ ਨੇ ਸਵਾਗਤ ਕੀਤਾ। ਅਯੁੱਧਿਆ ਤੇ ਨੇੜਲੇ ਜ਼ਿਲ੍ਹਿਆਂ ਤੋਂ ਰੰਗ-ਬਿਰੰਗੇ ਕੱਪੜੇ ਪਾ ਕੇ ਬੱਚਿਆਂ ਨਾਲ ਪੁੱਜੇ ਹਜ਼ਾਰਾਂ ਮਰਦਾਂ-ਔਰਤਾਂ ਨੇ ਕਾਫਲੇ 'ਤੇ ਫੁੱਲ-ਪੱਤੀਆਂ ਸੁੱਟੀਆਂ। ਟੀ ਵੀ ਚੈਨਲਾਂ ਵੱਲੋਂ ਦਿਖਾਏ ਗਏ ਰੋਡ ਸ਼ੋਅ ਤੋਂ ਲਗਦਾ ਸੀ ਕਿ ਭਾਜਪਾ ਉਮੀਦਵਾਰ ਦੀ ਜਿੱਤ ਪੱਕੀ ਹੈ ਪਰ ਇਹ ਸ਼ੋਅ ਦੇਖਣ ਵਾਲੇ ਲੋਕਾਂ ਵੱਲੋਂ ਪ੍ਰਗਟਾਈ ਰਾਇ ਕੁਝ ਹੋਰ ਹੀ ਕਹਾਣੀ ਕਹਿ ਰਹੀ ਸੀ। ਭੀੜ ਸ਼ਾਮੀਂ ਪੰਜ ਵਜੇ ਤੋਂ ਮੋਦੀ ਨੂੰ ਉਡੀਕ ਰਹੀ ਸੀ ਪਰ ਉਹ ਖੁੱਲ੍ਹੇ ਟਰੱਕ ਵਿਚ ਮੁੱਖ ਮੰਤਰੀ ਯੋਗੀ ਆਦਿਤਿਆ ਨਾਥ ਤੇ ਫੈਜ਼ਾਬਾਦ ਹਲਕੇ, ਜਿਸ ਵਿਚ ਅਯੁੱਧਿਆ ਕਸਬਾ ਆਉਂਦਾ ਹੈ, ਦੇ ਭਾਜਪਾ ਉਮੀਦਵਾਰ ਲੱਲੂ ਸਿੰਘ ਨਾਲ ਪੌਣੇ ਅੱਠ ਵਜੇ ਪੁੱਜੇ। ਅਯੁੱਧਿਆ ਵਿਚ 20 ਮਈ ਨੂੰ ਪੰਜਵੇਂ ਗੇੜ ਵਿਚ ਵੋਟਾਂ ਪੈਣੀਆਂ ਹਨ। ਰੋਡ ਸ਼ੋਅ ਦੌਰਾਨ ਇਕ ਭਾਜਪਾ ਸਿਆਸਤਦਾਨ ਨੇ ਕਿਹਾ ਕਿ ਪਹਿਲੇ ਦੋ ਗੇੜਾਂ ਵਿਚ ਘੱਟ ਹੋਈ ਪੋਲਿੰਗ ਦੱਸਦੀ ਹੈ ਕਿ ਭਾਜਪਾ ਦੀ ਹਾਲਤ ਠੀਕ ਨਹੀਂ। ਇਸ ਕਰਕੇ ਭਾਜਪਾ ਆਗੂਆਂ ਨੂੰ ਵੋਟਰਾਂ ਨੂੰ ਪ੍ਰਭਾਵਤ ਕਰਨ ਲਈ ਕੁਝ ਨਵਾਂ ਕਰਨਾ ਪੈਣਾ। ਬੂਥ ਪੱਧਰ ਦੇ ਭਾਜਪਾ ਵਰਕਰ ਰਾਜੇਸ਼ ਚੌਹਾਨ ਨੇ ਕਿਹਾ ਕਿ ਮੋਦੀ ਨੂੰ ਪੋਲਿੰਗ ਤੋਂ ਦੋ ਹਫਤੇ ਪਹਿਲਾਂ ਇੱਥੇ ਲੋਕਾਂ ਨੂੰ ਇਹ ਚੇਤੇ ਕਰਾਉਣ ਲਈ ਲਿਆਂਦਾ ਗਿਆ ਕਿ ਰਾਮ ਮੰਦਰ ਭਾਜਪਾ ਨੇ ਬਣਵਾਇਆ ਤੇ ਉਹ ਉਸ ਨੂੰ ਤੀਜੀ ਵਾਰ ਜਿਤਾਉਣ। ਰਾਮਪੱਥ 'ਤੇ ਕੋਲਡ ਡ੍ਰਿੰਕ ਵੇਚਣ ਵਾਲੇ ਅਰੁਣ ਪਾਂਡੇ ਨੇ ਮੰਨਿਆ ਕਿ ਰਾਮ ਮੰਦਰ ਬਣਾਉਣਾ ਵੱਡਾ ਕੰਮ ਹੈ ਪਰ ਮੋਦੀ ਨੂੰ ਬੋਲਣਾ ਘੱਟ ਤੇ ਸੋਚਣਾ ਜ਼ਿਆਦਾ ਚਾਹੀਦਾ ਹੈ। ਉਮਰ ਵਧਣ ਨਾਲ ਇਹ ਹੈ ਮੁਸ਼ਕਲ ਪਰ ਉਨ੍ਹਾ ਨੂੰ ਦੂਜਿਆਂ 'ਤੇ ਬੇਬੁਨਿਆਦ ਦੋਸ਼ ਲਾਉਣ ਤੋਂ ਬਚਣਾ ਚਾਹੀਦਾ। ਰਾਮ ਮੰਦਰ ਦੇ ਸਾਹਮਣੇ ਵਾਲੀ ਗਲੀ ਵਿਚ ਰਹਿੰਦੇ ਪਵਨ ਚੌਬੇ ਮੁਤਾਬਕ ਰੋਡ ਸ਼ੋਅ ਵਿਚ ਬਹੁਤੇ ਲੋਕ ਬਾਹਰੋਂ ਆਉਂਦੇ ਹਨ। ਠੀਕ ਹੈ ਕਿ ਤੁਸੀਂ ਮੰਦਰ ਬਣਾ ਦਿੱਤਾ ਪਰ ਰੋਜ਼ ਵੀ ਆਈ ਪੀ ਦੇ ਗੇੜੇ ਲੁਆ ਕੇ ਲੋਕਾਂ ਨੂੰ ਪ੍ਰੇਸ਼ਾਨ ਕਰਨਾ ਠੀਕ ਨਹੀਂ। ਚੌਬੇ ਨੇ ਇਹ ਅਹਿਮ ਗੱਲ ਵੀ ਕਹੀ ਕਿ ਰਾਮ ਮੰਦਰ ਦਾ ਫਾਇਦਾ ਉਨ੍ਹਾਂ ਨੂੰ ਹੀ ਹੋਇਆ ਹੈ, ਜਿਹੜੇ ਇਸ ਦੇ ਨਿਰਮਾਣ ਨਾਲ ਜੁੜੇ ਰਹੇ। ਮੰਦਰ ਵਿਚ ਦਿੱਤੇ ਜਾਂਦੇ ਇਲਾਇਚੀ ਦਾਣੇ ਦੇ ਪ੍ਰਸ਼ਾਦ ਦੇ ਠੇਕੇ ਭਾਜਪਾ ਦੇ ਹਮਾਇਤੀਆਂ ਨੇ ਲੈ ਲਏ ਹਨ ਤੇ ਉਹ ਅਚਾਨਕ ਮਾਲਾਮਾਲ ਹੋ ਗਏ ਹਨ। ਹੋਰਨਾਂ ਰਾਜਾਂ ਦੇ ਪ੍ਰਾਪਰਟੀ ਡੀਲਰਾਂ ਨੇ ਦਫਤਰ ਖੋਲ੍ਹ ਲਏ ਹਨ ਅਤੇ ਵੱਡੇ ਕਾਰਪੋਰੇਟ ਘਰਾਣੇ ਹੋਟਲ ਬਣਾ ਰਹੇ ਹਨ। ਉਹ ਸਥਾਨਕ ਲੋਕਾਂ ਨੂੰ ਚਪੜਾਸੀ ਤੇ ਵੇਟਰ ਰੱਖ ਰਹੇ ਹਨ, ਮੈਨੇਜਰ ਜਾਂ ਕਲਰਕ ਨਹੀਂ।*

*ਰਾਮ ਮੰਦਰ ਬਣਵਾ ਕੇ ਭਾਜਪਾ ਵੋਟਾਂ ਦੀ ਫਸਲ ਵੱਢਣੀ ਚਾਹੁੰਦੀ ਹੈ ਪਰ ਜਿਸ ਤਰ੍ਹਾਂ ਖੁਦ ਭਾਜਪਾ ਦੇ ਲੋਕ ਪੋਲਿੰਗ ਵਿਚ ਕਮੀ ਦੀ ਗੱਲ ਕਰ ਰਹੇ ਹਨ, ਉਸ ਨਾਲ ਲੱਗ ਨਹੀਂ ਰਿਹਾ ਕਿ ਮੰਦਰ ਦਾ ਮੁੱਦਾ ਭਾਜਪਾ ਨੂੰ ਕੋਈ ਵੱਡਾ ਫਾਇਦਾ ਪਹੁੰਚਾਏਗਾ। ਹਾਲਾਂਕਿ ਭਾਜਪਾ ਫੈਜ਼ਾਬਾਦ ਸੀਟ 2014 ਤੋਂ ਜਿੱਤਦੀ ਆ ਰਹੀ ਹੈ ਪਰ ਇਸ ਸੀਟ ਦਾ ਇਤਿਹਾਸ ਦੱਸਦਾ ਹੈ ਕਿ ਇੱਥੋਂ ਦੇ ਲੋਕ ਬਦਲਾਅ ਲਿਆਉਂਦੇ ਰਹਿੰਦੇ ਹਨ। 1989 ਵਿਚ ਇਸ ਸੀਟ ਤੋਂ ਲੋਕ ਸੀ ਪੀ ਆਈ ਦੇ ਮਿੱਤਰ ਸੇਨ ਯਾਦਵ ਨੂੰ ਵੀ ਜਿਤਾ ਚੁੱਕੇ ਹਨ, ਜਦੋਂ ਰਾਮ ਮੰਦਰ ਲਹਿਰ ਸਿਖਰਾਂ 'ਤੇ ਸੀ।*

# ਭਾਰਤ ਦੇ ਅਸਥਿਰ ਲੋਕਤੰਤਰ ਵੱਲ ਵਧਦੇ ਕਦਮ

ਕਾਨਕ ਮਨੀ ਦੀਕਸ਼ਤ
ਅਨੁਵਾਦ -ਪੁਸ਼ਪਿੰਦਰ

ਦੱਖਣੀ ਏਸ਼ੀਆ ਖੇਤਰ ਦਾ ਸਭ ਤੋਂ ਤਾਕਤਵਰ ਤੇ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਚੋਣਾਵੀ ਤਾਨਾਸ਼ਾਹੀ ਦੇ ਰਸਤੇ 'ਤੇ ਜਾ ਰਿਹਾ ਹੈ। ਜੋ ਦੇਸ਼ ਹੀ ਨਹੀਂ, ਸਾਰੇ ਖੇਤਰ ਲਈ ਘੋਰ ਬਰਬਾਦੀ ਦਾ ਮੰਜ਼ਰ ਹੈ। ਗੁਆਂਢੀ ਦੇਸ਼ਾਂ ਦੀਆਂ ਸਰਕਾਰਾਂ ਦਾ ਭਾਰਤ ਦੀ ਹਕੂਮਤ ਪ੍ਰਤੀ ਰਵੱਈਆ ਜ਼ਰੂਰ ਨਰਮ/ਸਖਤ ਹੁੰਦਾ ਰਹਿੰਦਾ ਹੈ, ਪਰ ਇਨ੍ਹਾਂ ਦੇਸ਼ਾਂ ਦੇ ਲੋਕ ਇਸ ਉਪ-ਮਹਾਂਦੀਪ ਦੀ ਮਹਾਂ-ਸ਼ਕਤੀ ਨਾਲ ਹਮੇਸ਼ਾ ਦੋਸਤਾਂ ਵਾਂਗ ਰਹਿਣਾ ਚਾਹੁੰਦੇ ਹਨ। ਇਸ ਮਾਹੌਲ ਵਿਚ ਉਹ ਨਾ ਸਿਰਫ ਇਤਿਹਾਸਕ ਤੇ ਸੱਭਿਆਚਾਰਕ ਸਬੰਧਾਂ ਨੂੰ ਕਾਇਮ ਰੱਖਣਾ ਚਾਹੁੰਦੇ ਹਨ, ਸਗੋਂ ਇਸ ਵਿਚ ਉਹ ਸਾਰੇ ਖੇਤਰ ਦੇ ਦੇਸ਼ਾਂ ਲਈ ਅਮਨ, ਆਰਥਿਕ ਖੁਸ਼ਹਾਲੀ ਤੇ ਰਾਜਨੀਤਕ ਸਥਿਰਤਾ ਦੀ ਵੀ ਆਸ ਲਾਈ ਬੈਠੇ ਹਨ, ਪਰ ਅਫਸੋਸ ਹੈ ਕਿ ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਭਾਰਤ ਮਹਾਨ ਨੂੰ ਬਣਾ ਕੇ ਪਰੋਸਿਆ ਜਾ ਰਿਹਾ ਹੈ, ਉਹ ਗੁਆਂਢੀਆਂ ਦੇ ਹਜ਼ਮ ਨਹੀਂ ਹੋ ਰਿਹਾ। ਲੰਮੇ ਸਮੇਂ ਤੋਂ ਭਾਰਤ ਆਪਣੇ ਮਜ਼ਬੂਤ ਪਾਰਲੀਮਾਨੀ ਪ੍ਰਬੰਧ, ਨਿਰਪੱਖ ਤੇ ਆਜ਼ਾਦ ਨਿਆਂ ਪਾਲਿਕਾ, ਅਸਰਦਾਰ ਤੇ ਬੇਖੌਫ ਮੀਡੀਆ, ਮਜ਼ਬੂਤ ਤੇ ਸਿਆਣੀ ਨੌਕਰਸ਼ਾਹੀ, ਵਿਦਿਅਕ ਸੰਸਥਾਵਾਂ ਸਦਕਾ ਉਪ-ਮਹਾਂਦੀਪ ਦੇ ਦੇਸ਼ਾਂ ਦਾ ਇੱਕ ਤਰ੍ਹਾਂ ਦਾ ਆਗੂ ਦਾ ਰੋਲ ਅਦਾ ਕਰਦਾ ਰਿਹਾ ਹੈ, ਪਰ ਸਰਹੱਦੋਂ ਪਾਰ ਆਪਣੀਆਂ ਨਿਰਸਮਝ ਗੈਰ-ਜਜ਼ਬਾਤੀ ਕਾਰਵਾਈਆਂ ਸਦਕਾ ਇਹ ਆਪਣੇ ਰਸਤੇ ਤੋਂ ਖੁੰਝ ਗਿਆ ਹੈ। ਬੀਤੇ ਦਹਾਕੇ ਦੀ ਮੋਦੀ ਮਾਰਕਾ ਰਾਜਸ਼ਾਹੀ ਦੇ ਕਾਰਨ ਕੰਗਾਲੀ ਵਧ ਗਈ ਹੈ, ਸਮਾਜ ਵਿਚ ਵੰਡੀਆਂ ਪੈ ਗਈਆਂ ਹਨ। ਭਾਂਵੇਂ ਕਿ ਹਿੰਦੂਤੱਵ ਲੋਕਾਂ ਨੂੰ ਵਰਗਲਾਉਂਦਾ ਹੈ ਪਰ ਪਦਾਰਥਕ ਤੌਰ ਤੇ ਭਾਰਤ ਵਾਸੀ ਗਰੀਬ ਹੋ ਗਏ ਹਨ। ਕੋਈ ਸ਼ੱਕ ਨਹੀਂ ਬਹੁਤ ਚਤੁਰ ਪ੍ਰਧਾਨ ਮੰਤਰੀ ਆਪਣੀਆਂ ਜ਼ਿੰਮੇਵਾਰੀਆਂ, ਆਪਣੀਆਂ ਭਿਆਨਕ ਗਲਤੀਆਂ ਤੋਂ ਮੁਕਤੀ ਪਾਉਣ ਵਿਚ ਸਫਲ ਹੋਇਆ ਹੈ :

ਨੋਟਬੰਦੀ ਕਾਲੇ ਧਨ ਨੂੰ ਵਾਪਸ ਨਹੀਂ ਲਿਆ ਸਕੀ, ਸਗੋਂ ਆਰਥਿਕਤਾ ਦੇ ਹਰ ਖੇਤਰ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਤੇ ਕੋਵਿਡ ਦੀ ਚਾਰ ਘੰਟਿਆਂ ਦੀ ਚੇਤਾਵਨੀ 'ਤੇ ਲੱਗੇ ਲੌਕ ਡਾਊਨ ਦੀ ਭਿਆਨਕਤਾ ਦੇ ਦ੍ਰਿਸ਼, ਸਮਾਜ ਸੇਵਕਾਂ, ਬੁਧੀਜੀਵੀਆਂ, ਵਿਰੋਧੀ ਸਿਆਸੀ ਆਗੂਆਂ ਨੂੰ ਜੇਲ੍ਹਾਂ ਵਿਚ ਸੁੱਟ ਦੇਣਾ, ਮੁਖ ਧਾਰਾ ਦੇ ਮੀਡੀਆ ਨੂੰ ਸਰਕਾਰ ਦੇ ਤੇ ਨੇਤਾਸ਼੍ਰੀ ਦੇ ਸੋਹਲੇ ਗਾਉਣ ਲਈ ਮਜਬੂਰ ਕਰਨਾ। ਭਾਰਤ ਦੇਸ਼ ਦੀ ਭੂਗੋਲਿਕ ਵਿਸ਼ਾਲਤਾ ਅਤੇ ਦੇਸ਼ ਵਾਸੀਆਂ ਦੀ ਸੱਭਿਆਚਾਰਕ ਵਿਲੱਖਣਤਾ ਦੇ ਕਾਰਨ ਇਸ ਨੂੰ ਕਿਸੇ ਕੇਂਦਰੀ ਬਿੰਦੂ ਤੋਂ ਤਾਨਾਸ਼ਾਹੀ ਰਾਹੀਂ ਸੰਚਾਲਤ ਕਰਨਾ ਮੁਸ਼ਕਲ ਹੈ, ਪਰ ਮੋਦੀ ਜੀ ਸੂਬਾ ਸਰਕਾਰਾਂ ਦੀਆਂ ਸ਼ਕਤੀਆਂ ਨੂੰ ਠਿਬੀ ਲਾਉਣ ਦੀ ਲਗਾਤਾਰ ਕੋਸ਼ਿਸ਼ ਵਿਚ ਹਨ। ਰਾਜ ਦੀਆਂ ਪ੍ਰਸ਼ਾਸਨਿਕ ਤੇ ਸੰਵਿਧਾਨਿਕ ਸ਼ਕਤੀਆਂ ਦੇ ਕੇਂਦਰੀਕਰਨ ਦਾ ਮਤਲਬ ਹੈ 140 ਕਰੋੜ ਜਨਤਾ ਦੇ ਜਮਹੂਰੀ ਅਧਿਕਾਰਾਂ ਨੂੰ ਅਤੇ ਨੀਤੀਗਤ ਮਾਮਲਿਆਂ ਵਿਚ ਜਨਤਕ ਪ੍ਰਤੀਨਿਧਤਾ ਨੂੰ ਘੱਟ ਕਰਨਾ। ਵਿਭਿੰਨਤਾ ਭਰਪੂਰ ਵਿਸ਼ਾਲ ਜਨਸਮੂਹ ਵਿਚ ਵੰਡੀਆਂ ਪਾ ਕੇ ਅਤੇ ਰਾਸ਼ਟਰਵਾਦ ਦੀ ਭਾਵਨਾ ਨੂੰ ਧਾਰਮਿਕ ਜਜ਼ਬਾਤਾਂ ਦਾ ਲੇਪ ਲਾ ਕੇ ਜਨਤਾ ਦੇ ਵਿਰੋਧ ਦੀ ਲਹਿਰ ਨੂੰ ਸੁਸਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

### ਤਾਨਾਸ਼ਾਹੀ ਨਾਲ ਚੋਰ-ਮਿਲਣੀ

ਭਾਰਤ ਨੂੰ 'ਇਤਿਹਾਸਕ ਹਿੰਦੁਸਤਾਨ' ਬਰਤਾਨਵੀ ਇੰਡੀਆ ਦੇ ਸਾਰੇ ਖਿੱਤੇ ਤੇ ਕੁਝ ਹੋਰ ਵੀ ਵਿਰਾਸਤ ਵਿਚ ਮਿਲਿਆ ਹੈ। 1947 ਵਿਚ ਇਕੋ ਝਟਕੇ ਵਿਚ ਭਾਰਤ ਦੀ ਨੇਸ਼ਨ ਸਟੇਟ ਨੂੰ ਸਾਰੇ ਦਾ ਸਾਰੇ ਇਤਿਹਾਸਕ ਬਿਰਤਾਂਤ ਦੀ ਮਾਲਕੀ ਹਾਸਲ ਹੋ ਗਈ। ਯਾਨਿ ਯੋਗਾ ਤੋਂ ਲੈ ਕੇ ਉਪ-ਮਹਾਂਦੀਪ ਦੇ ਸਮੂਹ ਭੋਜਨ ਪਦਾਰਥਾਂ, ਹਿੰਦੁਸਤਾਨੀ ਦਰਸ਼ਨ ਸ਼ਾਸਤਰ ਅਤੇ ਰਬਿੰਦਰ ਨਾਥ ਟੈਗੋਰ ਤੋਂ ਲੈ ਕੇ ਮੋਹਨਦਾਸ ਕਰਮਚੰਦ ਗਾਂਧੀ ਤੱਕ ਦੀਆਂ ਸ਼ਖ਼ਸੀਅਤਾਂ ਤੱਕ ਦੇ ਮਾਲਕਾਨਾ ਹੱਕ ਆਜ਼ਾਦ ਭਾਰਤ ਨੂੰ ਪ੍ਰਾਪਤ ਹੋ ਗਏ। ਭਾਰਤ ਦੇ ਅਪਵਾਦ ਦੀ ਪ੍ਰਵਿਰਤੀ ਹੈ ਕਿ ਇਹ 1947 ਤੋਂ ਪਹਿਲਾਂ ਦੇ ਭਾਰਤੀ ਉਪ-ਮਹਾਂਦੀਪ ਦੇ ਇਤਿਹਾਸ ਨੂੰ ਭਾਰਤ ਦਾ ਇਤਿਹਾਸ ਸਮਝਦਾ ਹੈ। ਇਸ ਲਈ ਭਾਰਤ ਦੇ ਚਿੰਤਕ ਗੁਆਂਢੀ ਦੇਸ਼ਾਂ ਉਪਰ ਕਿਸੇ ਤਰ੍ਹਾਂ ਦੀ ਟਿਪਣੀ ਕਰਨਾ ਆਪਣਾ ਹੱਕ ਸਮਝਦੇ ਹਨ, ਪਰ ਕਿਸੇ ਹੋਰ ਦੀ ਭਾਰਤ ਉਪਰ ਟਿਪਣੀ ਉਨ੍ਹਾਂ ਨੂੰ ਗਵਾਰਾ ਨਹੀਂ। ਫਿਰ ਵੀ ਆਧੁਨਿਕ ਭਾਰਤ ਦੇ ਜਮਹੂਰੀ ਕਿਰਦਾਰ ਨੂੰ ਧਿਆਨ ਵਿਚ ਰਖਦਿਆਂ ਦੱਖਣੀ ਏਸ਼ੀਆ ਦੇ ਦੇਸ਼ਾਂ ਦਾ ਬੀਤੇ ਕਈ ਦਹਾਕਿਆਂ ਤੋਂ ਇਸ ਪ੍ਰਤੀ ਰਵੱਈਆ ਉਤਸ਼ਾਹਜਨਕ ਰਿਹਾ ਹੈ, ਪਰ ਮੋਦੀ ਰਾਜ 'ਅਪਵਾਦ' ਤੋਂ ਕੁਝ ਕਦਮ ਅੱਗੇ ਨੂੰ ਜਾ ਰਿਹਾ ਹੈ। ਇਸ ਦਾ ਸੁਭਾਵਕ ਉਦੇਸ਼ ਭਾਰਤ ਨੂੰ 'ਹਿੰਦੂ ਬਹੁਸੰਖਿਅਕਵਾਦੀ ਦੇਸ਼' ਬਨਾਉਣਾ ਹੈ। ਇਸ ਤੋਂ ਵੀ ਅੱਗੇ ਮੋਦੀ ਰਾਜ ਦੇ 'ਅਖੰਡ ਭਾਰਤ' ਦੇ ਸਿਧਾਂਤ ਵਿਚ ਸਾਰੇ ਦਾ ਸਾਰਾ ਦੱਖਣੀ ਏਸ਼ੀਆ ਸਮਾ ਜਾਂਦਾ ਹੈ। ਰਾਸ਼ਟਰੀ ਸਵੈਮ ਸੇਵਕ ਸੰਘ ਤਾਂ ਚਿਰਾਂ ਤੋਂ ਹੀ ਭਾਰਤ ਹਿੰਦੂ ਰਾਸ਼ਟਰ ਦੀਆਂ ਸਰਹੱਦਾਂ ਵਿਚ ਅੱਜ ਦੇ ਅਫਗਾਨਿਸਤਾਨ, ਬੰਗਲਾਦੇਸ਼, ਭੂਟਾਨ, ਭਾਰਤ, ਮਾਲਦੀਵ, ਮਿਆਂਮਾਰ, ਨਿਪਾਲ, ਪਾਕਿਸਤਾਨ, ਸ੍ਰੀਲੰਕਾ ਅਤੇ ਤਿੱਬਤ ਨੂੰ ਸ਼ਾਮਲ ਕਰਦਾ ਆ ਰਿਹਾ ਹੈ। ਇਹ ਤੱਥ ਦਿੱਲੀ ਵਿਚ ਨਵੀਂ ਬਣੀ ਪਾਰਲੀਮੈਂਟ ਇਮਾਰਤ ਵਿਚ ਲਗੇ ਨਕਸ਼ੇ ਵਿੱਚ ਉਜਾਗਰ ਹੁੰਦਾ ਹੈ। ਗੁਜ਼ਰੇ 76 ਸਾਲਾਂ ਤੋਂ ਸਾਡੇ ਆਲੇ-ਦੁਆਲੇ ਦੇ ਦੇਸ਼ਾਂ ਵਿਚ ਕਈ ਕਿਸਮ ਦੀਆਂ ਅਵਸਥਾਵਾਂ, ਘੁੰਮਣਘੇਰੀਆਂ ਆਉਂਦੀਆਂ ਜਾਂਦੀਆ ਰਹੀਆਂ ਹਨ, ਪਰ ਲੋਕਤੰਤਰ ਤੇ ਧਰਮ-ਨਿਰਪੱਖਤਾ ਨੂੰ ਲੈ ਕੇ ਇਹ ਇੱਕ ਆਦਰਸ਼ਕ ਦੇਸ਼ ਸੀ, ਪਰ ਹੁਣ ਗੁਆਂਢ ਵਸਦੇ ਲੋਕ ਜਿਨ੍ਹਾਂ ਜਾਤ, ਵਿਸ਼ਵਾਸ ਅਧਾਰਤ ਕੱਟੜਵਾਦ, ਫੌਜੀ ਤਾਨਾਸ਼ਾਹੀ, ਰਾਜਸ਼ਾਹੀ ਅਤੇ ਕਾਗਜ਼ੀ ਲੋਕਤੰਤਰ ਤੇ ਤਸੀਹੇ ਸਹੇ ਹੋਏ ਹਨ, ਚਿੰਤਤ ਹਨ ਕਿ ਭਾਰਤ ਕਿਵੇਂ ਗਲਤ ਰਸਤੇ 'ਤੇ ਪੈ ਰਿਹਾ ਹੈ। ਪਾਕਿਸਤਾਨ ਵਿਚ ਫੌਜੀ ਅਫਸਰਾਂ ਅਤੇ ਮੁਸਲਿਮ ਮੁਲਾਂ ਦਾ ਗਠਜੋੜ ਲੋਕਤੰਤਰ ਦੇ ਰਾਹ ਦਾ ਰੋੜਾ ਬਣਿਆ ਹੋਇਆ ਹੈ, ਬੰਗਲਾ ਦੇਸ਼ ਭਾਰਤ ਸਰਕਾਰ ਦੀ ਸ਼ਹਿ ਕਾਰਨ ਇੱਕ ਪਾਰਟੀ ਰਾਜ ਵਲ ਵੱਧ ਗਿਆ ਹੈ, ਨਵੇਂ ਸਵਿੰਧਾਨ ਦੀ ਸਥਾਪਨਾ ਦੇ ਬਾਵਜੂਦ ਨਿਪਾਲ ਅਜੇ ਵੀ ਕੰਠਮੰਡੂ ਕੇਂਦਰੀਕਰਨ ਤੋਂ ਪੀੜਤ ਹੈ, ਭੂਟਾਨ ਨੇ ਬਹੁਸੰਖਿਕਵਾਦੀ ਸਫਾਈ ਦੇ ਸਦਕਾ ਆਪਣੀ ਆਬਾਦੀ ਦੇ ਨਿਪਾਲੀ ਭਾਸ਼ਾ ਬੋਲਣ ਵਾਲੇ ਸਤਵੇਂ ਹਿੱਸੇ ਨੂੰ ਦੇਸ਼ ਨਿਕਾਲਾ ਦੇ ਦਿੱਤਾ ਹੈ, ਮਾਲਦੀਵ ਸਿਆਸੀ ਅੱਤਵਾਦ ਦੇ ਧਰੁਵਾਂ ਵਿਚਕਾਰ ਲਟਕਦਾ ਰਹਿੰਦਾ ਹੈ। ਤਾਲੀਬਾਨ ਦੀ ਤਾਨਾਸ਼ਾਹੀ ਨੇ ਜਨਤਾ ਨੂੰ ਗੁਲਾਮ ਬਨਾਇਆ ਹੋਇਆ ਹੈ ਅਤੇ ਤਿੰਨ ਦਹਾਕਿਆਂ ਦੇ ਗ੍ਰਹਿ ਯੁੱਧ ਦੇ ਬਾਵਜੂਦ ਸਿਨਹਾਲੀ ਫਿਰਕੇ ਦਾ ਦਬਦਬਾ ਅਜੇ ਵੀ ਕਾਇਮ ਹੈ। ਹਰ ਕਿਸੇ ਨੇ ਕਦੇ ਨਾ ਕਦੇ ਤਾਨਾਸ਼ਾਹੀ ਰਾਜ ਦਾ ਸਵਾਦ ਦੇਖਿਆ ਹੈ ਅਤੇ ਹੁਣ ਲਗਦਾ ਹੈ ਭਾਰਤ ਵੀ ਉਸ ਸਥਾਨ ਦੇ ਨਜ਼ਦੀਕ ਪਹੁੰਚ ਰਿਹਾ ਹੈ। ਭਾਰਤੀ ਜਨਤਾ ਪਾਰਟੀ ਦੇ ਸੋਸ਼ਲ ਮੀਡੀਆ ਸੈੱਲ ਦੇ ਸ਼ੋਰ ਭਰਪੂਰ ਅੰਨ੍ਹੇ ਪਰਚਾਰ ਦੇ ਧੁੰਦਲਕੇ ਵਿਚ ਸਥਿਤੀ ਸਪਸ਼ਟ ਨਹੀਂ ਹੋ ਰਹੀ ਪਰ ਇਹ ਸਾਫ ਹੈ ਕਿ ਭਾਰਤ ਦੇ ਲੋਕਾਂ ਦੇ ਖੂਨ ਵਿਚ ਹਿੰਦੂਤੱਵ ਦੀ ਨਫਰਤ ਦਾ ਜੋ ਜ਼ਹਿਰ ਘੋਲਿਆ ਜਾ ਰਿਹਾ ਹੈ ਉਸ ਨੇ ਸਮਾਜਿਕ ਪ੍ਰਗਤੀ ਤੇ ਆਰਥਿਕ ਵਿਕਾਸ ਨੂੰ ਰੋਕ ਦਿੱਤਾ ਹੈ। ਭਾਰਤ ਦੀ ਰਾਜਨੀਤੀ 'ਤੇ ਨਜ਼ਰ ਰੱਖਣ ਵਾਲੇ ਵਿਦਵਾਨ ਚਿੰਤਤ ਹਨ ਕਿ ਜੇ ਸੰਘ ਤੇ ਭਾਜਪਾ ਆਪਣੀ ਇਸ ਖਤਰਨਾਕ ਨੀਤੀ ਨੂੰ ਜਾਰੀ ਰੱਖਦੇ ਹਨ ਤਾਂ ਭਾਰਤ ਵਾਸੀਆਂ ਨੂੰ ਅੰਤਾਂ ਦੀ ਤਬਾਹੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਸਮਾਜਕ ਤਾਣੇ-ਬਾਣੇ ਵਿਚ ਭੁਚਾਲ ਆਏਗਾ, ਜਿਸ ਵਿਚ ਨਾ ਸਿਰਫ ਮੁਸਲਿਮ, ਦਲਿਤ ਤੇ ਆਦਿਵਾਸੀ ਫਿਰਕਿਆਂ ਦੀਆਂ ਅਣਗਿਣਤ ਮਨੁੱਖੀ ਜਾਨਾਂ ਦਾ ਨੁਕਸਾਨ ਹੋਵੇਗਾ, ਸਗੋਂ ਹਿੰਦੂ ਗਰੀਬ ਲੋਕ ਵੀ ਇਸ ਦੀ ਲਪੇਟ ਵਿਚ ਆ ਜਾਣਗੇ। ਸਿੰਧੂ, ਗੰਗਾ, ਜਮਨਾ ਦੇ ਇਲਾਕੇ ਨੇ ਪਹਿਲਾਂ ਹੀ ਦੇਸ਼ ਦੀ ਵੰਡ ਦਾ ਖੂਨੀ ਸੰਤਾਪ ਹੰਢਾਇਆ ਹੋਇਆ ਹੈ, ਹੁਣ ਜਿਸ ਤਰ੍ਹਾਂ ਮੋਦੀ ਖੁਦ ਮੁਸਲਮਾਨ ਘੱਟ ਗਿਣਤੀ ਨੂੰ ਬੇਇੱਜ਼ਤ ਕਰ ਰਿਹਾ ਹੈ, ਉਕਸਾ ਰਿਹਾ ਹੈ, ਦੇਸ਼ ਦੇ ਅਸਮਾਨ 'ਤੇ ਫਿਰਕੂ ਫਸਾਦਾਂ ਦੇ ਭੂਤ ਫਿਰ ਤੋਂ ਮੰਡਰਾ ਰਹੇ ਹਨ। ਨਵੀਂ ਦਿੱਲੀ ਜੋ ਕਦੇ ਸੱਭਿਅਕ ਕਦਰਾਂ ਦਾ ਨਿਰਮਾਤਾ ਤੇ ਨਿਰਯਾਤਾ ਹੁੰਦਾ ਸੀ, ਅੱਜਕਲ੍ਹ ਅੰਦਰੂਨੀ ਸਿਆਸੀ ਵਿਰੋਧੀਆਂ ਤੇ ਸਮਾਜ ਸੇਵਕਾਂ ਨੂੰ ਨਿਸ਼ਾਨਾ ਬਣਾਉਣ ਲਈ ਗੁਆਂਢੀਆਂ ਤੋਂ ਹਥਿਆਰ ਆਯਾਤ ਕਰ ਰਿਹਾ ਹੈ। ਪਾਕਿਸਤਾਨ ਦੀ ਫੌਜ ਤੇ ਬੰਗਲਾਦੇਸ਼ ਦੀ ਪੁਲਸ ਤੇ ਮਿਲਟਰੀ ਜਾਸੂਸੀ ਤੰਤਰ ਤੋਂ ਸਬਕ ਸਿਖ ਰਹੀ ਹੈ ਭਾਰਤ ਸਰਕਾਰ। ਸੀ ਬੀ ਆਈ, ਈ ਡੀ, ਐੱਨ ਆਈ ਏ, ਆਮਦਨ ਕਰ ਵਿਭਾਗ, ਸਰਕਾਰ ਦੀਆਂ ਸੰਘੀ ਜਾਂਚ ਏਜੰਸੀਆਂ ਅੱਜਕਲ੍ਹ ਮੋਦੀ ਦੀ ਸੇਵਾ ਲਈ ਸਦਾ ਹਾਜ਼ਰ ਹਨ। ਦੇਸ਼ ਦੇ ਸਭ ਤੋਂ ਵੱਡੇ ਸਰਕਾਰੀ ਬੈਂਕ ਐੱਸ ਬੀ ਆਈ ਨੇ ਇਲੈਕਟੋਰਲ ਬਾਂਡ ਘੁਟਾਲੇ ਨੂੰ ਛਪਾਉਣ ਦੀ ਖੂਬ ਕੋਸ਼ਿਸ਼ ਕੀਤੀ ਹੈ। ਸੁਪਰੀਮ ਕੋਰਟ ਦੇ ਪਰ ਕੁਤਰੇ ਜਾ ਰਹੇ ਹਨ ਤੇ ਚੋਣ ਕਮਿਸ਼ਨ ਨੂੰ ਸਰਕਾਰੀ ਵਿਭਾਗ ਬਣਾ ਦਿੱਤਾ ਗਿਆ ਹੈ।

ਜਮਹੂਰੀਅਤ ਲਈ ਉਤਸੁਕਤਾ ਆਪਣੇ ਦੇਸ਼ਾਂ ਵਿਚ ਰਾਜਸ਼ਾਹੀ ਦੀ ਰਾਜਨੀਤਕ ਵਿਵਸਥਾ, ਫੌਜੀ ਤਾਨਾਸ਼ਾਹੀ ਤੇ ਕੱਟੜ ਧਾਰਮਿਕ ਮਾਹੌਲ ਹੋਣ ਦੇ ਬਾਵਜੂਦ ਪਾਕਿਸਤਾਨ ਤੋਂ ਲੈ ਕੇ ਬੰਗਲਾਦੇਸ਼ ਤੱਕ, ਨਿਪਾਲ ਤੋਂ ਸ੍ਰੀਲੰਕਾ ਦੇ ਆਮ ਲੋਕ ਦਿਲੋਂ ਜਮਹੂਰੀਅਤ ਨੂੰ ਪਸੰਦ ਕਰਦੇ ਹਨ ਅਤੇ ਬਹੁਮੁਖੀ ਵਿਚਾਰਧਾਰਾਵਾਂ, ਇਛਾਵਾਂ ਨੂੰ ਪਰਨਾਏ ਲੋਕ ਹਨ। ਕਈ ਦਹਾਕਿਆਂ ਤੋਂ ਭਾਰਤ ਦੀ ਸਹਿਣਸ਼ੀਲ ਜਮਹੂਰੀ ਕਦਰਾਂ ਉਨ੍ਹਾਂ ਲਈ ਪਰੇਰਨਾ ਦਾ ਸਰੋਤ ਰਹੀਆਂ ਹਨ, ਪਰ ਉਹ ਭਾਰਤ ਹੁਣ ਬੇਹੋਸ਼ੀ ਦੀ ਹਾਲਤ ਵਿਚ ਚਲਿਆ ਗਿਆ ਹੈ, ਜਿਵੇਂ ਕਿ ਮੋਦੀ ਦੇ ਕੰਮਕਾਜ ਬਾਰੇ ਦਿੱਲੀ ਦੇ ਬੁੱਧੀਜੀਵੀਆਂ ਦੀ ਕਾਨਾਫੂਸੀ ਤੋਂ ਜਾਹਰ ਹੁੰਦਾ ਹੈ। ਜਿਹੜਾ ਕੋਈ ਮੋਦੀ ਦੀ ਨੁਕਤਾਚੀਨੀ ਕਰਦਾ ਹੈ, ਉਹ ਦੇਸ਼ਧ੍ਰੋਹੀ ਬਣ ਜਾਂਦਾ ਹੈ। ਮੋਦੀ ਰਾਜ ਦੀ ਘੱਟ-ਗਿਣਤੀ ਦੇ ਵਿਰੋਧ ਦੀ ਨੀਤੀ ਗੁਆਂਢੀ ਦੇਸ਼ਾਂ ਵਿਚ ਬਹੁਸੰਖਿਅਕਵਾਦੀ ਅਸਹਿਮਤੀ ਦੇ ਜਜ਼ਬਾਤਾਂ ਨੂੰ ਭੜਕਾਵਾ ਦੇ ਰਹੀ ਹੈ। ਨਿਪਾਲ ਦੀ ਸਰਕਾਰੀ ਵਿਵਸਥਾ ਹਿੰਦੂਤਵ ਦੇ ਲਈ ਆਪਣੇ ਦੇਸ਼ ਦੇ ਦਰਵਾਜ਼ੇ ਖੋਲ੍ਹ ਰਹੀ ਹੈ, ਤਾਂ ਕਿ ਪ੍ਰਧਾਨ ਮੰਤਰੀ ਮੋਦੀ ਤੇ ਮੁੱਖ ਮੰਤਰੀ ਆਦਿਤਿਆਨਾਥ ਨੂੰ ਖੁਸ਼ ਕੀਤਾ ਜਾ ਸਕੇ, ਜਦਕਿ ਬੰਗਲਾਦੇਸ਼ ਦੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਮੋਦੀ ਦੇ ਫਲਸਫੇ ਤੋਂ ਅਸਹਿਮੀ ਦੇ ਵਿਚਾਰਾਂ ਨੂੰ ਕੁਚਲਣ ਦੀ ਤਾਕਤ ਮਿਲ ਰਹੀ ਹੈ। ਪਾਕਿਸਤਾਨ ਦੇ ਮੁੱਲਾਂ ਤੇ ਸ੍ਰੀਲੰਕਾ ਦੇ ਬੋਧੀ ਭਿਕਸ਼ੂ ਆਪਣੀ ਥਾਂ ਖੁਸ਼ ਹਨ, ਕਿਉਂ ਕਿ ਉਨ੍ਹਾਂ ਵਲੋਂ ਚਿਰਾਂ ਤੋਂ ਚਲਾਏ ਜਾ ਰਹੇ ਧਾਰਮਿਕ ਦਮਨ ਨੂੰ ਹਿੰਦੂਤਵ ਤੋਂ ਸਮਰਥਨ ਮਿਲ ਰਿਹਾ ਹੈ। ਉਤਰਾਖੰਡ ਪ੍ਰਾਂਤ ਨੂੰ ਹਿੰਦੂ ਧਰਮ ਦੀ 'ਦੇਵ ਭੂਮੀ' ਬਨਾਉਣ ਦੀ ਕੋਸ਼ਿਸ਼ ਹੋ ਰਹੀ ਹੈ। ਇਸ ਦੀ ਨਕਲ ਨੂੰ ਪੂਰਬ ਵੱਲ ਯਾਨਿ ਨਿਪਾਲ ਲੈ ਕੇ ਜਾਣ ਦੀ ਵੀ ਤਮੰਨਾ ਹੈ। ਭਾਰਤ ਦੇ ਨਵੇਂ ਬਣੇ ਕਾਨੂੰਨ 'ਸਿਟੀਜ਼ਨਸ਼ਿਪ ਅਮੈਂਡਮੈਂਟ ਐਕਟ' ਤੋਂ ਇਸਲਾਮ ਧਰਮ ਪ੍ਰਤੀ ਪੱਖਪਾਤ ਸਾਫ ਝਲਕਦਾ ਹੈ। ਇਸ ਕਾਨੂੰਨ ਤਹਿਤ ਅਫਗਾਨਿਸਤਾਨ, ਬੰਗਲਾਦੇਸ਼, ਪਾਕਿਸਤਾਨ ਤੋਂ ਆਉਣ ਵਾਲੇ ਹਿੰਦੂ, ਸਿੱਖ, ਈਸਾਈ, ਬੋਧੀ, ਜੈਨੀ, ਪਾਰਸੀ ਆਦਿ ਧਰਮਾਂ ਦੇ ਲੋਕਾਂ ਨੂੰ ਤਾਂ ਭਾਰਤ ਦੀ ਨਾਗਰਿਕਤਾ ਦਿੱਤੀ ਜਾਵੇਗੀ, ਮੁਸਲਮਾਨਾਂ ਨੂੰ ਨਹੀਂ। ਦਿੱਲੀ ਦੇ ਵਿਦਵਾਨਾਂ ਨੇ ਅਜੇ ਧਿਆਨ ਨਾਲ ਨਹੀਂ ਸੋਚਿਆ ਕਿਵੇਂ ਤੇ ਕਿਸ ਮਨਸ਼ਾ ਨਾਲ ਹਿੰਦੂਤਵ ਦੇ ਆਗੂ ਇਜ਼ਰਾਈਲ ਦੇ ਨਸਲਵਾਦੀ ਕਾਤਲ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਕਤਲੇਆਮ ਦਾ ਸਮਰਥਨ ਕਰ ਰਹੇ ਹਨ। ਭਾਰਤੀ ਜਨਤਾ ਪਾਰਟੀ ਅਤੇ ਰਾਸ਼ਟਰੀ ਸਵਾਇਮ ਸੇਵਕ ਸੰਘ ਵੋਟ ਬੈਂਕ ਦੀ ਸੂਲੀ ਤੇ ਪੜੋਸੀ ਦੇਸ਼ਾਂ ਨਾਲ ਸੰਵੇਦਨਸ਼ੀਲ ਮੁਦਿਆਂ ਦੀ ਬਲੀ ਦੇਣ ਲਈ ਤਿਆਰ ਹਨ। ਉਨ੍ਹਾਂ ਨੂੰ ਕੋਈ ਚਿੰਤਾ ਨਹੀਂ ਕਿ ਇਸ ਦਾ ਉਲਟਾ ਅਸਰ ਭਾਰਤ ਦੀ ਆਰਥਿਕਤਾ ਅਤੇ ਸਮਾਜ ਤੇ ਵੀ ਪਵੇਗਾ। ਪ੍ਰਮੁੱਖ ਉਦਾਹਰਨਾਂ ਹਨ : 2019 ਦੀਆਂ ਚੋਣਾਂ ਤੋਂ ਪਹਿਲਾਂ ਪਾਕਿਸਤਾਨ ਵਿਚਲਾ ਬਾਲਾਕੋਟ ਦਾ ਹਵਾਈ ਹਮਲਾ, ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਬਿਆਨ-ਬੰਗਲਾ ਦੇਸ਼ੀ ਤਾਂ ਸਿਓਂਕ ਦੇ ਕੀੜੇ ਹਨ - ਅਤੇ ਸਾਲ ਦੋ ਹਜ਼ਾਰ ਪੰਦਰਾਂ ਵਿਚ ਛੇ ਮਹੀਨੇ ਲਗਾਤਾਰ ਕੀਤਾ ਗਿਆ ਨਿਪਾਲ ਦਾ ਆਰਥਿਕ ਬਾਈਕਾਟ। ਬਾਈਕਾਟ ਕੇਵਲ ਇਸ ਕਰਕੇ ਕੀਤਾ ਗਿਆ ਸੀ ਕਿਉਂ ਕਿ ਮੋਦੀ ਜੀ ਨੂੰ ਨਿਪਾਲ ਦਾ ਨਵਾਂ ਸਵਿੰਧਾਨ ਪਸੰਦ ਨਹੀਂ ਸੀ। ਪ੍ਰਧਾਨ ਮੰਤਰੀ ਮੋਦੀ ਵੋਟਾਂ ਦੀ ਖਾਤਰ ਪੜੋਸੀ ਦੇਸ਼ਾਂ ਨਾਲ ਹੋਏ ਪੁਰਾਤਨ ਸਮਝੌਤਿਆਂ ਦੀ ਖਿਲੀ ਉਡਾਉਣ ਤੋਂ ਵੀ ਨਹੀਂ ਝਿਜਕਦੇ। ਮੌਜੂਦਾ ਚੋਣਾਂ ਦੇ ਸ਼ੁਰੂ ਵਿਚ ਹੀ ਉਨ੍ਹਾਂ ਤਾਮਿਲਾਂ ਦੀਆਂ ਵੋਟਾਂ ਪ੍ਰਾਪਤ ਕਰਨ ਲਈ 1974 ਵਿਚ ਸ੍ਰੀਲੰਕਾ ਨਾਲ ਹੋਏ ਕਟਚਾਥੀਵੂ ਟਾਪੂ ਸੰਬੰਧੀ ਸਮਝੌਤੇ ਉਪਰ ਸਵਾਲ ਖੜ੍ਹਾ ਕਰ ਦਿੱਤਾ ਸੀ। ਦੇਸ਼ ਦੇ ਮੁਖੀ ਵੱਲੋਂ ਅਜਿਹਾ ਵਤੀਰਾ ਭਾਰਤ ਵੱਲੋਂ ਕੀਤੇ ਅੰਤਰ-ਰਾਸ਼ਟਰੀ ਸਮਝੌਤਿਆਂ ਦੀ ਪਵਿੱਤਰਤਾ ਨੂੰ ਭੰਗ ਕਰਦਾ ਹੈ, ਜਿਹਦੇ ਵਿਚ ਮੋਦੀ ਸਰਕਾਰ ਵੱਲੋਂ ਬੰਗਲਾਦੇਸ਼ ਨਾਲ ਕੀਤਾ ਇਲਾਕੇ ਵਟਾਉਣ ਦਾ ਸਮਝੌਤਾ ਵੀ ਹੈ। ਦੂਸਰੇ ਪਾਸੇ ਨਿਪਾਲ ਵੱਲੋਂ ਕੀਤੇ ਜਾ ਰਹੇ ਦਾਅਵਿਆਂ ਬਾਰੇ ਭਾਰਤ ਸਰਕਾਰ ਗੱਲ ਕਰਨ ਨੂੰ ਤਿਆਰ ਨਹੀਂ, ਸਗੋਂ ਮੋਦੀ ਜੀ ਵਿਵਾਦ ਵਾਲੇ ਇਲਾਕੇ ਕੈਲਾਸ਼ ਪਰਬਤ ਵਿਚ ਬੈਠ ਕੇ 'ਧਿਆਨ ਮੁਗਧ' ਹੁੰਦੇ ਹਨ, ਦੱਸਦੇ ਹਨ ਕਿ ਸਾਨੂੰ ਕਿਸੇ ਦੀ ਪਰਵਾਹ ਨਹੀਂ ਹੈ। ਮੋਦੀ ਸਰਕਾਰ ਦੀ ਵਿਦੇਸ਼ ਨੀਤੀ ਮੁੱਖ ਤੌਰ 'ਤੇ ਦੋ ਨੁਕਤਿਆਂ 'ਤੇ ਟਿਕੀ ਹੋਈ ਹੈ : ਵਿਸ਼ਵ ਦੇ ਤਾਕਤਵਰ ਦੇਸ਼ਾਂ ਨਾਲ ਬਣਾ ਕੇ ਰੱਖੋ ਤੇ ਦੱਖਣੀ ਏਸ਼ੀਆ ਦੇ ਦੇਸ਼ਾਂ ਨੂੰ ਦਬਾ ਕੇ ਰੱਖੋ। ਮੋਦੀ ਜੀ ਪੱਛਮ ਅਤੇ ਚੀਨ ਸਾਹਮਣੇ ਬਹੁਤ ਨਰਮੀ ਨਾਲ ਪੇਸ਼ ਆਉਂਦੇ ਹਨ, ਜਦ ਕਿ ਬੰਗਲਾਦੇਸ਼ ਤੇ ਨਿਪਾਲ ਵਰਗੇ ਪੁਰਾਣੇ ਦੋਸਤਾਂ ਖਿਲਾਫ ਸ਼ਕਤੀ ਦਾ ਮੁਜ਼ਾਹਰਾ ਕਰਦੇ ਹਨ। ਨਵੀਂ ਦਿਲੀ ਛੋਟੇ ਛੋਟੇ ਪੜੋਸੀ ਦੇਸ਼ਾਂ ਨੂੰ ਤਾਂ ਡੰਡਾ ਦਖਾਉਂਦਾ ਹੈ ਪਰ ਭੂਟਾਨ, ਨੇਪਾਲ ਜਾਂ ਮਾਲੀ ਤੋਂ ਸ਼ੀ ਜ਼ਿੰਗ ਪ੍ਰਤੀ ਰਵਈਆ ਕਦੇ ਛੁਪਿਆ ਨਹੀਂ ਰਹਿੰਦਾ। ਪੜੋਸੀ ਦੇਸ਼ਾਂ ਦੇ ਲੋਕ ਜ਼ਰੂਰ ਚਾਹੁਣਗੇ ਕਿ ਭਾਰਤ ਇਸ ਉਪ-ਮਹਾਂਦੀਪ ਵਿਚ ਇੱਕ ਤਾਕਤਵਰ ਦੇਸ਼ ਵਜੋਂ ਉਭਰੇ, ਛੋਟੇ-ਵੱਡੇ ਸਭ ਨਾਲ ਬਰਾਬਰ ਦਾ ਵਿਹਾਰ ਕਰੇ। ਅਮਰੀਕਾ ਅਤੇ ਉਸ ਦੇ ਸਾਥੀ ਪਛਮੀ ਦੇਸ਼ ਵਿਸ਼ਵ ਵਿਚ ਚੀਨ ਦੀ ਵੱਧ ਰਹੀ ਆਰਥਿਕ ਤੇ ਕੂਟਨੀਤਕ ਸ਼ਕਤੀ ਤੋਂ ਘਬਰਾ ਗਏ ਹਨ। ਉਹ ਇਸ ਖਿੱਤੇ ਵਿਚ ਭਾਰਤ ਨੂੰ ਚੀਨ ਦੇ ਵਿਰੁਧ ਵਰਤਨਾ ਚਾਹੁੰਦੇ ਹਨ। ਪਰ ਉਹ ਭੁੱਲ ਜਾਂਦੇ ਹਨ ਕਿ ਇੱਕ ਜ਼ਮਹੂਰੀ, ਸੈਕੂਲਰ ਤੇ ਖੁਸ਼ਹਾਲ ਭਾਰਤ ਹੀ ਚੀਨ ਲਈ ਚਣੌਤੀ ਬਣ ਸਕਦਾ ਹੈ ; ਅਜਿਹਾ ਭਾਰਤ ਜੋ ਗੁਵਾਢੀ ਦੇਸ਼ਾਂ ਨੂੰ ਦੋਸਤ ਬਨਾਵੇ ਨਾਕਿ ਬਾਹੂਬਲੀ ਬਣ ਕੇ ਦਿਖਾਵੇ। ਪਛਮ ਨੂੰ ਅਜੇ ਇਹ ਗੱਲ ਸਮਝ ਨਹੀਂ ਆ ਰਹੀ ਕਿ ਭਾਰਤ ਨੂੰ ਆਲੇ ਦੁਆਲੇ ਦੇ ਦਖਣੀ ਏਸ਼ੀਆ ਦੇ ਦੇਸ਼ਾਂ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ; ਭੂਮੀ ਪਖੋਂ ਭਾਰਤ ਜ਼ਰੂਰ ਇੱਕ ਵਿਸ਼ਾਲ ਦੇਸ਼ ਹੈ ਪਰ ਇਹ ਉਹ ਇਲਾਕਾ ਹੈ ਜਿਥੇ ਵਿਸ਼ਵ ਦੀ ਕੁਲ ਆਬਾਦੀ ਦਾ ਚੌਥਾ ਹਿੱਸਾ ਰਹਿ ਰਿਹਾ ਹੈ। ਭਾਰਤ ਦੀ ਵਿਦੇਸ਼ ਸੇਵਾ ਨੇ ਬਹੁਤ ਸਿਆਣੇ ਵਿਦਵਾਨ ਸਵੈਮਾਨ ਭਰਪੂਰ ਅਫਸਰ ਪੈਦਾ ਕੀਤੇ ਹਨ, ਪਰ ਵਰਤਮਾਨ ਵਿਚ ਇਹ ਸੇਵਾ ਮੋਦੀ ਦੇ ਅਕਸ ਨੂੰ ਵਿਸ਼ਵ ਗੁਰੂ ਬਣਾਉਣ ਦਾ ਪਲੇਟਫਾਰਮ ਬਣ ਕੇ ਰਹਿ ਗਿਆ ਹੈ। ਯੋਗਾ ਦੇ ਆਸਨ ਭਾਰਤ ਦੀ ਮਹਾਨਤਾ ਦੇ ਨਿਸ਼ਾਨ ਵਜੋਂ ਪੇਸ਼ ਕੀਤੇ ਜਾ ਰਹੇ ਹਨ। ਭਾਰਤੀ ਕੂਟਨੀਤਕਾਂ ਦੀ ਸਿਆਣਪ ਤੇ ਸਵੈਮਾਣ ਹੁਣ ਅਤੀਤ ਦੀ ਗੱਲ ਹੋ ਗਈ ਹੈ। ਕੁਝ ਨੇ ਬਾਹੂਬਲੀ ਸਾਹਮਣੇ ਸਮਰਪਣ ਕਰ ਦਿੱਤਾ ਹੈ ਤੇ ਕੁਝ ਸ਼ਾਂਤ ਹੋ ਕੇ ਘਰੇ ਬਹਿ ਗਏ ਹਨ। ਰਹਿੰਦੀ ਕਸਰ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਆਗਮਨ ਨਾਲ ਪੂਰੀ ਹੋ ਗਈ ਹੈ। ਇੱਕ ਗੈਰ-ਸਰਕਾਰੀ ਤਾਕਤ ਵਜੋਂ ਉਸ ਨੇ ਭਾਰਤੀ ਸਫਾਰਤਖਾਨਿਆਂ ਦੇ ਕੰਮਕਾਜ ਵਿਚ ਦਖਲ ਦੇਣਾ ਸ਼ੁਰੂ ਕਰ ਦਿੱਤਾ ਹੈ। ਨਵੀਂ ਦਿਲੀ ਦੇ ਪੱਤਰਕਾਰ ਤੇ ਵਿਸ਼ਲੇਸ਼ਕਾਂ ਦੀਆਂ ਲਿਖਤਾਂ ਦਾ ਆਧਾਰ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਕੀਤੇ ਦਸਤਾਵੇਜ਼ ਹੀ ਹੁੰਦਾ ਸੀ, ਪਰ ਮੋਦੀ ਰਾਜ ਵਿਚ ਉਹ ਵਿਦੇਸ਼ ਵਿਭਾਗ ਦੇ ਬੁਲਾਰੇ ਬਣ ਗਏ ਹਨ। ਭਾਰਤ ਦੇ ਅੰਤਰ-ਰਾਸ਼ਟਰੀ ਅਕਸ ਨੂੰ ਮੈਲਾ ਰਕਨ ਦਾ ਕੰਮ ਟੀ ਵੀ ਐਂਕਰਾਂ ਨੇ ਸਾਂਭ ਲਿਆ ਹੈ। ਇਨ੍ਹਾਂ ਵੱਲੋਂ ਜਾਰੀ ਨਾਟਕੀ ਤਸਵੀਰਾਂ ਤੇ ਐਲਾਨਨਾਮੇ ਦੇਖ ਗੁਆਂਢੀ ਹੈਰਾਨ ਰਹਿ ਜਾਂਦੇ ਹਨ। ਭਾਰਤ ਦੇ ਟੀ ਵੀ ਐਂਕਰਾਂ ਵੱਲੋਂ ਪੇਸ਼ ਕੀਤੀ ਕਮਾਲ ਦੀ ਕਹਾਣੀ ਹੈ, ਕਿਵੇਂ ਇੱਕ ਚੀਨ ਦੀ ਰਾਜਦੂਤ ਔਰਤ ਨੇ ਨਿਪਾਲ ਦੇ ਪ੍ਰਧਾਨ ਮੰਤਰੀ ਕੇ ਪੀ ਓਲੀ ਨੂੰ ਆਪਣੀ ਸੁੰਦਰਤਾ ਦੇ ਜਾਲ ਵਿਚ ਫਸਾਇਆ ਸੀ। ਮੋਦੀ ਨੇ ਹਿੰਦੂ ਧਰਮ ਨੂੰ ਰਾਜਨੀਤੀ ਦਾ ਹਥਿਆਰ ਬਣਾ ਕੇ ਵਰਤਿਆ ਹੈ, ਉਹ ਵੀ ਬਹੁਤ ਬਖੂਬੀ ਦੇ ਨਾਲ ਸਨਾਤਨ ਧਰਮ ਵਿਚ ਰਾਮ ਨੂੰ ਪ੍ਰਮੁੱਖ ਭਗਵਾਨ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਖਾਸ ਕਰ ਉੱਤਰ ਭਾਰਤ ਦੇ ਵਿਚ। ਵੱਖਵਾਦੀ ਹਿੰਦੂਤਵ ਦੀ ਰਾਜਨੀਤੀ ਨੇ ਇਸਲਾਮੀ ਕੱਟੜਵਾਦੀਆਂ ਤੋਂ ਬਹੁਤ ਕੁਝ ਸਿੱਖਿਆ ਹੈ : ਚੋਣਾਂ ਜਿੱਤਣ ਦੇ ਲਈ ਧਰਮ ਨੂੰ ਕਿਵੇਂ ਵਰਤਨਾ ਹੈ, ਸ਼ਾਜ਼ਿਸ਼ਾਂ ਘੜਣੀਆਂ, 'ਅਸੀਂ ਤੇ ਉਹ', ਬਹੁਸੰਖਿਆ ਨੂੰ ਡਰਾ ਕੇ ਘੱਟ ਗਿਣਤੀਆਂ ਦੇ ਵਿਰੁੱਧ ਕਰ ਦੇਣਾ। ਸਿਨਹਾਲੀ ਸ੍ਰੀਲੰਕਾ ਵਿਚ ਵੀ ਅਜਿਹਾ ਕਰਦੇ ਹਨ, ਬੰਗਲਾਦੇਸ਼ ਦੀਆਂ ਰਾਜਸੀ ਪਾਰਟੀਆਂ ਵੀ ਇਸਲਾਮ ਨੂੰ ਵਰਤਦੀਆਂ ਹਨ, ਪਰ ਲਗਦਾ ਹੈ ਰਾਸ਼ਟਰੀ ਸਵੈਮ ਸੇਵਕ ਸੰਘ ਤੇ ਭਾਰਤੀ ਜਨਤਾ ਪਾਰਟੀ ਨੇ ਜਿਆ ਉਲ ਹੱਕ ਤੋਂ ਬਹੁਤ ਕੁਝ ਸਿੱਖਿਆ ਹੈ, ਜਦ ਉਸ ਨੇ ਪਾਕਿਸਤਾਨ ਨੂੰ ਇਸਲਾਮਿਕ ਸਟੇਟ ਬਣਾ ਦਿੱਤਾ ਸੀ। ਗੁਆਂਢ ਦੇ ਦੇਸ਼ਾਂ ਦੇ ਲੋਕ ਮੋਦੀ ਰਾਜ ਦੀ ਨੀਤੀ ਤੋਂ ਚਿੰਤਤ ਹਨ। ਇਸ ਨੀਤੀ ਦਾ ਮਕਸਦ ਹੈ ਮੋਦੀ ਰਾਜ ਦੀ ਉਮਰ ਲੰਮੀ ਕਰਨਾ ਅਤੇ ਭਾਜਪਾ ਤੇ ਸੰਘ ਦੀਆਂ ਨੀਹਾਂ ਨੂੰ ਮਜ਼ਬੂਤ ਕਰਨਾ ਹੈ।

***(ਕਨਕ ਮਨੀ ਦੀਕਸ਼ਤ ਕਾਠਮੰਡੂ ਸਥਿਤ ਲੇਖਕ ਤੇ ਪ੍ਰਕਾਸ਼ਕ ਹੈ। 'ਭਾਰਤ ਦੱਖਣ ਏਸ਼ੀਆ ਦੇ ਲੋਕਾਂ ਦੀ ਨਜ਼ਰ ਵਿਚ' ਇਹ ਉਸ ਦਾ ਦੋ ਲੇਖਾਂ ਦੀ ਲੜੀ ਦਾ ਪਹਿਲਾ ਲੇਖ ਹੈ)***

# ਲੋਕਾਂ ਦਾ ਸਿਆਸੀ ਲੀਡਰਾਂ ਤੋਂ ਉੱਠਦਾ ਜਾ ਰਿਹਾ ਵਿਸ਼ਵਾਸ

ਗੁਰਪ੍ਰੀਤ ਸਿੰਘ ਗਿੱਲ

ਭਾਰਤ ਦੀ ਰਾਜਨੀਤੀ ਵਿੱਚ ਅਕਸਰ ਹੀ ਚੋਣਾਂ ਆਉਂਦੀਆਂ-ਜਾਂਦੀਆਂ ਰਹਿੰਦੀਆਂ ਹਨ, ਕਦੇ ਵਿਧਾਨ ਸਭਾ ਦੀਆਂ ਚੋਣਾਂ ਤੇ ਕਦੇ ਲੋਕ ਸਭਾ ਦੀਆਂ ਚੋਣਾਂ। ਇਸ ਵਾਰ ਸਾਡੇ ਭਾਰਤ ਦੇਸ਼ ਵਿੱਚ 18ਵੀਂ ਲੋਕ ਸਭਾ ਦੀਆਂ ਚੋਣਾਂ ਹੋਣ ਦਾ ਬਿਗਲ ਵੱਜ ਚੁੱਕਿਆ ਹੈ। ਦਲ ਬਦਲਣ ਦਾ ਦੌਰ ਪਿਛਲੇ ਸਮੇਂ ਤੋਂ ਹੀ ਚੱਲਦਾ ਆ ਰਿਹਾ ਹੈ ਪਰ ਇਸ ਵਾਰ ਦੀਆਂ ਲੋਕ ਸਭਾ ਚੋਣਾਂ ਵਿੱਚ ਸਿਆਸੀ ਨੇਤਾਵਾਂ ਦੁਆਰਾ ਬਹੁਤ ਵੱਡੇ ਪੱਧਰ 'ਤੇ ਦਲ-ਬਦਲੀ ਕੀਤੀ ਗਈ ਹੈ। ਇਸੇ ਕਰਕੇ ਹੀ ਰਾਜਨੀਤਕ ਨੇਤਾਵਾਂ ਦਾ ਲੋਕਾਂ ਵਿੱਚੋਂ ਸਤਿਕਾਰ ਖਤਮ ਹੁੰਦਾ ਜਾਂਦਾ ਹੈ ਤੇ ਇਹ ਆਉਣ ਵਾਲੀਆਂ ਚੋਣਾਂ ਇੱਕ ਨਿਵੇਕਲੀ ਕਿਸਮ ਦੀਆਂ ਚੋਣਾਂ ਹੋਣਗੀਆਂ। ਪਿਛਲੇ ਸਮੇਂ ਵਿੱਚ ਲੀਡਰ ਆਪੋ-ਆਪਣੀ ਪਾਰਟੀ ਨਾਲ ਬਿਨਾਂ ਕਿਸੇ ਲਾਲਚ ਤੋਂ ਡਟ ਕੇ ਖੜਦੇ ਸਨ ਤੇ ਪਾਰਟੀਆਂ ਵੱਲੋਂ ਉਨ੍ਹਾਂ ਦਾ ਮਾਣ-ਸਨਮਾਨ ਅਤੇ ਸਰਕਾਰ ਆਉਣ 'ਤੇ ਉੱਚੇ ਅਹੁਦੇ ਦਿੱਤੇ ਜਾਂਦੇ ਸਨ। ਰਾਜਨੀਤਕ ਪਾਰਟੀਆਂ ਵੱਲੋਂ ਕਈ ਨੇਤਾਵਾਂ ਨੂੰ ਵਿਧਾਇਕ, ਐੱਮ ਪੀ ਅਤੇ ਮੰਤਰੀ ਆਦਿ ਬਣਾਇਆ ਗਿਆ ਸੀ, ਪਰ ਉਹ ਵੀ ਵੱਡੇ ਲਾਲਚ ਕਾਰਨ ਪਾਰਟੀ ਨੂੰ ਛੱਡ ਕੇ ਹੁਣ ਦੂਸਰੀਆਂ ਪਾਰਟੀਆਂ ਵਿੱਚ ਧੜਾ-ਧੜ ਸ਼ਾਮਲ ਹੋ ਰਹੇ ਹਨ। ਇਹ ਭਾਰਤੀ ਰਾਜਨੀਤੀ ਵਾਸਤੇ ਸ਼ੁੱਭ ਸੰਕੇਤ ਨਹੀਂ ਹਨ। ਰਾਜਨੀਤਕ ਪਾਰਟੀਆਂ ਵੱਲੋਂ ਜਿਹੜੇ ਲੋਕਾਂ ਨੂੰ ਉੱਚ ਅਹੁਦਿਆਂ 'ਤੇ ਬਿਠਾਇਆ ਸੀ, ਅੱਜ ਉਹੀ ਉਨ੍ਹਾਂ ਸਾਹਮਣੇ ਚੁਣੌਤੀ ਬਣ ਕੇ ਆਣ ਖੜੇ ਹੋਏ ਹਨ।

ਜਦੋਂ ਲੀਡਰ ਚੋਣ ਲੜਦਾ ਹੈ ਤਾਂ ਉਹ ਲੋਕਾਂ ਨੂੰ ਆਖਦਾ ਹੈ ਕਿ ਉਹ ਲੋਕ ਸੇਵਾ ਕਰੇਗਾ ਤੇ ਇਲਾਕੇ ਦਾ ਵਿਕਾਸ ਕਰਾਵੇਗਾ, ਪਰ ਜਦੋਂ ਚੋਣ ਜਿੱਤ ਜਾਂਦਾ ਹੈ ਤਾਂ ਇਹ ਚੀਜ਼ਾਂ ਖਤਮ ਹੋ ਜਾਂਦੀਆਂ ਹਨ।ਉਸ ਦੇ ਰਹਿਣ-ਸਹਿਣ 'ਚ ਬਦਲਾਅ ਆ ਜਾਂਦਾ ਹੈ ਤੇ ਉਹ ਲੋਕਾਂ ਨੂੰ ਮਿਲਣਾ ਵੀ ਛੱਡ ਦਿੰਦਾ ਹੈ।ਉਸ ਸਮੇਂ ਵੋਟਰ ਨੂੰ ਸਾਰਾ ਕੁਝ ਪਤਾ ਲੱਗ ਜਾਂਦਾ ਹੈ ਤੇ ਕਿਸੇ ਗੱਲ ਦਾ ਕੋਈ ਲੁਕਾ ਨਹੀਂ ਰਹਿੰਦਾ।ਇਸੇ ਕਰਕੇ ਹੀ ਹੁਣ ਪਿੰਡਾਂ ਦੀਆਂ ਸੱਥਾਂ ਵਿੱਚ ਜਦੋਂ ਲੀਡਰ ਵੋਟਾਂ ਮੰਗਣ ਜਾਂਦੇ ਹਨ ਤਾਂ ਲੋਕਾਂ ਵੱਲੋਂ ਉਹਨਾਂ ਨੂੰ ਸਵਾਲ-ਜਵਾਬ ਕੀਤੇ ਜਾਂਦੇ ਹਨ।

ਦਲ ਬਦਲੂ ਲੀਡਰ ਜਦੋਂ ਦੂਸਰੀ ਪਾਰਟੀ ਵਿੱਚ ਜਾਂਦਾ ਹੈ ਤਾਂ ਉੱਥੇ ਪਹਿਲਾਂ ਤੋਂ ਆਪਣੀ ਪਾਰਟੀ ਵਿੱਚ ਇਮਾਨਦਾਰੀ ਨਾਲ ਕੰਮ ਕਰ ਰਹੇ ਦੂਜੇ ਲੀਡਰ ਦਾ ਵੀ ਪੈਰਾਸ਼ੂਟ ਰਾਹੀਂ ਉਮੀਦਵਾਰ ਬਣ ਕੇ ਹੱਕ ਮਾਰ ਦਿੰਦਾ ਹੈ।ਪਾਰਟੀ ਬਦਲਣ ਕਾਰਨ ਲੋਕਾਂ ਅਤੇ ਵੋਟਰਾਂ ਵਿੱਚ ਉਸ ਦੇ ਪ੍ਰਤੀ ਨਿਰਾਸ਼ਾ ਅਤੇ ਬੇਵਿਸ਼ਵਾਸੀ ਪੈਦਾ ਹੋ ਜਾਂਦੀ ਹੈ। ਇਨ੍ਹਾਂ ਕਾਰਨਾਂ ਕਰਕੇ ਹੀ ਅੱਜ ਸਾਡੀ ਰਾਜਨੀਤੀ ਵਿੱਚ ਨਿਗਾਰ ਆ ਗਿਆ ਹੈ ਤੇ ਲੋਕਾਂ ਦਾ ਸਿਆਸੀ ਲੀਡਰਾਂ ਤੋਂ ਵਿਸ਼ਵਾਸ ਉੱਠਦਾ ਜਾ ਰਿਹਾ ਹੈ।

ਰਾਜਨੀਤੀ ਵਿੱਚੋਂ ਹੇਠਲੇ ਪੱਧਰ ਦਾ ਵਰਕਰ ਵੀ ਹੁਣ ਮਾਯੂਸ ਹੋ ਕੇ ਘਰ ਬੈਠ ਗਿਆ ਹੈ।ਇਸ ਕਰਕੇ ਇਹਨਾਂ ਚੋਣਾਂ ਵਿੱਚ ਹੁਣ ਪਹਿਲੀ ਅਤੇ ਦੂਸਰੀ ਕਤਾਰ ਦੇ ਨੇਤਾ ਹੀ ਦਿਸਣਗੇ, ਕਿਉਂਕਿ ਜਦੋਂ ਇਹ ਲੋਕ ਪਾਵਰ ਵਿੱਚ ਆ ਜਾਂਦੇ ਹਨ ਤਾਂ ਵਰਕਰਾਂ ਦੀ ਕੋਈ ਗੱਲ ਨਹੀਂ ਸੁਣਦਾ। ਆਮ ਲੋਕ ਵੀ ਇਸੇ ਕਰਕੇ ਹੀ ਰਾਜਨੀਤਿਕ ਲੋਕਾਂ ਦਾ ਖਹਿੜਾ ਛੱਡ ਗਏ ਹਨ ਤੇ ਆਉਣ ਵਾਲੇ ਸਮੇਂ ਵਿੱਚ ਨੁੱਕੜ ਮੀਟਿੰਗਾਂ ਅਤੇ ਰੈਲੀਆਂ ਵਿੱਚ ਵਰਕਰਾਂ ਦਾ ਤੇ ਲੋਕਾਂ ਦਾ ਇਕੱਠ ਵੇਖਣ ਨੂੰ ਨਹੀਂ ਮਿਲੇਗਾ। ਅੱਜ ਤੋਂ ਦੋ ਦਹਾਕੇ ਪਹਿਲਾਂ ਇਹਨਾਂ ਵਰਕਰਾਂ ਦੀ ਲੀਡਰਾਂ ਕੋਲ ਬਹੁਤ ਵੁਕਤ ਹੁੰਦੀ ਸੀ। ਲੀਡਰ ਆਪਣੇ ਵਰਕਰ ਨਾਲ ਚਟਾਨ ਵਾਂਗ ਖੜਦੇ ਸਨ ਤੇ ਚੋਣਾਂ ਵੇਲੇ ਵਰਕਰ ਵੀ ਆਪਣੇ ਲੀਡਰ ਨੂੰ ਕਦੇ ਪਿੱਠ ਨਹੀਂ ਵਿਖਾਉਂਦਾ ਸੀ ਅਤੇ ਦਿਨ-ਰਾਤ ਇੱਕ ਕਰਕੇ ਆਪਣੇ ਨੇਤਾ ਨੂੰ ਜਿਤਾਉਣ ਲਈ ਕੋਈ ਕਸਰ ਨਹੀਂ ਛੱਡਦਾ ਸੀ, ਪਰ ਅੱਜ ਦੀ ਰਾਜਨੀਤੀ ਵਿੱਚ ਪੈਸਾ ਭਾਰੂ ਹੋਣ ਕਰਕੇ ਆਮ ਵਰਕਰਾਂ ਨੂੰ ਕੋਈ ਨਹੀਂ ਪੁੱਛਦਾ। ਅੱਜ ਦੇ ਸਮੇਂ ਵਿੱਚ ਲੀਡਰ ਦਲ ਬਦਲ ਜਾਂਦੇ ਹਨ, ਪਰ ਵਰਕਰ ਆਪੋ-ਆਪਣੀ ਪਾਰਟੀ ਵਿੱਚ ਹੀ ਖੜੇ ਰਹਿੰਦੇ ਹਨ।ਇਸੇ ਕਰਕੇ ਹੀ ਪਿਛਲੇ ਸਮੇਂ ਤੋਂ ਚੱਲ ਰਹੀ ਰਾਜਨੀਤੀ ਵਿੱਚ ਬਹੁਤ ਵੱਡਾ ਫਰਕ ਆ ਗਿਆ ਹੈ।

ਇਸ ਸੰਬੰਧੀ ਸਾਡੀ ਭਾਰਤ ਸਰਕਾਰ ਅਤੇ ਨਿਆਂ ਪ੍ਰਣਾਲੀ ਨੂੰ ਇੱਕ ਸਖਤ ਕਾਨੂੰਨ ਬਣਾਉਣਾ ਚਾਹੀਦਾ ਹੈ।ਜਦੋਂ ਕੋਈ ਲੀਡਰ ਕਿਸੇ ਪਾਰਟੀ ਤੋਂ ਐੱਮ ਐੱਲ ਏ, ਐੱਮ ਪੀ ਜਾਂ ਮੰਤਰੀ ਬਣ ਜਾਂਦਾ ਹੈ ਜੇਕਰ ਉਹ ਪਾਰਟੀ ਨੂੰ ਛੱਡ ਦੂਸਰੀ ਪਾਰਟੀ ਵਿੱਚ ਜਾਂਦਾ ਹੈ ਤਾਂ ਉਸ 'ਤੇ ਦਲ ਬਦਲੂ ਦਾ ਕਾਨੂੰਨ ਸਖਤੀ ਨਾਲ ਲਾਗੂ ਹੋਣਾ ਚਾਹੀਦਾ ਹੈ।ਉਸ ਤੋਂ ਬਾਅਦ ਉਸ ਨੂੰ ਕੋਈ ਵੀ ਇਲੈਕਸ਼ਨ ਨਾ ਲੜਨ ਦੇ ਅਯੋਗ ਕਰਾਰ ਦੇਣਾ ਚਾਹੀਦਾ ਹੈ।ਅੱਜ ਦੇ ਸਮੇਂ ਵਿੱਚ ਕਈ ਲੀਡਰ ਤਾਂ ਤਿੰਨ-ਤਿੰਨ ਪਾਰਟੀਆਂ ਬਦਲ ਗਏ ਹਨ, ਪਰ ਉਨ੍ਹਾਂ ਨੂੰ ਦੇਸ਼ ਦੇ ਕਈ ਵੱਡੇ ਮੁੱਦੇ ਜਿਵੇਂ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਸਿਹਤ, ਸਿੱਖਿਆ, ਨਸ਼ਾ ਆਦਿ ਦੀ ਕੋਈ ਫਿਕਰ ਨਹੀਂ ਹੈ, ਸਿਰਫ ਤੇ ਸਿਰਫ ਆਪਣੀ ਕੁਰਸੀ ਅਤੇ ਚੌਧਰ ਹੀ ਦਿਖਾਈ ਦਿੰਦੀ ਹੈ।ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੂੰ ਚਾਹੀਦਾ ਹੈ ਕਿ ਉਹ ਜਿਸ ਪਾਰਟੀ ਵਿੱਚ ਹਨ, ਉਸ ਪਾਰਟੀ ਵਿੱਚ ਹੀ ਰਹਿਣ ਤੇ ਇਮਾਨਦਾਰੀ ਨਾਲ ਆਪਣੇ ਲੋਕਾਂ, ਸਮਾਜ ਅਤੇ ਦੇਸ਼ ਪ੍ਰਤੀ ਕੰਮ ਕਰਨ ਤਾਂ ਜੋ ਉਹਨਾਂ ਦਾ ਲੋਕਾਂ ਵਿੱਚ ਅਤੇ ਆਪਣੀ ਪਾਰਟੀ ਵਿੱਚ ਵਿਸ਼ਵਾਸ ਬਣਿਆ ਰਹੇ।

***# ਸੰਪਰਕ : 94630-43649***

# ਲੋਕ ਸਭਾ ਚੋਣਾਂ, ਚੋਣ ਮਨੋਰਥ ਪੱਤਰ; ਸੰਵਿਧਾਨਕ ਉਦੇਸ਼ ਤੇ ਵਿਵਸਥਾਵਾਂ

ਚਰਨ ਸਿੰਘ ਸਰਾਭਾ

ਸੰਸਾਰ ਦੇ ਸਭ ਤੋਂ ਵੱਡੇ ਮੰਨੇ ਜਾਂਦੇ ਲੋਕਤੰਤਰ ਭਾਰਤ ਦੀ 18ਵੀਂ ਲੋਕ ਸਭਾ ਲਈ ਚੋਣਾਂ ਦੀ ਪ੍ਰਕਿਰਿਆ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਸੁਭਾਵਕ ਤੌਰ 'ਤੇ ਚੋਣਾਂ ਲੜ ਰਹੀਆਂ ਸਿਆਸੀ ਪਾਰਟੀਆਂ ਨੇ ਆਪਣੇ ਵਿਚਾਰਾਂ, ਪ੍ਰੋਗਰਾਮ ਜਾਂ ਉਦੇਸ਼ਾਂ ਅਨੁਸਾਰ ਆਪੋ-ਆਪਣੇ ਚੋਣ ਮਨੋਰਥ ਪੱਤਰ ਵੀ ਜਾਰੀ ਕੀਤੇ ਹਨ, ਜਿਨ੍ਹਾਂ ਦੇ ਅਧਾਰ 'ਤੇ ਉਨ੍ਹਾਂ ਨੇ ਵੋਟਰ ਜਨ-ਸਮੂਹਾਂ ਕੋਲ ਸਮਰਥਨ ਪ੍ਰਾਪਤ ਕਰਨ ਦੀ ਅਪੀਲ ਕਰਨੀ ਹੈ। ਸਾਡੀ ਜਾਣਕਾਰੀ ਅਨੁਸਾਰ ਇਹ ਸਤਰਾਂ ਲਿਖਣ ਤੱਕ ਕੁਝ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰ ਜਾਰੀ ਨਹੀਂ ਹੋਏ ਹਨ। ਹੋ ਰਹੀਆਂ ਇਨ੍ਹਾਂ ਚੋਣਾਂ ਵਿੱਚ ਚੋਣ ਮਨੋਰਥ ਪੱਤਰਾਂ ਨੂੰ ਵਾਅਦਿਆਂ ਵਾਲੇ ਪੱਤਰਾਂ ਤੋਂ ਬਦਲ ਕੇ ਸੰਕਲਪ ਪੱਤਰ ਜਾਂ ਗਰੰਟੀਆਂ ਵਾਲਾ ਪੱਤਰ ਵੀ ਕਿਹਾ ਜਾਣ ਲੱਗ ਪਿਆ ਹੈ ਅਤੇ ਜਾਰੀ ਹੋ ਚੁੱਕੇ ਇਨ੍ਹਾਂ ਚੋਣ ਮਨੋਰਥ ਪੱਤਰਾਂ ਉੱਪਰ ਵੱਖ-ਵੱਖ ਵਿਸ਼ਲੇਸ਼ਕਾਂ ਦੀਆਂ ਟਿੱਪਣੀਆਂ ਜਾਂ ਵਿਆਖਿਆਵਾਂ ਵੀ ਪ੍ਰੈੱਸ ਵਿੱਚ ਛਪ ਰਹੀਆਂ ਹਨ।

ਅਜਿਹੇ ਚੱਲਦੇ ਵਿਵਾਦਾਂ ਵਿੱਚ ਹੀ ਕਈ ਵਿਚਾਰਵਾਨ ਨਾਗਰਿਕ ਪ੍ਰੈੱਸ ਰਾਹੀਂ ਆਵਾਜ਼ ਬੁਲੰਦ ਕਰ ਰਹੇ ਹਨ ਕਿ ਇਨ੍ਹਾਂ ਚੋਣ-ਮਨੋਰਥ ਪੱਤਰਾਂ ਨੂੰ ਕਾਨੂੰਨੀ ਵਚਨਬੱਧਤਾ ਵਾਲਾ ਪੱਤਰ ਮੰਨਿਆ ਜਾਵੇ, ਤਾਂ ਜੋ ਚੋਣਾਂ ਉਪਰੰਤ ਰਾਜਭਾਗ ਦੀ ਮਾਲਕ ਬਣੀ ਸਿਆਸੀ ਪਾਰਟੀ ਜਾਂ ਆਗੂ ਜੇਕਰ ਉਨ੍ਹਾਂ ਵੱਲੋਂ ਚੋਣਾਂ ਸਮੇਂ ਕੀਤੇ ਵਾਅਦੇ ਪੂਰੇ ਨਾ ਕਰਨ ਤਾਂ ਉਨ੍ਹਾ ਵਿਰੁੱਧ ਸੰਬੰਧਤ ਵੋਟਰ ਸਮੂਹਾਂ ਵੱਲੋਂ ਕਾਨੂੰਨੀ ਕਾਰਵਾਈ ਕੀਤੀ ਜਾ ਸਕੇ। ਅਜੋਕੀ ਇਸ ਚੋਣ ਸਮੇਂ ਵੱਖ-ਵੱਖ ਸਿਆਸੀ ਪਾਰਟੀਆਂ ਦੇ ਕੁਝ ਆਗੂਆਂ ਦੇ ਬਿਆਨਾਂ ਵਿੱਚ ਇਹ ਆਵਾਜ਼ਾਂ ਵੀ ਆ ਰਹੀਆਂ ਹਨ ਕਿ ਲੋਕ ਸਭਾ ਦੀ ਇਹ ਚੋਣ ਭਾਰਤ ਵਿੱਚ ਲੋਕਤੰਤਰ ਦੀ ਹੋਂਦ ਅਤੇ ਸੰਵਿਧਾਨ ਦੀ ਰਾਖੀ ਸੰਬੰਧੀ ਚੋਣ ਹੋਵੇਗੀ। ਭਾਰਤੀ ਜਨ-ਸਮੂਹਾਂ ਨੂੰ ਇਹ ਵੀ ਵਿਚਾਰਨਾ ਹੋਵੇਗਾ ਕਿ ਅਜਿਹੀਆਂ ਆਵਾਜ਼ਾਂ ਜਾਂ ਵਿਵਾਦ ਕਿਉਂ ਉੱਭਰਦੇ ਹਨ, ਜਦੋਂ ਕਿ ਚੋਣਾਂ ਲੜਨ ਲਈ ਨਾਮਜ਼ਦਗੀ ਪੱਤਰ ਭਰਨ ਸਮੇਂ ਹਰ ਉਮੀਦਵਾਰ ਆਗੂ ਵੱਲੋਂ ਹਲਫ਼ੀਆ ਬਿਆਨ ਦੇਣਾ ਹੁੰਦਾ ਹੈ ਕਿ ਉਹ ਭਾਰਤੀ ਸੰਵਿਧਾਨ ਨੂੰ ਮੰਨਦਾ ਹੈ। ਫਿਰ ਚੋਣਾਂ ਜਿੱਤਣ ਜਾਂ ਸਰਕਾਰ ਬਣਾਉਣ ਸਮੇਂ ਜੇਤੂ ਪਾਰਟੀ ਦੇ ਆਗੂ ਭਾਰਤੀ ਸੰਵਿਧਾਨ ਅਨੁਸਾਰ ਹੀ ਸਰਕਾਰ ਚਲਾਉਣ ਦੀ ਸਹੁੰ ਵੀ ਚੁੱਕਦੇ ਹਨ ਅਤੇ ਪਾਬੰਦ ਵੀ ਹੁੰਦੇ ਹਨ। ਸਾਡੀ ਸਮਝ ਅਨੁਸਾਰ ਸਾਡੇ ਭਾਰਤ ਵਿੱਚ ਸੰਵਿਧਾਨ ਅਤੇ ਲੋਕਤੰਤਰ ਦੀ ਰਾਖੀ ਵਰਗੇ ਚੁਣੌਤੀਆਂ ਭਰਪੂਰ ਵਿਵਾਦਾਂ ਦਾ ਕਾਰਨ ਸਾਡੇ ਦੇਸ਼ ਦੀ ਅਜੋਕੀ ਸਥਿਤੀ ਅਤੇ ਸੰਵਿਧਾਨਕ ਵਿਵਸਥਾਵਾਂ ਸੰਬੰਧੀ ਕੁਝ ਵੱਡੇ ਰੁਤਬਿਆਂ 'ਤੇ ਬਿਰਾਜਮਾਨ ਸਰਕਾਰੀ ਵਜ਼ੀਰਾਂ ਅਤੇ ਅਧਿਕਾਰੀਆਂ ਦੇ ਬਿਆਨ ਵੀ ਹਨ। ਜੋ ਪਿਛਲੇ ਵੱਖ-ਵੱਖ ਸਮਿਆਂ 'ਚ ਪ੍ਰੈੱਸ ਵਿੱਚ ਛਪਦੇ ਰਹੇ ਹਨ। ਕੁਝ ਇਕ ਦਾ ਹਵਾਲਾ ਅੱਗੇ ਜਾ ਕੇ ਦਿੱਤਾ ਜਾਵੇਗਾ। ਜਦੋਂ ਦੇਸ਼ ਦੀ ਅਜੋਕੀ ਸਥਿਤੀ ਸੰਬੰਧੀ ਪ੍ਰੈੱਸ ਵਿੱਚ ਖ਼ਬਰਾਂ ਛਪਦੀਆਂ ਹਨ ਕਿ ਦੇਸ਼ ਦੇ 1 ਪ੍ਰਤੀਸ਼ਤ ਅਮੀਰਾਂ ਕੋਲ ਦੇਸ਼ ਦੇ ਕੁਲ ਸਰਮਾਏ ਦਾ 40 ਪ੍ਰਤੀਸ਼ਤ ਸਰਮਾਇਆ ਕੇਂਦਰਤ ਹੋ ਗਿਆ ਹੈ। ਇਸ ਤਰ੍ਹਾਂ ਭਾਰਤ ਵਿੱਚ ਅਮੀਰ-ਗਰੀਬ ਦੀ ਨਾ-ਬਰਾਬਰੀ ਸੰਸਾਰ ਭਰ ਵਿੱਚ ਸਭ ਤੋਂ ਵੱਧ ਹੈ ਅਤੇ ਇਨ੍ਹਾਂ ਅਮੀਰਾਂ ਦੀ ਦੌਲਤ ਵਿੱਚ ਇਹ ਵਾਧਾ 2014-15 ਤੋਂ 2022-23 ਤੱਕ ਦੇ ਸਾਲਾਂ ਵਿੱਚ ਹੀ ਹੋਇਆ ਹੈ। ਦੇਸ਼ ਵਿੱਚ ਬੇਰੁਜ਼ਗਾਰੀ ਵੱਡੀ ਚੁਣੌਤੀ ਬਣੀ ਹੋਈ ਹੈ। ਇਹ ਵੀ ਖ਼ਬਰਾਂ ਸਰਕਾਰੀ ਤੌਰ 'ਤੇ ਹੀ ਆ ਰਹੀਆਂ ਹਨ ਕਿ ਭਾਰਤ ਦੇ 80 ਕਰੋੜ ਲੋਕਾਂ ਨੂੰ ਪੰਜ ਕਿਲੋ ਅਨਾਜ ਪ੍ਰਤੀ ਮੈਂਬਰ ਪ੍ਰਤੀ ਮਹੀਨਾ ਮੁਫ਼ਤ ਦਿੱਤਾ ਜਾਂਦਾ ਹੈ। ਦੇਸ਼ ਵਿੱਚ ਜਨਤਕ ਸਿੱਖਿਆ ਦੀ ਹਾਲਤ ਇੰਨੀ ਮਾੜੀ ਹੈ ਕਿ ਏ ਐੱਸ ਈ ਆਰ (ਐਨੁਅਲ ਸਟੇਟਸ : ਐਜੂਕੇਸ਼ਨ : ਰਿਪੋਰਟ) ਦੀ ਹੁਣੇ ਜਿਹੇ ਅਖ਼ਬਾਰਾਂ ਵਿੱਚ ਛਪੀ ਰਿਪੋਰਟ ਅਨੁਸਾਰ ਭਾਰਤ ਦੇ 14-18 ਆਯੂ ਗੁੱਟ ਦੇ ਕੋਈ 40 ਪ੍ਰਤੀਸ਼ਤ ਬੱਚੇ ਦੂਜੀ ਜਮਾਤ ਦੇ ਪੱਧਰ ਵਾਲੀ ਭਾਸ਼ਾ ਦੀ ਪੜ੍ਹਾਈ-ਲਿਖਾਈ ਅਤੇ ਗਣਿਤ ਦੇ ਸਮੀਕਰਣਾਂ ਦੀ ਜਾਣਕਾਰੀ ਵੀ ਨਹੀਂ ਰੱਖਦੇ। ਅਜਿਹੀਆਂ ਖ਼ਬਰਾਂ ਹੀ ਸਾਡਾ ਧਿਆਨ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ, ਉਦੇਸ਼ਾਂ ਅਤੇ ਵਿਵਸਥਾਵਾਂ ਵੱਲ ਲੈ ਜਾਂਦੀਆਂ ਹਨ, ਜਿਨ੍ਹਾਂ ਅਨੁਸਾਰ ਭਾਰਤੀ ਸਰਕਾਰਾਂ ਦੀ ਕਾਰਜਵਿਧੀ ਨੂੰ ਚਲਾਉਣ ਲਈ ਸੰਵਿਧਾਨ ਵਿੱਚ ਸ਼ਾਮਲ ਨਿਰਦੇਸ਼ਕ ਸਿਧਾਂਤਾਂ ਦੀ ਪਾਲਣਾ ਕਰਨ ਦੀ ਸੰਵਿਧਾਨਕ ਜ਼ਿੰਮੇਵਾਰੀ ਸੀ ਅਤੇ ਅੱਜ ਵੀ ਹੈ, ਪਰ ਜਦੋਂ ਭਾਰਤ ਵਿੱਚ ਉਪਰ ਦੱਸੇ ਆਰਥਿਕ, ਸਮਾਜਿਕ ਪਾੜੇ, ਗਰੀਬੀ ਦੀ ਸਮੱਸਿਆ ਆਦਿ ਵੱਲ ਦੇਖਦੇ ਹਾਂ ਤਾਂ ਸਮਝ ਪੈਂਦੀ ਹੈ ਕਿ ਆਜ਼ਾਦੀ ਪ੍ਰਾਪਤੀ ਦੇ ਹੁਣ ਤੱਕ ਲੰਘੇ 75-76 ਸਾਲਾਂ ਵਿੱਚ (1950 ਤੋਂ 70 ਦੇ ਸਮੇਂ ਨੂੰ ਛੱਡ ਕੇ) ਜਦੋਂ ਕਿ ਹਾਲਾਤ ਇੰਨੇ ਮਾੜੇ ਨਹੀਂ ਸਨ। ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾ ਨੂੰ ਲਾਗੂ ਨਹੀਂ ਕੀਤਾ ਗਿਆ। ਸੰਵਿਧਾਨ ਦੇ ਨਿਰਦੇਸ਼ਕ ਸਿਧਾਂਤਾਂ ਅਨੁਸਾਰ ਨਿਰਧਾਰਤ ਹੈ ਕਿ ਸਰਕਾਰ ਦੀ ਕਾਰਕਰਦਗੀ ਅਜਿਹੀ ਹੋਵੇਗੀ ਜਿਸ ਅਨੁਸਾਰ ਭਾਰਤ ਦੇ ਕੁਦਰਤੀ ਸੋਮਿਆਂ ਅਤੇ ਆਰਥਿਕ ਸਾਧਨਾਂ ਦੀ ਵੰਡ ਇਸ ਤਰ੍ਹਾਂ ਹੋਵੇਗੀ ਕਿ ਇਹ ਕੌਮੀ ਸਰਮਾਇਆ ਕੁਝ ਹੀ ਲੋਕਾਂ ਕੋਲ ਇਕੱਠਾ ਨਾ ਹੋ ਜਾਵੇ, ਜੋ ਦੂਜਿਆਂ ਲਈ ਸਮੱਸਿਆਵਾਂ ਦਾ ਕਾਰਨ ਬਣ ਜਾਵੇ। ਨਿਰਦੇਸ਼ਕ ਸਿਧਾਂਤਾਂ ਅਨੁਸਾਰ ਹੀ ਸੰਵਿਧਾਨ ਲਾਗੂ ਹੋਣ ਤੋਂ 10 ਸਾਲ ਦੇ ਸਮੇਂ ਭਾਵ 1960 ਤੱਕ ਭਾਰਤ ਦੇ 6-14 ਆਯੂ ਗੁੱਟ ਦੇ ਸਾਰੇ ਬੱਚਿਆਂ ਨੂੰ ਗੁਣਾਤਮਕ ਸਿੱਖਿਆ ਪ੍ਰਦਾਨ ਕੀਤੀ ਜਾਣੀ ਸੀ, ਜੋ ਅੱਜ ਤੱਕ ਨਹੀਂ ਹੋ ਸਕਿਆ। ਇਸੇ ਤਰ੍ਹਾਂ ਮਜ਼ਦੂਰਾਂ ਨੂੰ ਘੱਟੋ-ਘੱਟ ਉਜਰਤ ਅਤੇ ਬਰਾਬਰ ਕੰਮ ਲਈ ਬਰਾਬਰ ਉਜਰਤ ਵਾਲੀ ਵਿਵਸਥਾ ਵੀ ਲਾਗੂ ਨਹੀਂ ਹੋ ਸਕੀ। ਸਮੁੱਚੇ ਰੂਪ ਵਿੱਚ ਨਾਗਰਿਕਾਂ ਦੇ ਮੁਢਲੇ ਸੰਵਿਧਾਨਕ ਹੱਕਾਂ ਦੀ ਵਿਵਸਥਾ ਨਾਲ ਮੁੱਢੋਂ ਜੋੜੀਆਂ ਲੋੜਾਂ ਜਿਵੇਂ ਗੁਣਾਤਮਕ ਸਿੱਖਿਆ, ਸਿਹਤ ਸੰਭਾਲ ਅਤੇ ਰੁਜ਼ਗਾਰ ਦੇ ਹੱਕ ਨੂੰ ਪੂਰੀ ਤਰ੍ਹਾਂ ਅਣਗੌਲਿਆ ਕੀਤਾ ਹੋਇਆ ਹੈ ਅਤੇ ਹੁਣ 1990-91 ਤੋਂ ਪਿੱਛੋਂ ਲਾਗੂ ਕੀਤੀਆਂ ਗਈਆਂ ਸੰਸਾਰ ਬੈਂਕ ਮਾਰਕਾ ਉਦਾਰੀਕਰਨ, ਪ੍ਰਾਈਵੇਟਕਰਨ, ਸੰਸਾਰੀਕਰਨ ਦੀਆਂ ਨੀਤੀਆਂ ਜੋ ਭਾਰਤੀ ਸੰਵਿਧਾਨ ਦੇ ਉਦੇਸ਼ਾਂ ਦੀ ਸਪੱਸ਼ਟ ਉਲੰਘਣਾ ਹੈ, ਨੇ ਸਥਿਤੀ ਵਿੱਚ ਹੋਰ ਵਿਗਾੜ ਪੈਦਾ ਕੀਤੇਹਨ। ਦੇਸ਼ ਦੀ ਕਿਸਾਨੀ ਦੀਆਂ ਜਿਨਸਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਗਰੰਟੀ ਤੋਂ ਮੁਨਕਰ ਸਰਕਾਰਾਂ ਦੀ ਗੈਰ ਸੰਜੀਦਗੀ ਕਾਰਨ ਪਿਛਲੇ ਇਨ੍ਹਾਂ ਸਾਲਾਂ ਵਿੱਚ ਲੱਖਾਂ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਹਨ, ਪਰ ਅਫ਼ਸੋਸ ਦੀ ਗੱਲ ਹੈ ਕਿ ਸਾਡੀ ਕੇਂਦਰੀ ਸਰਕਾਰ ਇਸ ਸਥਿਤੀ ਨੂੰ 'ਵਿਕਸਤ ਭਾਰਤ' ਆਖ ਕੇ ਇਨ੍ਹਾਂ ਸੰਸਾਰ ਮਾਰਕਾ ਆਰਥਿਕ ਸੁਧਾਰਾਂ ਨੂੰ ਜਾਰੀ ਰੱਖਣ ਦੇ ਐਲਾਨ ਹੀ ਕਰਦੀ ਰਹਿੰਦੀ ਹੈ ਅਤੇ ਜੋ ਜਨ ਸਮੂਹ ਇਨ੍ਹਾਂ ਨੀਤੀਆਂ ਵਿਰੁੱਧ ਵਿਚਾਰ ਕਰਨ ਦੀ ਗੱਲ ਕਰਦੇ ਹਨ, ਉਨ੍ਹਾਂ ਨੂੰ ਵਿਕਾਸ ਵਿਰੋਧੀ ਕਿਹਾ ਜਾਂਦਾ ਹੈ। ਸਰਕਾਰ ਦੀ ਅਜਿਹੀ ਪਹੁੰਚ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਲਈ ਭਾਰਤੀ ਸੰਵਿਧਾਨ ਦੀਆਂ ਵਿਵਸਥਾਵਾਂ ਅਤੇ ਉਦੇਸ਼ਾਂ ਦੀ ਕੋਈ ਮਹੱਤਤਾ ਨਹੀਂ ਹੈ। ਦੂਜਾ ਪੱਖ ਹੈ ਭਾਰਤ ਵਿੱਚ ਲੋਕਤੰਤਰ ਦੀ ਹੋਂਦ ਸੰਬੰਧੀ। ਭਾਰਤੀ ਸੰਵਿਧਾਨ ਅਨੁਸਾਰ ਭਾਰਤ ਸਰਵ ਸਮਰੱਥ, ਸਮਾਜਵਾਦੀ, ਧਰਮ ਨਿਰਪੱਖ, ਲੋਕਤੰਤਰ ਗਣਰਾਜ ਹੈ। ਭਾਰਤ ਵਿੱਚ ਲੋਕਤੰਤਰ ਭਾਰਤੀ ਸੰਵਿਧਾਨ ਦੇ ਉਦੇਸ਼ਾਂ ਅਤੇ ਵਿਵਸਥਾਵਾਂ 'ਤੇ ਹੀ ਅਧਾਰਤ ਹੈ। ਜਿਵੇਂ ਉਪਰ ਦੱਸਿਆ ਗਿਆ ਹੈ ਕਿ ਸਾਡੇ ਦੇਸ਼ ਵਿੱਚ 1990ਵਿਆਂ ਤੋਂ ਲਾਗੂ ਕੀਤੀਆਂ ਗਈਆਂ ਸੰਸਾਰ ਬੈਂਕ ਮਾਰਕਾ ਖੁੱਲ੍ਹੀ ਮੰਡੀ ਅਧਾਰਤ ਆਰਥਿਕ ਨੀਤੀਆਂ ਕਾਰਨ ਦੇਸ਼ ਵਿੱਚ ਅਮੀਰ-ਗਰੀਬ ਦਾ ਵੱਡਾ ਪਾੜਾ ਬਣ ਗਿਆ ਹੈ। ਸਰਕਾਰੀ ਵਿਭਾਗਾਂ, ਜਨਤਕ ਅਦਾਰਿਆਂ ਦੇ ਨਿੱਜੀਕਰਨ ਅਤੇ ਅਖੌਤੀ ਆਰਥਿਕ ਮਾਰਕਾ ਨੀਤੀਆਂ ਕਾਰਨ ਦੇਸ਼ ਦੇ ਵੱਖ-ਵੱਖ ਸਰਕਾਰੀ ਖੇਤਰਾਂ ਅਤੇ ਵਿਭਾਗਾਂ ਵਿੱਚ ਰੈਗੂਲਰ ਮੁਲਾਜ਼ਮ ਨਿਯੁਕਤੀਆਂ ਬੰਦ ਕੀਤੀਆਂ ਗਈਆਂ। ਦੇਸ਼ ਭਰ ਦੇ ਵੱਖ-ਵੱਖ ਵਿਭਾਗਾਂ ਵਿੱਚ ਲੱਖਾਂ ਪ੍ਰਵਾਨਤ ਆਸਾਮੀਆਂ ਖਾਲੀ ਪਈਆਂ ਰਹਿਣ ਕਾਰਨ ਦੇਸ਼ ਵਿੱਚ ਬੇਰੁਜ਼ਗਾਰੀ ਸਿਖਰਾਂ 'ਤੇ ਹੈ। ਸਿੱਖਿਆ ਅਤੇ ਸਿਹਤ ਸੇਵਾਵਾਂ ਦੇ ਪ੍ਰਾਈਵੇਟਕਰਨ ਹੋਣ ਕਾਰਨ ਇਹ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਅਜਿਹੇ ਕਾਰਨਾਂ ਕਰਕੇ ਜਨ ਸਮੂਹਾਂ ਵਿੱਚ ਬੇਚੈਨੀ ਵਧ ਰਹੀ ਹੈ। ਮੁਲਾਜ਼ਮ, ਮਜ਼ਦੂਰ-ਕਿਸਾਨ-ਵਿਦਿਆਰਥੀ ਜਥੇਬੰਦੀਆਂ ਸੰਘਰਸ਼ਾਂ ਵਿੱਚ ਹਨ। ਉਨ੍ਹਾਂ ਦੀਆਂ ਹੱਕੀ ਮੰਗਾਂ ਪੂਰੀਆਂ ਕਰਨ ਦੀ ਥਾਂ ਉਨ੍ਹਾਂ ਦੇ ਵਿਭਾਗੀ ਬੱਜਟਾਂ ਵਿੱਚ ਕਟੌਤੀਆਂ ਕਰਕੇ ਵੱਡੇ ਕਾਰਪੋਰੇਟ ਘਰਾਣਿਆਂ ਦੀ ਹੋਰ ਵਧੇਰੇ ਮੁਨਾਫ਼ੇ ਕਮਾਉਣ ਦੀ ਹਵਸ ਪੂਰੀ ਕਰਨ ਨੂੰ ਪਹਿਲ ਦਿੱਤੀ ਜਾ ਰਹੀ ਹੈ। ਅਜਿਹੀ ਸਥਿਤੀ ਵਾਲੀ ਮਜਬੂਰੀ ਦੀ ਅਵਸਥਾ ਵਿੱਚ ਉਪਰ ਦੇਸ਼ ਜਨ ਸਮੂਹਾਂ ਦੇ ਜਮਹੂਰੀ ਅਤੇ ਸੰਵਿਧਾਨਕ ਹੱਕਾਂ ਨੂੰ ਪ੍ਰਣਾਏ ਸੰਘਰਸ਼ਾਂ ਸੰਬੰਧੀ ਚੱਲ ਰਹੇ ਕਿਸਾਨ ਸੰਘਰਸ਼ ਸਮੇਂ 9.12.2020 ਦੇ ਇੱਕ ਅੰਗਰੇਜ਼ੀ ਅਖ਼ਬਾਰ ਅਨੁਸਾਰ ਭਾਰਤੀ ਨੀਤੀ ਅਯੋਗ ਦੇ ਮੁੱਖ ਅਧਿਕਾਰੀ ਸ੍ਰੀ ਅਮੀਤਾਬ ਕਾਂਤ ਜੀ ਕਹਿ ਰਹੇ ਸਨ ਕਿ ਭਾਰਤ ਵਿੱਚ ਵਧੇਰੇ ਲੋਕਤੰਤਰ ਹੋਣ ਕਾਰਨ ਆਰਥਿਕ ਸੁਧਾਰ ਲਾਗੂ ਕਰਨੇ ਔਖਾ ਕੰਮ ਹੈ। ਉਸੇ ਤਰ੍ਹਾਂ 25 ਜਨਵਰੀ 2022 ਦੇ ਇੱਕ ਹੋਰ ਅੰਗਰੇਜ਼ੀ ਅਖ਼ਬਾਰ ਦੀ ਸੰਪਾਦਕੀ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਦੀ ਤਕਰੀਰ ਦਾ ਜ਼ਿਕਰ ਸੀ, ਜਿਸ ਵਿੱਚ ਉਨ੍ਹਾ ਕਿਹਾ ਸੀ ਕਿ "ਭਾਰਤ ਵਿੱਚ ਹੱਕਾਂ ਲਈ ਸੰਘਰਸ਼ਾਂ" ਅਤੇ "ਜ਼ਿੰਮੇਵਾਰੀਆਂ ਪ੍ਰਤੀ ਲਾਪਰਵਾਹੀ" ਕਾਰਨ ਭਾਰਤ ਕਮਜ਼ੋਰ ਹੋਇਆ ਹੈ। ਇੱਕ ਹੋਰ ਪ੍ਰਸਿੱਧ ਭਾਰਤੀ ਅੰਗਰੇਜ਼ੀ ਰਸਾਲੇ ਦੇ 25.2.2022 ਦੇ ਅੰਕ ਦੇ ਇੱਕ ਲੇਖ ਅਨੁਸਾਰ ਵੀ ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਆਉਂਦੇ 25 ਸਾਲਾਂ ਤੱਕ ਹੁਣ ਜ਼ਿੰਮੇਵਾਰੀਆਂ ਨੂੰ ਕੇਂਦਰਤ ਕੀਤਾ ਜਾਵੇ। ਇਨ੍ਹਾਂ ਲੇਖਾਂ ਵਿੱਚ ਇਹ ਵੀ ਜ਼ਿਕਰ ਸੀ ਕਿ ਅਜਿਹੀ ਸੋਚ ਵਾਲੇ ਕਈ ਹੋਰ ਆਗੂ ਪਹਿਲਾਂ ਵੀ ਅਜਿਹੇ ਬਿਆਨ ਦੇ ਚੁੱਕੇ ਹਨ। ਉਪਰ ਦੱਸੇ ਅਜਿਹੇ ਬਿਆਨਾਂ, ਸਰਕਾਰ ਦੀ ਆਰਥਿਕ ਸੁਧਾਰ ਜਾਰੀ ਰੱਖਣ ਵਾਲੀ ਪਹੁੰਚ ਅਤੇ ਭਾਰਤੀ ਸਰਮਾਏਦਾਰਾਂ ਨਾਲ 'ਚੋਣ ਬਾਂਡਾਂ' ਵਾਲੀ ਭਿਆਲੀ ਜੱਗ ਜ਼ਾਹਰ ਹੋਣ ਕਾਰਨ ਕਈ ਵਿਰੋਧੀ ਪਾਰਟੀਆਂ ਦੇ ਆਗੂ ਅਤੇ ਰਾਜਨੀਤਕ ਵਿਸ਼ਲੇਸ਼ਕ ਆਖ ਰਹੇ ਹਨ ਕਿ ਲੋਕ ਸਭਾ ਦੀ ਚੋਣ ਭਾਰਤੀ ਸੰਵਿਧਾਨ ਅਤੇ ਲੋਕਤੰਤਰ ਬਚਾਉਣ ਵਾਲੀ ਚੋਣ ਹੋਵੇਗੀ। ਇਸ ਸੰਬੰਧ ਵਿੱਚ ਹਰ ਭਾਰਤੀ ਨੂੰ ਜਾਗਰੂਕ ਹੋਣਾ ਹੋਵੇਗਾ। ਇਤਿਹਾਸ ਦੇ ਵਰਕੇ ਦੱਸਦੇ ਹਨ ਕਿ ਕਿਸੇ ਵੀ ਦੇਸ਼ ਵਿੱਚ ਲੋਕਤੰਤਰ ਦਾ ਅਧਾਰ ਉਥੋਂ ਦੇ ਨਾਗਰਿਕਾਂ ਲਈ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਹੱਕਾਂ ਨਾਲ ਜੁੜਿਆ ਹੁੰਦਾ ਹੈ। ਲੋਕਤੰਤਰਕ ਦੇਸ਼ ਨੈਤਿਕਤਾ ਵਜੋਂ ਹੀ ਨਾਗਰਿਕਾਂ ਦੇ ਨਿੱਜੀ ਅਤੇ ਸਮੂਹਕ ਅਧਿਕਾਰਾਂ ਨੂੰ ਮਾਨਤਾ ਦੇਂਦੇ ਹਨ। ਆਸ ਕੀਤੀ ਜਾਂਦੀ ਹੈ ਕਿ ਵੋਟਰ ਸਮੂਹ ਸਿਆਸੀ ਪਾਰਟੀਆਂ ਦੇ ਚੋਣ ਮਨੋਰਥ ਪੱਤਰ ਅਤੇ ਸੰਵਿਧਾਨਕ ਵਿਵਸਥਾਵਾਂ ਦਾ ਤੁਲਨਾਤਮਕ ਅਧਿਐਨ ਕਰਕੇ ਹੀ ਵੋਟ ਦੇਣ ਦੇ ਫੈਸਲੇ ਕਰਨਗੇ।

***# ਸੰਪਰਕ : 94177-51888***

# ਨਰੇਗਾ ਕਾਮਿਆਂ ਵੱਲੋਂ ਬੀ ਡੀ ਪੀ ਓ ਦਫ਼ਤਰ ਦਾ ਘਿਰਾਓ

## ਡੀ ਸੀ ਨੇ ਮਨਰੇਗਾ 'ਤੇ ਚੋਣ ਜ਼ਾਬਤਾ ਨਹੀਂ, ਚੋਰ ਜਾਬਤਾ ਲਾਇਆ : ਢਾਬਾਂ, ਮਹਾਲਮ



**ਜਲਾਲਾਬਾਦ (ਰਣਬੀਰ ਕੌਰ ਢਾਬਾਂ)**-ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਨਰੇਗਾ ਕਾਮਿਆਂ ਨੂੰ ਪਾਰਦਰਸ਼ੀ ਢੰਗ ਨਾਲ ਕੰਮ ਦਿਵਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਸੰਘਰਸ਼ ਕਰਕੇ ਫਾਜ਼ਿਲਕਾ ਡੀ ਸੀ ਤੇ ਜ਼ਿਲ੍ਹਾ ਪ੍ਰਸ਼ਾਸਨ ਖਿਲਾਫ ਮੋਰਚਾ ਖੋਲ੍ਹਿਆ ਹੋਇਆ ਹੈ।ਇਸੇ ਤਹਿਤ ਅੱਜ ਆਮ ਨਰੇਗਾ ਜੌਬ ਕਾਰਡ ਧਾਰਕਾਂ ਨੂੰ ਕੰਮ ਨਾ ਮਿਲਣ ਖਿਲਾਫ ਬੀਡੀਪੀਓ ਜਲਾਲਾਬਾਦ ਦਾ ਘਿਰਾਓ ਕਰਕੇ ਜ਼ਿਲ੍ਹਾ ਤੇ ਬਲਾਕ ਪ੍ਰਸ਼ਾਸਨ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।ਇਸ ਐਕਸ਼ਨ ਦੀ ਅਗਵਾਈ ਜਰਨੈਲ ਢਾਬਾਂ ਸੁਬੇਗ ਝੰਗੜਭੈਣੀ, ਗੁਰਦਿਆਲ ਢਾਬਾਂ, ਰਾਜਵਿੰਦਰ ਨਿਓਲਾਂ, ਸ਼ਿੰਦਰ ਮਾਹਲਮ, ਕਰਨੈਲ ਬੱਘੇਕੇ ਨੇ ਕੀਤੀ ।

ਇਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚੇ ਹੋਏ ਮਨਰੇਗਾ ਵਰਕਰਾਂ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ, ਕਮਰੇਡ ਸੁਰਿੰਦਰ ਢੰਡੀਆਂ, ਯੂਨੀਅਨ ਜ਼ਿਲ੍ਹਾ ਪ੍ਰਧਾਨ ਨਰਿੰਦਰ ਢਾਬਾਂ ਤੇ ਬਲਾਕ ਜਲਾਲਾਬਾਦ ਪ੍ਰਧਾਨ ਬਲਵਿੰਦਰ ਮਹਾਲਮ ਨੇ ਸੰਬੋਧਨ ਕਰਦਿਆਂ ਕਿਹਾ ਕਿ ਫਾਜ਼ਿਲਕਾ ਪ੍ਰਸ਼ਾਸਨ ਮਨਰੇਗਾ ਵਿੱਚ ਗੜਬੜੀਆਂ ਕਰ ਰਿਹਾ ਹੈ, ਜਦੋਂ ਕਿ ਡੀ ਸੀ ਫਾਜ਼ਿਲਕਾ ਮਨਰੇਗਾ ਕਾਨੂੰਨ 'ਤੇ ਚੋਣ ਜਾਬਤਾ ਦੱਸ ਰਹੀ ਹੈ, ਬਲਕਿ ਇਹ ਚੋਣ ਜਾਬਤਾ ਨਹੀਂ, ਸਗੋਂ ਚੋਰ ਜਾਬਤਾ ਲਾਇਆ ਹੋਇਆ ਹੈ, ਕਿਉਂਕਿ ਲੰਬੇ ਸਮੇਂ ਤੋਂ ਲਗਾਤਾਰਤਾ ਵਿੱਚ ਪ੍ਰਸ਼ਾਸਨ ਨਾਲ ਮੀਟਿੰਗਾਂ ਕਰਨ 'ਤੇ ਵਾਰ-ਵਾਰ ਆਪਣੀ ਗੱਲ ਤੋਂ ਮੁੱਕਰ ਜਾਂਦੇ ਹਨ।ਇਹ ਮਨਰੇਗਾ ਦੀ ਕੰਮ ਦੀ ਮੰਗ ਕਰਨ ਲਈ ਵੱਡੀ ਗਿਣਤੀ ਵਿੱਚ ਪਹੁੰਚੇ ਕਾਮਿਆਂ ਮਜ਼ਦੂਰਾਂ ਨੂੰ ਖਾਲੀ ਹੱਥ ਬੀ ਡੀ ਪੀ ਓ ਦਫਤਰ ਤੋਂ ਵਾਪਸ ਪਰਤਣਾ ਪੈਂਦਾ ਹੈ, ਜਿਸ ਕਾਰਨ ਹਰ ਤਰ੍ਹਾਂ ਦੀ ਕੋਸ਼ਿਸ਼ ਕਰਨ 'ਤੇ ਵੀ ਮਜ਼ਦੂਰਾਂ ਨੂੰ ਕੰਮ ਨਹੀਂ ਦਿੱਤਾ ਜਾਂਦਾ ਤੇ ਮਜਬੂਰ ਹੋ ਕੇ ਸਾਨੂੰ ਧਰਨਾ ਪ੍ਰਦਰਸ਼ਨ ਕਰਨਾ ਪੈਂਦਾ ਹੈ।

ਇਸ ਕਾਰਨ ਅੱਜ ਦਾ ਬੀ ਡੀ ਪੀ ਓ ਜਲਾਲਾਬਾਦ ਵਿਖੇ ਧਰਨਾ ਦਿੱਤਾ ਜਾ ਰਿਹਾ ਹੈ।ਆਗੂਆਂ ਨੇ ਦੋਸ਼ ਲਾਉਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਗਰੀਬਾਂ ਤੋਂ ਉਨ੍ਹਾਂ ਦਾ ਹੱਕ ਖੋਹ ਰਹੀ ਹੈ।ਆਗੂਆਂ ਐਲਾਨ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਮੀਟਿੰਗ ਕਰਕੇ ਜਲਾਲਾਬਾਦ ਤੇ ਫਾਜ਼ਿਲਕਾ ਹਲਕੇ ਦੇ ਵਿਧਾਇਕਾਂ ਖਿਲਾਫ ਮੋਰਚਾ ਖੋਲ੍ਹਿਆ ਜਾਵੇਗਾ।ਇਨ੍ਹਾਂ ਨੂੰ ਵੋਟਾਂ ਦਰਮਿਆਨ ਕਿਸੇ ਵੀ ਪਿੰਡ ਵਿੱਚ ਨਹੀਂ ਵੜਨ ਦਿੱਤਾ ਜਾਵੇਗਾ।ਉਕਤ ਆਗੂਆਂ ਤੋਂ ਇਲਾਵਾ ਕਰਨੈਲ ਬੱਗੇ ਕੇ, ਸ਼ਰਮਾ ਢੰਡੀਆਂ, ਕੁਲਵੰਤ ਭੜੋਲੀ ਵਾਲਾ, ਜੋਗਿੰਦਰ ਮਾਹਲਮ ਨੇ ਵੀ ਸੰਬੋਧਨ ਕੀਤਾ।

# ਬੀ ਕੇ ਯੂ (ਕਾਦੀਆਂ) ਦੇ ਤਮਨਦੀਪ ਸਿੰਘ ਪ੍ਰਧਾਨ ਤੇ ਜਗਦੀਸ਼ ਸਿੰਘ ਮੰਡ ਸਕੱਤਰ ਚੁਣੇ

**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ (ਕਾਦੀਆਂ) ਵੱਲੋਂ ਆਪਣੀ ਯੂਨੀਅਨ ਦੀਆਂ ਵੱਖ-ਵੱਖ ਨੀਤੀਆਂ ਤੋਂ ਜਾਣੂ ਕਰਾਉਣ ਅਤੇ ਆਮ ਲੋਕਾਂ ਨੂੰ ਕਿਸਾਨਾਂ ਨੂੰ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਵੱਖ-ਵੱਖ ਬਲਾਕਾਂ ਅਧੀਨ ਪਿੰਡਾਂ ਅਤੇ ਸ਼ਹਿਰਾਂ ਵਿੱਚ ਇਕਾਈਆਂ ਦਾ ਗਠਨ ਕੀਤਾ ਜਾ ਰਿਹਾ ਹੈ।

ਮੋਹਣ ਸਿੰਘ ਬਾਲਿਓਂ ਪ੍ਰਧਾਨ ਬਲਾਕ ਮਾਛੀਵਾੜਾ ਦੇ ਸੁਹਿਰਦ ਯਤਨਾਂ ਸਦਕਾ ਉਨ੍ਹਾਂ ਦੀ ਰਹਿਨੁਮਾਈ ਹੇਠ ਇਕਾਈ ਮਾਛੀਵਾੜਾ-3 ਦਾ ਗਠਨ ਕੀਤਾ ਗਿਆ ਅਤੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ। ਇਕਾਈ ਦੇ ਗਠਨ ਮੌਕੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਹਰਦੀਪ ਸਿੰਘ ਗਿਆਸਪੁਰਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਮਾਛੀਵਾੜਾ-3 ਇਕਾਈ ਵਿੱਚ ਅਹੁਦੇਦਾਰਾਂ ਚੋਣ ਵਿੱਚ ਤਮਨਪ੍ਰੀਤ ਸਿੰਘ ਪ੍ਰਧਾਨ, ਜਸਪ੍ਰੀਤ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ, ਸੁਮੀਤ ਕੁਮਾਰ ਜੱਸਲ ਮੀਤ ਪ੍ਰਧਾਨ, ਜਗਦੀਸ਼ ਸਿੰਘ ਮੰਡ ਸਕੱਤਰ, ਪਰਮਿੰਦਰ ਸਿੰਘ ਹੈੱਡ ਖਜਾਨਚੀ, ਜੁਗਰਾਜ ਸਿੰਘ ਖ਼ਜ਼ਾਨਚੀ ਤੋਂ ਇਲਾਵਾ ਕਾਰਜਕਾਰੀ ਮੈਂਬਰਾਂ ਵਿੱਚ ਹਰਪ੍ਰੀਤ ਸਿੰਘ, ਗਗਨਦੀਪ ਸਿੰਘ, ਗੁਰਦੀਪ ਸਿੰਘ ਅਤੇ ਦਲਵੀਰ ਸਿੰਘ ਚੁਣੇ ਗਏ।ਨਵੇਂ ਚੁਣੇ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਵਧਾਈ ਦਿੰਦੇ ਹੋਏ ਹਰਦੀਪ ਸਿੰਘ ਗਿਆਸਪੁਰਾ ਨੇ ਕਿਹਾ ਕਿ ਅੱਜ ਦਾ ਸਮਾਂ ਜਥੇਬੰਦਕ ਹੋਣ ਦਾ ਹੈ, ਖਾਸ ਕਰਕੇ ਕਿਸਾਨਾਂ ਤੇ ਮਜ਼ਦੂਰਾਂ ਨੂੰ।ਜੇਕਰ ਅਸੀਂ ਹੁਣ ਵੀ ਇਕਜੁਟ ਨਾ ਹੋਏ ਤਾਂ ਇਹ ਕਾਰਪੋਰੇਟ ਘਰਾਣੇ ਸਾਨੂੰ ਬਰਬਾਦ ਕਰਕੇ ਰੱਖ ਦੇਣਗੇ।ਇਸ ਲਈ ਸਾਡੀ ਯੂਨੀਅਨ ਦਾ ਇਕਾਈਆਂ ਬਣਾਉਣ ਦਾ ਮੁੱਖ ਮਕਸਦ ਵੀ ਇਹੀ ਹੈ ਕਿ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਸਬੰਧੀ ਜਾਣਕਾਰੀ ਨੂੰ ਘਰ ਘਰ ਪਹੁੰਚਾਇਆ ਜਾ ਸਕੇ ਅਤੇ ਸਰਕਾਰ ਦੁਆਰਾ ਕਿਸਾਨ ਮਜ਼ਦੂਰ ਵਿਰੋਧੀ ਨੀਤੀਆਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ।ਇਸ ਮੌਕੇ ਮੋਹਣ ਸਿੰਘ ਬਾਲਿਓਂ ਨੇ ਬਲਾਕ ਮਾਛੀਵਾੜਾ ਅਧੀਨ ਆਉਂਦੇ ਸਾਰੇ ਪਿੰਡਾਂ ਤੇ ਸ਼ਹਿਰਾਂ ਵਿੱਚ ਇਕਾਈ ਬਣਾ ਕੇ ਬੀ.ਕੇ.ਯੂ. (ਕਾਦੀਆਂ) ਨੂੰ ਹੋਰ ਮਜ਼ਬੂਤ ਬਣਾਉਣ ਲਈ ਅਹਿਦ ਲਿਆ ਅਤੇ ਕਿਹਾ ਕਿ ਉਹ ਯੂਨੀਅਨ ਪ੍ਰਤੀ ਵਫ਼ਾਦਾਰ ਸਾਥੀਆਂ ਦੀ ਚੋਣ ਕਰਕੇ ਇਕਾਈਆਂ ਬਣਾ ਰਹੇ ਹਨ ਤੇ ਯੂਨੀਅਨ ਨੂੰ ਹੋਰ ਮਜ਼ਬੂਤ ਕਰਨ ਲਈ ਆਪਣਾ ਯੋਗਦਾਨ ਪਾਉਂਦੇ ਰਹਿਣਗੇ।



# ਸੈਕਟਰੀ ਖਿਲਾਫ ਕਾਰਵਾਈ ਨਾ ਹੋਣ 'ਤੇ ਥਾਣਾ ਘੇਰਨ ਦਾ ਐਲਾਨ



ਮੀਟਿੰਗ ਦੌਰਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਵਰਕਰ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ ਬਲਾਕ ਪ੍ਰਧਾਨ ਅਮਰੀਕ ਸਿੰਘ ਘੱਗਾ ਦੀ ਅਗਵਾਈ ਹੇਠ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤੜਾਂ ਵਿਖੇ ਹੋਈ, ਜਿਸ ਵਿੱਚ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਜਸਵਿੰਦਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ।ਮੀਟਿੰਗ ਦੌਰਾਨ ਕਿਸਾਨਾਂ ਦੀਆਂ ਮੁਸ਼ਕਲਾਂ ਤੇ ਮੌਜੂਦਾ ਸਮੇਂ ਦੌਰਾਨ ਕੀਤੇ ਜਾਣ ਵਾਲੇ ਵੱਖ-ਵੱਖ ਕੰਮਾਂ 'ਤੇ ਵਿਚਾਰ ਵਟਾਂਦਰਾ ਕਰਦਿਆਂ ਅਜੋਕੇ ਹਾਲਾਤ ਦਾ ਜਾਇਜ਼ਾ ਲਿਆ ਗਿਆ। ਮੀਟਿੰਗ ਵਿੱਚ ਕੀਤੇ ਗਏ ਫੈਸਲੇ ਅਨੁਸਾਰ ਲੋਕ ਸਭਾ ਹਲਕਾ ਪਟਿਆਲਾ ਤੋਂ ਭਾਰਤੀ ਜਨਤਾ ਪਾਰਟੀ ਦੀ ਉਮੀਦਵਾਰ ਪ੍ਰਨੀਤ ਕੌਰ ਨੂੰ ਕਿਸੇ ਵੀ ਪਿੰਡ ਵਿੱਚ ਆਉਣ 'ਤੇ ਸਵਾਲ ਜਵਾਬ ਕੀਤੇ ਜਾਣ ਅਤੇ ਸਬ ਡਵੀਜ਼ਨ ਪਾਤੜਾਂ ਅਧੀਨ ਆਉਂਦੇ ਪਿੰਡ ਦੁਗਾਲ ਦੀ ਕੋਆਪ੍ਰੇਟਿਵ ਸੁਸਾਇਟੀ ਕਰੋੜਾਂ ਰੁਪਏ ਦੇ ਘਪਲੇ ਕਰਨ ਵਾਲੇ ਸੈਕਟਰੀ ਖਿਲਾਫ ਪੁਲਸ ਕਾਰਵਾਈ ਨਾ ਕੀਤੇ ਜਾਣ ਦੇ ਰੋਸ ਵਜੋਂ 15 ਮਈ ਤੱਕ ਪੁਲਸ ਕੇਸ ਦਰਜ ਨਾ ਕੀਤੇ ਜਾਣ ਦੀ ਸੂਰਤ ਵਿੱਚ 16 ਮਈ ਨੂੰ ਥਾਣਾ ਪਾਤੜਾਂ ਦੇ ਬਾਹਰ ਵਿਸ਼ਾਲ ਰੋਹ ਭਰਪੂਰ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਗਿਆ।ਮੀਟਿੰਗ ਵਿੱਚ ਅਵਤਾਰ ਸਿੰਘ ਬੂਰੜ ਬਲਾਕ ਸਕੱਤਰ, ਗੁਰਮੁੱਖ ਸਿੰਘ ਕਲਵਾਨੂੰ, ਤੇਜਪਾਲ ਸਿੰਘ ਭੂਤਗੜ੍ਹ, ਬੱਲਮ ਸਿੰਘ ਨਿਆਲ, ਹਰਮਿੰਦਰ ਸਿੰਘ ਦੁਗਾਲ ਤੇ ਲਾਭ ਸਿੰਘ ਬਰਾਸ ਤੇ ਬਲਾਕ ਆਗੂਆਂ ਤੋਂ ਇਲਾਵਾ ਇਕਾਈ ਪ੍ਰਧਾਨ ਬਲਕਾਰ ਸਿੰਘ ਕਲਵਾਨੂੰ, ਜਸਵਿੰਦਰ ਸਿੰਘ ਬੂਟਾ ਸਿੰਘ ਵਾਲਾ, ਗੁਰਜੰਟ ਸਿੰਘ ਨਨਹੇੜਾ, ਚਰਨਜੀਤ ਸਿੰਘ ਖੇੜੀ, ਦਰਸ਼ਨ ਸਿੰਘ ਦਫਤਰੀ ਵਾਲਾ, ਭਗਵਾਨ ਸਿੰਘ ਬੂਰੜ, ਨਛੱਤਰ ਸਿੰਘ ਹਾਮਝੇੜੀ, ਕਰਨੈਲ ਸਿੰਘ ਦੁਗਾਲ, ਮਾਘ ਸਿੰਘ ਬਣਵਾਲਾ, ਭੂਪਿੰਦਰ ਸਿੰਘ ਹਰਿਆਉ ਖੁਰਦ, ਨਿੱਕਾ ਸਿੰਘ ਹਰਿਆਉ ਕਲਾਂ, ਸੱਤਪਾਲ ਸਿੰਘ ਭੂਤਗੜ੍ਹ, ਸੋਨੀ ਸਿੰਘ ਭੈਣੀ ਤੋਂ ਇਲਾਵਾ ਵਰਿੰਦਰ ਸਿੰਘ ਜੈਖਰ ਹਾਜ਼ਰ ਸਨ।

# ਪੱਤਰਕਾਰ ਵਾਤਿਸ਼ ਦੀ ਮਾਤਾ ਦਾ ਦੇਹਾਂਤ



**ਚੀਮਾ ਮੰਡੀ (ਰਵਿੰਦਰ ਚੀਮਾ)**-ਪੱਤਰਕਾਰ ਮਹਿੰਦਰ ਪਾਲ ਵਾਤਿਸ਼ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦ ਉਨ੍ਹਾਂ ਦੇ ਮਾਤਾ ਬਚਨ ਕੌਰ ਦਾ ਦਿਹਾਂਤ ਹੋ ਗਿਆ।ਉਨ੍ਹਾ ਦਾ ਸਸਕਾਰ ਪਿੰਡ ਤੋਲਾਵਾਲ ਵਿਖੇ ਕੀਤਾ ਗਿਆ।ਇਸ ਮੌਕੇ ਵੱਖ ਵੱਖ ਸਿਆਸੀ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਪੱਤਰਕਾਰ ਭਾਈਚਾਰਾ ਤੇ ਇਲਾਕੇ ਦੇ ਲੋਕ ਭਾਰੀ ਗਿਣਤੀ 'ਚ ਸ਼ਾਮਲ ਹੋਏ।ਇਸ ਮੌਤ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਮਾਤਾ ਹਰਪਾਲ ਕੌਰ, ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਡਾ. ਜਗਜੀਤ ਸਿੰਘ ਧੂਰੀ, ਅਮਨਵੀਰ ਸਿੰਘ ਚੈਰੀ, ਰਵਿੰਦਰ ਬਾਂਸਲ ਚੇਅਰਮੈਨ ਮਾਡਰਨ ਕਾਲਜ ਬੀਰ ਕਲਾਂ, ਮੋਹਨ ਲਾਲ ਸ਼ਾਹਪੁਰ, ਕਿਸਾਨ ਆਗੂ ਜਸਵੰਤ ਸਿੰਘ ਤੋਲਾਵਾਲ, ਡਾ. ਸੁਰਜੀਤ ਸਿੰਘ, ਸ਼ੇਰ ਸਿੰਘ ਤੋਲਾਵਾਲ ਤੇ ਹੋਰ ਆਗੂਆਂ ਨੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ।

## ਕਾਤਰਾਂ

### ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਠੰਢੇ ਪਾਣੀ ਦੀਆਂ ਰੇਹੜੀਆਂ ਰਵਾਨਾ

**ਬੁਢਲਾਡਾ (ਅਸ਼ੋਕ ਲਾਕੜਾ)**-ਅੱਤ ਦੀ ਗ਼ਰਮੀ ਵਿੱਚ ਯਾਤਰੀਆਂ ਨੂੰ ਠੰਡੇ ਪਾਣੀ ਪਿਲਾਉਣ ਦੀ ਸੇਵਾ 'ਚ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਬਜ਼ਾਰਾਂ 'ਚ ਪਾਣੀ ਦੀ ਮੁਫ਼ਤ ਸੇਵਾ ਵਾਲੀ ਰੇਹੜੀਆਂ ਦਾ ਉਪਰਾਲਾ ਕੀਤਾ ਗਿਆ।ਇਸ ਮੌਕੇ ਪੂਜਾ ਅਰਚਨਾ ਤੋਂ ਬਾਅਦ ਐਲ.ਡੀ. ਇਨਕਲੇਵ ਦੇ ਵਿਸ਼ਾਲ ਕੁਮਾਰ ਸ਼ਾਲੂ ਤੇ ਰਾਜੇਸ਼ ਸਿੰਗਲਾ ਵੱਲੋਂ ਆਰ ਓ ਵਾਲੇ ਠੰਡੇ ਪਾਣੀਆਂ ਵਾਲੀਆਂ ਰੇਹੜੀਆਂ ਨੂੰ ਰਵਾਨਾ ਕੀਤਾ ਗਿਆ।ਸੰਸਥਾ ਦੇ ਪ੍ਰਧਾਨ ਅਮਿਤ ਜਿੰਦਲ ਨੇ ਦੱਸਿਆ ਕਿ ਇਹ ਰੇਹੜੀਆਂ ਰੋਜ਼ਾਨਾ ਬਜ਼ਾਰਾਂ 'ਚ ਘੁੰਮ ਘੁੰਮ ਕੇ ਰਾਹਗੀਰਾਂ ਨੂੰ ਮੁਫਤ ਪਾਣੀ ਪ੍ਰਦਾਨ ਕਰਨਗੀਆਂ, ਜਿਸ ਵਿੱਚ ਪਾਣੀ ਅਤੇ ਬਰਫ਼ ਦੀ ਸੇਵਾ ਮੰਗਤ ਰਾਏ ਅਤੇ ਰਸਵੰਤਾ ਮਿਲਕ ਡੇਅਰੀ ਵੱਲੋਂ ਦਿੱਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜਲ ਸੇਵਾ ਉਤਮ ਸੇਵਾ ਹੈ।ਗ਼ਰਮੀ ਦੇ ਮੌਸਮ ਵਿੱਚ ਪਿਆਸੇ ਨੂੰ ਪਾਣੀ ਪਿਲਾਉਣਾ ਬਹੁਤ ਵੱਡਾ ਪੁੰਨ ਦਾ ਕਾਰਜ ਹੈ।

### ਸਵੀਪ ਗਤੀਵਿਧੀਆਂ ਰਾਹੀਂ ਵੋਟਰਾਂ ਨੂੰ ਕੀਤਾ ਜਾਗਰੂਕ

**ਬਠਿੰਡਾ (ਪਰਵਿੰਦਰਜੀਤ ਸਿੰਘ)**-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰਸ. ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਸਹਾਇਕ ਰਿਟਰਨਿੰਗ ਅਫ਼ਸਰ ਕਮ-ਏ.ਆਰ.ਓ ਭੁੱਚੋ ਮੰਡੀ-91 ਮਿਸ. ਪੂਨਮ ਸਿੰਘ ਦੀ ਅਗਵਾਈ ਹੇਠ ਦੀਪ ਇੰਸਟੀਚਿਊਟ ਆਫ਼ ਨਰਸਿੰਗ ਤੇ ਮੈਡੀਕਲ ਸਾਇੰਸਜ਼ ਬਠਿੰਡਾ ਵਿਖੇ ਵੋਟਾਂ ਸਬੰਧੀ ਜਾਗਰੂਕ ਕਰਨ ਲਈ ਸਵੀਪ ਗਤੀਵਿਧੀਆਂ ਕਰਾਈਆਂ ਗਈਆਂ।ਸਵੀਪ ਟੀਮ ਮੈਂਬਰਾਂ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਮਾਪਿਆਂ, ਗੁਆਂਢੀਆਂ ਤੇ ਰਿਸ਼ਤੇਦਾਰਾਂ ਨੂੰ ਵੋਟ ਪਾਉਣ ਲਈ ਉਤਸ਼ਾਹਤ ਕਰਨ ਲਈ ਕਿਹਾ ਗਿਆ।ਇਸ ਦੌਰਾਨ ਇਕੱਤਰ ਵੋਟਰਾਂ ਨੂੰ ਭਾਰਤੀ ਚੋਣ ਕਮਿਸ਼ਨ ਦੁਆਰਾ ਲਾਂਚ ਕੀਤੀਆਂ ਗਈਆਂ ਵੋਟਿੰਗ, ਸਕਸ਼ਮ ਐਪ, ਵੋਟਰ ਹੈਲਪ ਲਾਈਨ, ਸੀ-ਵੀਜ਼ਲ, ਈਡੀਐਸ ਅਤੇ ਕੇ.ਵਾਈ.ਸੀ ਐਪਸ ਸਬੰਧੀ ਵੀ ਵਿਸਥਾਰ ਪੂਰਵਕਜਾਣਕਾਰੀ ਮੁਹੱਈਆ ਕਰਾਈ ਗਈ।

### ਰਣਜੀਤ ਢਿੱਲੋਂ ਨੂੰ ਵੱਡੀ ਲੀਡ ਨਾਲ ਜਿਤਾਇਆ ਜਾਵੇਗਾ : ਕਲੇਰ/ਮਨੀਲਾ

**ਜਗਰਾਉਂ (ਸੰਜੀਵ ਅਰੋੜਾ)**-ਲੋਕ ਸਭਾ ਹਲਕਾ ਲੁਧਿਆਣਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਣਜੀਤ ਸਿੰਘ ਢਿੱਲੋਂ ਨੂੰ ਵੱਡੀ ਲੀਡ ਨਾਲ ਜਿਤਾਉਣ ਲਈ ਹਲਕਾ ਇੰਚਾਰਜ ਐਸ. ਆਰ. ਕਲੇਰ ਵੱਲੋਂ ਵੱਖ-ਵੱਖ ਪਿੰਡਾਂ 'ਚ ਮੀਟਿੰਗਾਂ ਦਾ ਦੌਰ ਜਾਰੀ ਹੈ। ਅੱਜ ਉਨ੍ਹਾਂ ਪਿੰਡ ਸੰਗਤਪੁਰਾ ਢੈਪਈ ਵਿਖੇ ਸਰਪੰਚ ਗੁਰਬਿੰਦਰ ਸਿੰਘ ਬਿੰਦਰ ਮਨੀਲਾ ਦੇ ਗ੍ਰਹਿ ਵਿਖੇ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ। ਇਸ ਮੌਕੇ ਕਲੇਰ ਤੇ ਬਿੰਦਰ ਮਨੀਲਾ ਨੇ ਕਿਹਾ ਕਿ ਰਣਜੀਤ ਸਿੰਘ ਢਿੱਲੋਂ ਨੂੰ ਵਿਧਾਨ ਸਭਾ ਹਲਕਾ ਜਗਰਾਉਂ ਤੋਂ ਵੱਡੀ ਲੀਡ ਨਾਲ ਜਿਤਾਇਆ ਜਾਵੇਗਾ, ਜਿਸ ਲਈ ਦਿਨ-ਰਾਤ ਮਿਹਨਤ ਕੀਤੀ ਜਾ ਰਹੀ ਹੈ। ਇਸ ਮੌਕੇ ਗੁਰਬਿੰਦਰ ਸਿੰਘ ਬਿੰਦਰ ਮਨੀਲਾ, ਸੁਰਜੀਤ ਸਿੰਘ ਸਾਬਕਾ ਸਰਪੰਚ, ਪ੍ਰਮਿੰਦਰ ਸਿੰਘ, ਸੁਰਜੀਤ ਸਿੰਘ ਮੈਂਬਰ, ਗੱਗਾ ਸਿੰਘ ਮੈਂਬਰ, ਰਜਿੰਦਰ ਸਿੰਘ, ਸਿਕੰਦਰ ਸਿੰਘ, ਇਕਬਾਲ ਸਿੰਘ, ਹਰਪਾਲ ਸਿੰਘ, ਜਗਜੀਤ ਸਿੰਘ, ਬਲਵਿੰਦਰ ਸਿੰਘ, ਭੁਪਿੰਦਰ ਸਿੰਘ, ਅਵਤਾਰ ਸਿੰਘ, ਕੁਲਵਿੰਦਰ ਸਿੰਘ, ਰਣਜੀਤ ਸਿੰਘ, ਬੂਟਾ ਸਿੰਘ, ਗਗਨਦੀਪ ਸਿੰਘ ਤੇ ਇੰਦਰਜੀਤ ਸਿੰਘ ਆਦਿ ਹਾਜ਼ਰ ਸਨ।

# ਦਰਜਨ ਤੋਂ ਜ਼ਿਆਦਾ ਪਰਵਾਰਾਂ ਨੇ ਰਵਾਇਤੀ ਪਾਰਟੀਆਂ ਛੱਡ 'ਆਪ' ਦਾ ਫੜਿਆ ਪੱਲਾ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**

ਨੌਜਵਾਨ ਲੜਕੇ-ਲੜਕੀਆਂ ਨੂੰ ਵਿਦੇਸ਼ ਜਾਣ ਤੋਂ ਰੋਕਣ ਲਈ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵਾਲੀ 'ਆਪ' ਸਰਕਾਰ ਵੱਲੋਂ ਮਹਿਜ਼ ਦੋ ਸਾਲਾਂ ਵਿੱਚ 43 ਹਜ਼ਾਰ ਤੋਂ ਵੀ ਜ਼ਿਆਦਾ ਬਿਨਾਂ ਸਿਫ਼ਾਰਸ਼ ਤੇ ਬਿਨਾਂ ਰਿਸ਼ਵਤ ਦਿੱਤਿਆਂ ਵੰਡੇ ਗਏ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰਾਂ ਨੇ ਪੰਜਾਬ ਵਾਸੀਆਂ ਦੇ ਮਨਾਂ 'ਚ ਉਨ੍ਹਾਂ ਦੀ ਔਲਾਦ ਅਰਥਾਤ ਨਵੀਂ ਪੀੜ੍ਹੀ ਦਾ ਭਵਿੱਖ ਸੁੰਦਰ ਬਣਾਉਣ ਦੀ ਆਸ ਜਗਾਈ ਹੈ।

ਵਿਧਾਨ ਸਭਾ ਹਲਕਾ ਕੋਟਕਪੂਰਾ ਅਧੀਨ ਆਉਂਦੇ ਨੇੜਲੇ ਪਿੰਡ ਕੋਠੇ ਵੜਿੰਗ ਵਿਖੇ ਆਮ ਆਦਮੀ ਪਾਰਟੀ ਦੀ ਸਰਕਾਰ ਦੀਆਂ ਨੀਤੀਆਂ ਨਾਲ ਸਹਿਮਤ ਹੁੰਦਿਆਂ ਦਰਜਨ ਤੋਂ ਜ਼ਿਆਦਾ ਪਰਵਾਰਾਂ ਵੱਲੋਂ ਰਵਾਇਤੀ ਪਾਰਟੀਆਂ ਨੂੰ ਛੱਡ ਕੇ 'ਆਪ' ਵਿੱਚ ਸ਼ਾਮਲ ਹੋਣ ਸਮੇਂ ਉਨ੍ਹਾਂ ਦਾ ਸਵਾਗਤ ਕਰਨ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਆਖਿਆ ਕਿ ਉਕਤ ਪਰਵਾਰਾਂ ਦਾ ਪਾਰਟੀ ਵਿੱਚ ਹਮੇਸ਼ਾ ਮਾਣ ਸਤਿਕਾਰ ਬਰਕਰਾਰ ਰਹੇਗਾ।ਵੱਖ-ਵੱਖ ਰਵਾਇਤੀ ਪਾਰਟੀਆਂ ਦੀ ਮੌਕਾਪ੍ਰਸਤੀ ਅਤੇ ਲਾਰੇਬਾਜ਼ੀ ਵਾਲੀਆਂ ਨੀਤੀਆਂ ਤੋਂ ਤੰਗ ਆ ਕੇ ਆਮ ਆਦਮੀ ਪਾਰਟੀ ਦਾ ਪੱਲਾ ਫੜਨ ਵਾਲਿਆਂ ਵਿੱਚ ਸ਼ਾਮਲ ਦਰਸ਼ਨ ਸਿੰਘ ਵੜਿੰਗ, ਬਲਦੇਵ ਸਿੰਘ ਵੜਿੰਗ, ਬਲਜਿੰਦਰ ਸਿੰਘ, ਦਵਿੰਦਰ ਸਿੰਘ, ਮਨਦੀਪ ਸਿੰਘ, ਇਕਬਾਲ ਸਿੰਘ, ਸੁਖਦੇਵ ਸਿੰਘ, ਗੁਰਮੀਤ ਸਿੰਘ, ਮੇਜਰ ਸਿੰਘ, ਬੂਟਾ ਸਿੰਘ, ਦਰਸ਼ਨ ਸਿੰਘ, ਜਗਸੀਰ ਸਿੰਘ, ਸੁਖਚੈਨ ਸਿੰਘ, ਅਜੈਬ ਸਿੰਘ ਤੇ ਇਕਬਾਲ ਸਿੰਘ ਆਦਿ ਨੇ ਆਖਿਆ ਕਿ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ 4 ਫਰਵਰੀ 2017 ਦੀਆਂ ਪੰਜਾਬ ਵਿਧਾਨ ਸਭਾ ਚੋਣਾ ਮੌਕੇ ਹਲਕਾ ਕੋਟਕਪੂਰਾ ਤੋਂ ਦੋ ਸਮਰੱਥ ਪਾਰਟੀਆਂ ਦੇ ਆਗੂਆਂ ਨੂੰ ਹਰਾਉਣ 'ਚ ਸਫ਼ਲਤਾ ਪ੍ਰਾਪਤ ਕੀਤੀ, ਲਗਾਤਾਰ ਪੰਜ ਸਾਲ ਸਪੀਕਰ ਸੰਧਵਾਂ ਵੱਲੋਂ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਸੰਘਰਸ਼ ਕੀਤਾ, ਰਵਾਇਤੀ ਪਾਰਟੀਆਂ ਦੇ ਗੁੰਮਰਾਹਕੁੰਨ ਪ੍ਰਚਾਰ ਦੇ ਬਾਵਜੂਦ ਹਲਕਾ ਕੋਟਕਪੂਰਾ ਦੇ ਲੋਕਾਂ ਨੇ ਸਪੀਕਰ ਸੰਧਵਾਂ ਨੂੰ 20 ਫਰਵਰੀ ਦੀਆਂ ਚੋਣਾਂ ਮੌਕੇ ਦੁੱਗਣੀਆਂ ਵੋਟਾਂ ਦੇ ਫ਼ਰਕ ਨਾਲ ਜਿਤਾਇਆ।

# ਚੋਣ ਪ੍ਰਚਾਰ ਦੌਰਾਨ 'ਆਪ' ਵਿਧਾਇਕ ਦੀ ਪਤਨੀ ਨੂੰ ਕਰਨਾ ਪਿਆ ਲੋਕਾਂ ਦੇ ਵਿਰੋਧ ਦਾ ਸਾਹਮਣਾ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਚੋਣ ਪ੍ਰਚਾਰ ਦੌਰਾਨ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਦੀ ਪਤਨੀ ਬੇਅੰਤ ਕੌਰ ਨੂੰ ਪਿੰਡ ਦੀਪ ਸਿੰਘ ਵਾਲਾ ਦੇ ਲੋਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ।ਗੌਰਤਲਬ ਹੈ ਕਿ ਇੱਕ ਦਿਨ ਪਹਿਲਾਂ ਕੀਰਤੀ ਕਿਸਾਨ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਦੇ ਆਗੂਆਂ ਵੱਲੋਂ ਇੱਕ ਐਲਾਨ ਕੀਤਾ ਗਿਆ ਸੀ ਕਿ ਉਨ੍ਹਾਂ ਵੱਲੋਂ ਭਾਜਪਾ ਆਗੂਆਂ ਨੂੰ ਨਾ ਤਾਂ ਕੋਈ ਸਵਾਲ ਪੁੱਛੇ ਜਾਣਗੇ ਤੇ ਨਾ ਹੀ ਪਿੰਡ 'ਚ ਚੋਣ ਪ੍ਰਚਾਰ ਕਰਨ ਲਈ ਵੜਨ ਦਿੱਤਾ ਜਾਵੇਗਾ ਅਤੇ ਨਾਲ ਹੀ ਐਲਾਨ ਕੀਤਾ ਸੀ ਕਿ ਪੰਜਾਬ ਦੀ ਸੱਤਾਧਾਰੀ ਪਾਰਟੀ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਪਿੰਡਾਂ 'ਚ ਆਉਣ ਤੇ ਪੰਜਾਬ ਦੇ ਮੁੱਦਿਆਂ 'ਤੇ ਸਵਾਲ ਕੀਤੇ ਜਾਣਗੇ।

ਜਦ ਆਮ ਆਦਮੀ ਪਾਰਟੀ ਵੱਲੋਂ ਇੱਕ ਸਭਾ ਦਾ ਆਯੋਜਨ ਕਰ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਦੇ ਹੱਕ 'ਚ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਦੀ ਪਤਨੀ ਬੇਅੰਤ ਕੌਰ ਵੱਲੋਂ ਚੋਣ ਪ੍ਰਚਾਰ ਕੀਤਾ ਜਾ ਰਿਹਾ ਸੀ ਤਾਂ ਇਸੇ ਦੌਰਾਨ ਪਿੰਡ ਦੇ ਕੁੱਝ ਲੋਕਾਂ ਵੱਲੋਂ ਵਿਧਾਇਕ ਦੀ ਪਤਨੀ ਨੂੰ ਘੇਰ ਕੇ ਉਨ੍ਹਾਂ ਤੋਂ ਪੰਜਾਬ 'ਚ ਨਸ਼ਿਆਂ ਦੇ ਵਧ ਰਹੇ ਕਹਿਰ ਬਾਰੇ ਸਵਾਲ ਕੀਤੇ ਗਏ। ਨਾਲ ਹੀ ਪੰਜਾਬ ਦੇ ਹੋਰ ਮੁੱਦਿਆਂ ਬਾਰੇ ਸਵਾਲ ਕੀਤੇ ਗਏ ਤਾਂ ਉਹ ਇਨ੍ਹਾਂ ਸਵਾਲਾਂ ਤੋਂ ਭਜਦੇ ਹੋਏ ਨਜ਼ਰ ਆਏ ਤੇ ਇਸੇ ਦਰਮਿਆਨ ਉਨ੍ਹਾਂ ਨੂੰ ਸੁਰੱਖਿਆ ਕਰਮੀਆਂ ਵੱਲੋਂ ਗੱਡੀ 'ਚ ਬਿਠਾਇਆ ਗਿਆ, ਪਰ ਵਿਰੋਧ ਕਰਨ ਵਾਲੇ ਲੋਕਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ।

# ਆਈ ਏ ਡੀ ਵੀ ਐਲ ਦੇ ਬੈਨਰ ਸੀ ਐੱਮ ਈ ਆਯੋਜਤ, ਮਾਹਰਾਂ ਨੇ ਭਾਗ ਲਿਆ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜ਼ਾ)**-ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਦੇ ਸੈਨੇਟ ਹਾਲ ਵਿਖੇ 4 ਮਈ ਨੂੰ ਆਈ.ਏ.ਡੀ.ਵੀ.ਐੱਲ ਦੇ ਬੈਨਰ ਹੇਠ ਸੀ.ਐੱਮ.ਈ. ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਦੇਸ਼ ਭਰ ਦੇ 100 ਤੋਂ ਵੱਧ ਉੱਘੇ ਚਮੜੀ ਵਿਗਿਆਨੀਆਂ, ਖੋਜਕਰਤਾਵਾਂ ਤੇ ਮਾਹਿਰਾਂ ਨੇ ਭਾਗ ਲਿਆ, ਜਿਸ ਵਿੱਚ ਇੰਡੀਅਨ ਐਸੋਸੀਏਸ਼ਨ ਆਫ਼ ਡਰਮਾਟੋਲੋਜਿਸਟਸ, ਵੈਨੇਰੀਓਲੋਜਿਸਟਸ ਤੇ ਲੈਪਰੋਲੋਜਿਸਟਸ (ਆਈ.ਏ.ਡੀ.ਵੀ.ਐਲ.) ਦੇ ਵੱਕਾਰੀ ਸਪੈਸ਼ਲ ਇੰਟਰਸਟ ਗਰੁੱਪ (ਐਸ.ਆਈ.ਜੀ.) ਵਿੱਚ ਡਰਮੋਸਕੋਪੀ, ਕੰਟੀਨਿਊਅਸ ਮੈਡੀਕਲ ਐਜੂਕੇਸ਼ਨ (ਸੀ.ਐਮ.ਈ.), ਇੱਕ ਮਹੱਤਵਪੂਰਨ ਡਰਮਾਟੋਲੋਜੀ 'ਚ ਕਲੀਨੀਕਲ ਅਭਿਆਸ, ਡਰਮੋਸਕੋਪੀ ਵਿੱਚ ਨਵੀਨਤਮ ਤਰੱਕੀ ਦੀ ਪੜਚੋਲ ਕਰਨ ਲਈ ਇਕੱਠੇ ਹੋਏ।ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਜ਼ (ਬੀ.ਐਫ.ਯੂ.ਐਚ.ਐਸ.) ਦੇ ਵਾਈਸ ਚਾਂਸਲਰ ਪ੍ਰੋ. (ਡਾ.) ਰਾਜੀਵ ਸੂਦ ਨੇ ਚਮੜੀ ਵਿਗਿਆਨ ਖੋਜ ਤੇ ਅਭਿਆਸ ਨੂੰ ਅੱਗੇ ਵਧਾਉਣ ਦੇ ਉਦੇਸ਼ ਨਾਲ ਪਹਿਲਕਦਮੀਆਂ ਲਈ ਯੂਨੀਵਰਸਿਟੀ ਦੇ ਸਮਰਥਨ ਨੂੰ ਉਜਾਗਰ ਕੀਤਾ।

ਇਸ ਮੌਕੇ ਇੰਡੀਅਨ ਐਸੋਸੀਏਸ਼ਨ ਆਫ ਡਰਮਾਟੋਲੋਜਿਸਟਸ, ਵੈਨੇਰੀਓਲੋਜਿਸਟਸ ਐਂਡ ਲੈਪਰੋਲੋਜਿਸਟ (ਆਈ.ਏ.ਡੀ.ਵੀ.ਐੱਲ.) ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਪ੍ਰਧਾਨ ਤੇ ਆਰਗੇਨਾਈਜ਼ਿੰਗ ਚੇਅਰਮੈਨ ਡਾ: ਸੁਮੀਰ ਕੁਮਾਰ ਨੇ ਕਾਨਫਰੰਸ ਲਈ ਉਤਸ਼ਾਹ ਜ਼ਾਹਰ ਕਰਦਿਆਂ ਕਿਹਾ ਕਿ ਸਪੈਸ਼ਲ ਇੰਟਰਸਟ ਗਰੁੱਪ (ਐਸ.ਆਈ.ਜੀ.) ਡਰਮੋਸਕੋਪੀ ਕਾਨਫ਼ਰੰਸ ਵਿੱਚ ਸ਼ਾਮਲ ਹੋਣ ਵਾਲੇ ਪਤਵੰਤਿਆਂ ਵਿੱਚ ਆਰਗੇਨਾਈਜ਼ਿੰਗ ਸਕੱਤਰ ਡਾ. ਅਮਰਬੀਰ ਸਿੰਘ ਬੋਪਾਰਾਏ ਤੇ ਸਾਇੰਟਿਫਿਕ ਪ੍ਰਧਾਨ ਡਾ. ਨੀਰਜਾ ਪੁਰੀ ਨੇ ਕਿਹਾ ਕਿ ਕੰਟੀਨਿਊਅਸ ਮੈਡੀਕਲ ਐਜੂਕੇਸ਼ਨ (ਸੀ.ਐਮ.ਈ.) ਵਿੱਚ ਹਿੱਸਾ ਲੈਣ ਲਈ ਪਹੁੰਚੇ, ਇਸ ਤੋਂ ਇਲਾਵਾ ਸਾਰੇ ਉੱਘੇ ਚਮੜੀ ਰੋਗ ਵਿਗਿਆਨੀਆਂ ਅਤੇ ਖੋਜਕਰਤਾਵਾਂ ਨੇ ਅਹਿਮ ਯੋਗਦਾਨ ਪਾਇਆ।ਇਸ ਪ੍ਰੋਗਰਾਮ ਦੀ ਸਫ਼ਲਤਾ ਯੂਨੀਵਰਸਿਟੀ ਲਈ ਇੱਕ ਅਹਿਮ ਕਦਮ ਹੈ।

# ਫੈਕਟਰੀ ਦੇ ਗੇਟ ਅੱਗੇ ਅਣਮਿੱਥੇ ਸਮੇਂ ਦਾ ਧਰਨਾ ਲਾਇਆ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ (ਦੋਆਬਾ) ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਗੁਰੂ ਗੋਬਿੰਦ ਸਿੰਘ ਵਿਖੇ ਜ਼ਿਲ੍ਹਾ ਪ੍ਰਧਾਨ ਬਲਵੀਰ ਸਿੰਘ ਖੀਰਨੀਆਂ ਤੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੱਲਮਾਜਰਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੌਰਾਨ ਬਲਵੀਰ ਸਿੰਘ ਖੀਰਨੀਆਂ ਨੇ ਕਿਹਾ ਕਿ ਮੁਸ਼ਕਾਬਾਦ ਵਿਖੇ ਲੱਗ ਰਹੀ ਬਾਇਓ ਗੈਸ ਫੈਕਟਰੀ, ਜਿਸ ਸਬੰਧ ਵਿੱਚ ਬੀਤੇ ਕਾਫੀ ਸਮੇਂ ਤੋਂ ਸੰਘਰਸ਼ ਚੱਲ ਰਿਹਾ ਹੈ, ਹੁਣ ਇਸ ਸੰਘਰਸ਼ ਨੂੰ ਨਵਾਂ ਰੂਪ ਦੇਣ ਲਈ ਵੱਖ-ਵੱਖ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਫੈਕਟਰੀ ਦੇ ਗੇਟ ਅੱਗੇ ਅਣਮਿੱਥੇ ਸਮੇਂ ਲਈ ਧਰਨਾ ਲਾ ਦਿੱਤਾ ਗਿਆ ਹੈ। ਇਹ ਧਰਨਾ ਫੈਕਟਰੀ ਦੇ ਬੰਦ ਹੋਣ ਉਪਰੰਤ ਚੁੱਕਿਆ ਜਾਵੇਗਾ।ਧਰਨੇ ਨੂੰ ਬੀ.ਕੇ.ਯੂ. (ਦੋਆਬਾ) ਵੱਲੋਂ ਪੂਰਨ ਰੂਪ ਵਿੱਚ ਸਮਰਥਨ ਦਿੱਤਾ ਜਾ ਚੁੱਕਾ ਹੈ। ਯੂਨੀਅਨ ਪੂਰੀ ਤਰ੍ਹਾਂ ਪਿੰਡ ਨਿਵਾਸੀਆਂ ਨਾਲ ਖੜੀ ਹੈ।ਗੁਰਪ੍ਰੀਤ ਸਿੰਘ ਮੱਲਮਾਜਰਾ ਨੇ ਕਿਹਾ ਕਿ ਸ਼ੰਭੂ ਬੈਰੀਅਰ 'ਤੇ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਕਿਸਾਨ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿੱਚ ਹਨ, ਬੀ. ਕੇ. ਯੂ. (ਦੋਆਬਾ) ਵੱਲੋਂ ਹਰੇਕ ਤਹਿਸੀਲ ਵਿੱਚੋਂ ਵੱਖ-ਵੱਖ ਜਥੇ ਬਣਾ ਕੇ ਸ਼ੰਭੂ ਬੈਰੀਅਰ ਲਈ ਭੇਜੇ ਜਾਂਦੇ ਹਨ।ਇਹ ਧਰਨਾ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਕਿਸਾਨੀ ਮੰਗਾਂ ਨਹੀਂ ਮੰਨੀਆਂ ਜਾਂਦੀਆਂ।ਉਨ੍ਹਾਂ ਅੱਗੇ ਕਿਹਾ ਕਿ 1 ਜੂਨ ਨੂੰ ਪੰਜਾਬ ਅੰਦਰ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ ਭਾਜਪਾ ਦੇ ਉਮੀਦਵਾਰਾਂ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ।

# ਕੁਦਰਤੀ ਸਾਧਨਾਂ ਨੂੰ ਬਚਾਉਣ ਤੇ ਵਾਤਾਵਰਨ ਦੀ ਰਾਖੀ ਲਈ 'ਆਪ' ਦੇ ਹੱਥ ਮਜ਼ਬੂਤ ਕਰੋ : ਕਰਮਜੀਤ ਅਨਮੋਲ



**ਮੋਗਾ (ਇਕਬਾਲ ਸਿੰਘ ਖਹਿਰਾ)**

ਫ਼ਰੀਦਕੋਟ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਨੇ ਕਿਹਾ ਕਿ ਇਲਾਕੇ ਦੇ ਲੋਕ ਵਾਤਾਵਰਨ ਨੂੰ ਪਿਆਰ ਕਰਨ ਵਾਲੇ ਹਨ ਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਵਾਤਾਵਰਨ ਪੱਖੀ ਸਰਕਾਰ ਹੈ, ਜਿਸ ਨੇ ਨਹਿਰੀ ਸਿਲਸਿਲੇ ਨੂੰ ਮਜ਼ਬੂਤ ਕਰਕੇ ਧਰਤੀ ਹੇਠਲਾ ਪਾਣੀ ਬਚਾਉਣ ਅਤੇ ਆਬੋ ਹਵਾ ਨੂੰ ਸਾਫ਼ ਸੁਥਰੀ ਰੱਖਣ ਦਾ ਬੀੜਾ ਚੁੱਕਿਆ ਹੈ। ਕਰਮਜੀਤ ਅਨਮੋਲ ਹਲਕਾ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਬੀ.ਐਨ ਸ਼ਰਮਾ, ਨਿਸ਼ਾ ਬਾਨੋ, ਰੁਪਿੰਦਰ ਰੂਪੀ ਤੇ ਸਿੱਪੀ ਗਿੱਲ ਨਾਲ ਧਰਮਕੋਟ ਹਲਕੇ ਦੇ ਪਿੰਡਾਂ ਕਪੂਰੇ, ਰੌਲੀ, ਦਾਤਾ, ਭਿੰਡਰ ਕਲਾਂ, ਭਿੰਡਰ ਖੁਰਦ, ਕੋਕਰੀ ਬੈਨੀਵਾਲ, ਕੋਕਰੀ ਬੁਟਰਾਂ, ਤਲਵੰਡੀ ਮੱਲੀਆਂ, ਦਾਇਆ ਕਲਾਂ, ਦਾਨੋਵਾਲ, ਕਿਸ਼ਨਪੁਰਾ ਕਲਾਂ, ਇੰਦਰਗੜ੍ਹ, ਨਸੀਰੇਵਾਲਾ, ਇੱਜ਼ਤਵਾਲਾ, ਰੌਸ਼ਨਵਾਲਾ, ਕੋਟ ਮੁਹੰਮਦ ਖਾਂ, ਬਡੂਵਾਲ, ਲੋਹਗੜ੍ਹ, ਕੜਿਆਲ, ਚੀਮਾ ਤੇ ਗਗੜਾ ਪਿੰਡਾਂ ਵਿੱਚ ਜਨਸਭਾਵਾਂ ਨੂੰ ਸੰਬੋਧਨ ਕਰ ਰਹੇ ਸਨ। ਕਰਮਜੀਤ ਅਨਮੋਲ ਨੇ ਕਿਹਾ ਕਿ ਪੰਜਾਬ ਵਿੱਚ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਮਗਰੋਂ ਸੂਬੇ ਵਿੱਚ ਮਿਆਰੀ ਕੰਮ ਹੋਏ ਹਨ। ਉਨ੍ਹਾਂ ਕਿਹਾ ਕਿ ਆਮ ਘਰਾਂ ਦੇ ਵਿਦਿਆਰਥੀਆਂ ਨੂੰ ਆਈਏਐਸ ਤੇ ਹੋਰ ਕੰਪੀਟੀਸ਼ਨਾਂ ਦੀ ਤਿਆਰੀ ਕਰਾਉਣ ਲਈ ਸਰਕਾਰ ਨੇ ਮੋਗਾ ਵਿੱਚ ਯੂਪੀਐਸਸੀ ਸੈਂਟਰ ਖੋਲ੍ਹਿਆ ਹੈ, ਜਿੱਥੇ ਗ਼ਰੀਬ ਪਰਿਵਾਰਾਂ ਦੇ ਨੌਜਵਾਨਾਂ ਨੂੰ ਮੁਫ਼ਤ ਤਿਆਰੀ ਕਰਾਈ ਜਾਂਦੀ ਹੈ। ਕਰਮਜੀਤ ਅਨਮੋਲ ਨੇ ਕਿਹਾ ਕਿ ਭਗਵੰਤ ਮਾਨ ਪਾਰਲੀਮੈਂਟ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਦਿਆਂ ਇਕੱਲਿਆਂ ਹੀ ਸੱਤਾ ਵਿੱਚ ਬੈਠੇ ਵੱਡੇ ਲੀਡਰਾਂ ਨੂੰ ਨਿਰਉੱਤਰ ਕਰ ਦਿੰਦੇ ਸਨ, ਜਦੋਂ ਉਹ ਮੁੱਖ ਮੰਤਰੀ ਬਣ ਗਏ, ਉਦੋਂ ਤੋਂ ਪਾਰਲੀਮੈਂਟ ਸੁੰਨੀ ਹੋ ਗਈ ਹੈ ਤੇ ਕੋਈ ਵੀ ਸੰਸਦ ਧੜੱਲੇ ਨਾਲ ਪੰਜਾਬ ਦੇ ਮੁੱਦੇ ਨਹੀਂ ਚੁੱਕ ਸਕਿਆ। ਆਮ ਆਦਮੀ ਪਾਰਟੀ ਦੇ ਵਿਧਾਇਕ ਦਵਿੰਦਰ ਸਿੰਘ ਲਾਡੀ ਢੋਂਸ ਨੇ ਇਨ੍ਹਾਂ ਪਬਲਿਕ ਜਲਸਿਆਂ ਨੂੰ ਸੰਬੋਧਨ ਕਰਦਿਆਂ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਪ੍ਰਾਪਤੀਆਂ ਤੇ ਕੰਮਾਂ ਦਾ ਖ਼ੁਲਾਸਾ ਕੀਤਾ ਤੇ ਸੂਬੇ ਵਿੱਚ ਕੀਤੇ ਜਾ ਰਹੇ ਵਿਕਾਸ ਦੇ ਵੇਰਵੇ ਦਿੱਤੇ। ਉੱਘੇ ਬਾਲੀਵੁੱਡ ਅਦਾਕਾਰਾ ਬੀ ਐਨ ਸ਼ਰਮਾ ਨੇ ਧਰਮਕੋਟ ਹਲਕੇ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਰਮਜੀਤ ਅਨਮੋਲ ਜਿੱਥੇ ਪੰਜਾਬੀਆਂ ਦੇ ਹਰਮਨਪਿਆਰੇ ਕਲਾਕਾਰ ਅਤੇ ਗਾਇਕ ਹਨ, ਉੱਥੇ ਹੀ ਉਹ ਮੁੱਖ ਮੰਤਰੀ ਭਗਵੰਤ ਮਾਨ ਦੀ ਵੀ ਸੱਜੀ ਬਾਂਹ ਹਨ। ਪੰਜਾਬੀ ਗਾਇਕ ਤੇ ਅਦਾਕਾਰਾ ਨਿਸ਼ਾ ਬਾਨੋ ਨੇ ਕਿਹਾ ਕਿ ਕਰਮਜੀਤ ਅਨਮੋਲ ਵਰਗੇ ਸੰਵੇਦਨਸ਼ੀਲ ਵਿਅਕਤੀ ਨੂੰ ਚੁਣ ਕੇ ਭੇਜਣਾ ਸਾਡੀਆਂ ਸਾਰਿਆਂ ਦੀ ਜ਼ਿੰਮੇਵਾਰੀ ਹੈ ਤਾਂ ਜੁ ਪਾਰਲੀਮੈਂਟ ਵਿੱਚ ਬੈਠ ਕੇ ਆਮ ਲੋਕਾਂ ਲਈ ਵੀ ਨੀਤੀਆਂ ਬਣ ਸਕਣ। ਪੰਜਾਬੀ ਫ਼ਿਲਮ ਅਦਾਕਾਰਾ ਰੁਪਿੰਦਰ ਰੂਪੀ ਨੇ ਕਿਹਾ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਆਵਾਜ਼ ਬੁਲੰਦ ਕਰਨ ਲਈ ਕਰਮਜੀਤ ਨੂੰ ਜਿਤਾ ਕੇ ਪਾਰਲੀਮੈਂਟ ਵਿੱਚ ਭੇਜੋ।

# ਵਿਰਾਸਤੀ ਸਾਜ਼ਾਂ ਪ੍ਰਤੀ ਬੱਚਿਆਂ ਨੂੰ ਉਤਸ਼ਾਹ ਕਰਨਾ ਸਮੇਂ ਦੀ ਮੁੱਖ ਲੋੜ : ਭੱਟੀ ਭੜੀ ਵਾਲਾ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**-ਪਿਛਲੇ ਲੰਮੇ ਸਮੇਂ ਤੋਂ ਖੰਨਾ ਹਲਕੇ ਵਿੱਚ ਸੰਗੀਤਕ ਪੈੜਾਂ ਪਾ ਰਹੇ ਲੋਕ ਗਾਇਕ ਸੋਹਣ ਸੁਰੀਲਾ ਵੱਲੋਂ ਖੰਨਾ ਇਲਾਕੇ ਵਿੱਚ ਨਵੇਂ ਉਭਰਦੇ ਗਾਇਕ ਤੇ ਸੰਗੀਤਕ ਪ੍ਰੇਮੀਆਂ ਨੂੰ ਸਿੱਖਿਆ ਦੇਣ ਲਈ ਅੱਜ ਖੰਨਾ ਦੇ ਲਲਹੇੜੀ ਰੋਡ ਉੱਪਰ ਸੰਗੀਤਕ ਅਕੈਡਮੀ ਦਾ ਸ਼ੁਰੂਆਤ ਕੀਤੀ ਗਈ।ਇਸ ਸੰਗੀਤ ਅਕੈਡਮੀ ਦਾ ਉਦਘਾਟਨ ਲੋਕ ਗਾਇਕ ਬਿੱਟੂ ਖੰਨੇ ਵਾਲਾ ਤੇ ਪ੍ਰਸਿੱਧ ਗੀਤਕਾਰ ਜਸਵਿੰਦਰ ਸਿੰਘ ਭੱਟੀ ਭੜੀ ਵਾਲਾ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।ਇਸ ਸਮੇਂ ਲੋਕ ਗਾਇਕ ਬਿੱਟੂ ਖੰਨੇ ਵਾਲਾ ਸੰਗੀਤਕਾਰ ਸ਼ਮਸ਼ੇਰ ਸਿੰਘ ਸ਼ੇਰ ਤੇ ਗੀਤਕਾਰ ਭੱਟੀ ਭੜੀ ਵਾਲਾ ਨਾਲ ਗੱਲ ਕਰਨ 'ਤੇ ਉਨ੍ਹਾਂ ਕਿਹਾ ਕਿ ਸਾਡੇ ਪੰਜਾਬੀ ਵਿਰਾਸਤੀ ਸਾਜ਼ ਜਿਹੜੇ ਕਿ ਅਲੋਪ ਹੋ ਰਹੇ ਹਨ, ਇਨ੍ਹਾਂ ਸਾਜ਼ਾਂ ਬਾਰੇ ਉੱਭਰ ਰਹੇ ਗਾਇਕ ਤੇ ਸੰਗੀਤਕਾਰਾਂ ਨੂੰ ਇਨ੍ਹਾਂ ਸਾਜ਼ਾਂ ਬਾਰੇ ਜਾਣਕਾਰੀ ਦੇਣੀ ਅੱਜ ਸਮੇਂ ਦੀ ਮੁੱਖ ਲੋੜ ਹੈ।ਗਾਇਕ ਸੋਹਣ ਸੁਰੀਲੇ ਵੱਲੋਂ ਸਾਡੇ ਪੰਜਾਬ ਦੀ ਵਿਰਾਸਤੀ ਸਾਜ਼ਾਂ ਨੂੰ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇਨ੍ਹਾਂ ਬਰਾਸਤੀ ਸਾਜ਼ਾਂ ਪ੍ਰਤੀ ਉਤਸ਼ਾਹ ਕਰਨਾ ਖੰਨੇ ਇਲਾਕੇ ਲਈ ਬਹੁਤ ਵੱਡੇ ਮਾਣ ਵਾਲੀ ਗੱਲ ਹੈ।ਇਸ ਸਮੇਂ ਗੁਰਚਰਨ ਸਿੰਘ ਮਾਨ, ਲੋਕ ਗਾਇਕ ਕੇਸਰ ਮਾਣਕੀ, ਢਾਡੀ ਮਹਿੰਦਰ ਸਿੰਘ ਜੋਸ਼ੀਲਾ, ਗੀਤਕਾਰ ਅਵਤਾਰ ਚਾਨਾ, ਗੀਤਕਾਰ ਮੀਤ ਕਲੇਰਾਂ ਵਾਲਾ, ਢਾਡੀ ਬਲਵੰਤ ਸਿੰਘ ਸਫਰੀ, ਸੰਗੀਤਕਾਰ ਦਰਸ਼ਨ ਸਿੰਘ ਨੂਰ, ਚਰਨ ਸਿੰਘ ਭੱਟੀ, ਸੰਗੀਤਕਾਰ ਰਣਜੀਤ ਰਾਣਾ, ਰੁਪਿੰਦਰ ਸਿੰਘ ਭੱਟੀ, ਜਸਪਾਲ ਸਿੰਘ ਚਾਪੜਾ ਆਦਿ ਹਾਜ਼ਰ ਸਨ।

# ਵੱਡੀ ਈਦਗਾਹ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਤੇ ਕਾਰਜਕਾਰਨੀ ਦਾ ਐਲਾਨ

## ਈਦਗਾਹ ਦੇ ਉਦੇਸ਼ਾਂ ਦੀ ਪੂਰਤੀ ਵੱਲ ਪੂਰਾ ਧਿਆਨ ਦਿੱਤਾ ਜਾਵੇਗਾ : ਨਜ਼ੀਰ



**ਮਾਲੇਰਕੋਟਲਾ (ਅਸਗਰ ਪਰਿਹਾਰ)**

ਵੱਡੀ ਈਦਗਾਹ ਪ੍ਰਬੰਧਕ ਕਮੇਟੀ ਦੀ ਨਵੀਂ ਬਾਡੀ ਦੇ ਸਬੰਧ 'ਚ ਇੱਕ ਅਹਿਮ ਮੀਟਿੰਗ ਕਮੇਟੀ ਦੇ ਨਵ-ਨਿਯੁਕਤ ਪ੍ਰਧਾਨ ਮੁਹੰਮਦ ਨਜ਼ੀਰ (ਕੌਂਸਲਰ) ਦੀ ਪ੍ਰਧਾਨਗੀ ਹੇਠ ਈਦਗਾਹ ਵਿਖੇ ਹੋਈ, ਜਿਸ ਵਿੱਚ ਕਮੇਟੀ ਦੇ ਸੰਵਿਧਾਨ ਅਨੁਸਾਰ ਪ੍ਰਧਾਨ ਮੁਹੰਮਦ ਨਜ਼ੀਰ ਨੇ ਅਹੁਦੇਦਾਰਾਂ ਦਾ ਐਲਾਨ ਕੀਤਾ, ਜਿਸ 'ਚ ਸ਼ੌਕਤ ਅਲੀ ਤੇ ਮੁਹੰਮਦ ਹਲੀਮ ਨੂੰ ਸਰਪ੍ਰਸਤ ਤੋਂ ਇਲਾਵਾ ਮੁਹੰਮਦ ਨਿਸਾਰ ਬਿੰਦ ਨੂੰ ਸੀਨੀਅਰ ਮੀਤ ਪ੍ਰਧਾਨ, ਮੁਹੰਮਦ ਸ਼ਕੀਲ ਨੂੰ ਮੀਤ ਪ੍ਰਧਾਨ, ਡਾ. ਅਬਦੁਲ ਗੱਫਾਰ ਨੂੰ ਜਨਰਲ ਸਕੱਤਰ, ਨਈਅਰ ਜ਼ੁਬੈਰੀ ਨੂੰ ਸੰਯੁਕਤ ਸਕੱਤਰ, ਮੁਹੰਮਦ ਅਕਬਰ (ਬੱਫਾ) ਨੂੰ ਪ੍ਰਚਾਰ ਸਕੱਤਰ, ਚੌਧਰੀ ਨਸੀਮ ਉਰ ਰਹਿਮਾਨ (ਘੁਕਲਾ) ਨੂੰ ਖ਼ਜ਼ਾਨਚੀ ਨਾਮਜ਼ਦ ਕੀਤਾ ਗਿਆ। ਇਸ ਤੋਂ ਇਲਾਵਾ ਮੁਹੰਮਦ ਇਮਤਿਆਜ਼, ਅਸ਼ਰਫ ਅਬਦੁੱਲਾ ਤੇ ਜ਼ਹੂਰ ਅਹਿਮਦ ਚੌਹਾਨ ਦੇ ਨਾਂਅ ਕਾਰਜਕਾਰਨੀ ਮੈਂਬਰਾਂ 'ਚ ਸ਼ਾਮਲ ਕੀਤੇ ਗਏ। ਪ੍ਰਧਾਨ ਮੁਹੰਮਦ ਨਜ਼ੀਰ (ਕੌਂਸਲਰ) ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਪੂਰੀ ਇੱਛਾ ਹੈ ਕਿ ਈਦਗਾਹ ਦੀ ਪ੍ਰਬੰਧਕੀ ਕਮੇਟੀ ਆਪਣੇ ਟੀਚਿਆਂ ਤੇ ਉਦੇਸ਼ਾਂ ਨੂੰ ਸੁਚਾਰੂ ਢੰਗ ਨਾਲ ਪ੍ਰਾਪਤ ਕਰਨ ਅਤੇ ਪ੍ਰਬੰਧਕ ਕਮੇਟੀ ਨੇ ਇਸ ਮਹੱਤਵਪੂਰਨ ਸੰਸਥਾ ਦੀਆਂ ਲੋੜਾਂ ਨੂੰ ਪੂਰਾ ਕਰਨ ਅਤੇ ਈਦਗਾਹ ਦੇ ਵਿਸਥਾਰ ਤੇ ਵਿਕਾਸ ਲਈ ਸਾਰੇ ਸਾਧਨਾਂ ਦੀ ਵਰਤੋਂ ਕੀਤੀ। ਉਨ੍ਹਾਂ ਆਸ ਪ੍ਰਗਟਾਈ ਕਿ ਈਦਗਾਹ ਦੇ ਸਰਬਪੱਖੀ ਵਿਕਾਸ ਲਈ ਕੌਮ ਹਰ ਤਰ੍ਹਾਂ ਦਾ ਸਹਿਯੋਗ ਕਰੇਗੀ ਤੇ ਈਦਗਾਹ ਕਮੇਟੀ ਦੀ ਕਾਰਗੁਜ਼ਾਰੀ ਨੂੰ ਹੋਰ ਨਿਖਾਰਨ ਲਈ ਸੰਗਤਾਂ ਵੱਲੋਂ ਭੇਜੇ ਗਏ ਸੁਝਾਵਾਂ ਦਾ ਸੁਆਗਤ ਕਰੇਗੀ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਨੇ ਰਜਿਸਟ੍ਰੇਸ਼ਨ ਖੋਲ੍ਹਣ ਦੀ ਕੀਤੀ ਮੰਗ



**ਜ਼ੀਰਾ (ਨਰਿੰਦਰ ਅਨੇਜਾ)**-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਦੇ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਡਾਕਟਰ ਹਰਭਜਨ ਕੰਬੋਜ ਦੀ ਯੋਗ ਅਗਵਾਈ ਹੇਠ ਚੱਲ ਰਹੀ ਜਥੇਬੰਦੀ ਦੀ ਇਕਾਈ ਜ਼ੀਰਾ ਦੀ ਮਹੀਨਾਵਾਰ ਇਕੱਤਰਤਾ ਜ਼ਿਲ੍ਹਾ ਕਮੇਟੀ ਮੈਂਬਰ ਆਤਮਾ ਸਿੰਘ ਦੀ ਰਹਿਨੁਮਾਈ, ਜ਼ੀਰਾ ਦੇ ਪ੍ਰਧਾਨ ਗੁਰਦਿੱਤ ਸਿੰਘ ਦੀ ਪ੍ਰਧਾਨਗੀ, ਸੀਨੀਅਰ ਆਗੂ ਵਿਜੇ ਕੁਮਾਰ ਤੇ ਸੀਨੀਅਰ ਆਗੂ ਕੁਲਵੰਤ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਪ੍ਰਣਾਮ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ। ਸ਼ਰਧਾਂਜਲੀ ਭੇਟ ਕਰਦਿਆਂ ਜ਼ਿਲ੍ਹਾ ਕਮੇਟੀ ਮੈਂਬਰ ਡਾਕਟਰ ਆਤਮਾ ਸਿੰਘ ਨੇ ਕਿਹਾ ਕਿਸੇ ਵੀ ਅਧਿਕਾਰ ਨੂੰ ਪਾਉਣ ਲਈ ਕਈ ਵਾਰ ਕੁਰਬਾਨੀ ਦੇਣੀ ਪੈਂਦੀ ਹੈ। ਸ਼ਿਕਾਗੋ ਦੇ ਸ਼ਹੀਦਾਂ ਨੇ ਕੁਰਬਾਨੀ ਦੇ ਕੇ ਮਜ਼ਦੂਰਾਂ ਲਈ ਅੱਠ ਘੰਟੇ ਕੰਮ ਕਰਨ ਦਾ ਅਧਿਕਾਰ ਲੈ ਕੇ ਦਿੱਤਾ। ਸ਼ਰਧਾਂਜਲੀ ਭੇਟ ਕਰਨ ਉਪਰੰਤ ਪ੍ਰੈਕਟੀਸ਼ਨਰਾਂ ਨੂੰ ਪ੍ਰੈਕਟਿਸ ਕਰਦੇ ਹੋਏ ਆ ਰਹੀਆਂ ਸਮੱਸਿਆਵਾਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਮਾਨਯੋਗ ਚੋਣ ਕਮਿਸ਼ਨਰ ਦੀਆਂ ਹਦਾਇਤਾਂ ਅਨੁਸਾਰ ਐੱਸ.ਡੀ.ਐੱਮ. ਦਫਤਰ ਜ਼ੀਰਾ ਦੇ ਇਲੈਕਸ਼ਨ ਸੈੱਲ ਵੱਲੋਂ ਸਵੀਪ ਟੀਮ ਦੇ ਕੋਆਰਡੀਨੇਟਰ ਲੈਕਚਰਾਰ ਮਹਾਂਵੀਰ ਬਾਂਸਲ ਤੇ ਸਹਾਇਕ ਕੋਆਰਡੀਨੇਟਰ ਜੋਗਿੰਦਰ ਸਿੰਘ ਕੰਡਿਆਲ ਨੇ ਸਮੂਹ ਮੈਡੀਕਲ ਪ੍ਰੈਕਟੀਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਲਈ ਖੁਦ ਵੀ ਜਾਗਰੂਕ ਰਹਿਣ ਤੇ ਉਨ੍ਹਾਂ ਦੇ ਕੋਲ ਜੋ ਮਰੀਜ਼ ਦਵਾਈ ਲੈਣ ਆਉਂਦੇ ਹਨ, ਉਨ੍ਹਾਂ ਨੂੰ ਵੀ ਵੋਟਾਂ ਪਾਉਣ ਲਈ ਪ੍ਰੇਰਿਤ ਕਰਨ। ਜੂਨ ਮਹੀਨੇ ਵਿੱਚ ਆ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪ੍ਰੈਕਟਿਸ ਕਰਨ ਦੇ ਅਧਿਕਾਰਾਂ ਦੀ ਸਰਕਾਰ ਕੋਲੋਂ ਮੰਗ ਕਰਦਿਆਂ ਪ੍ਰਧਾਨ ਗੁਰਦਿੱਤ ਸਿੰਘ, ਸੀਨੀਅਰ ਆਗੂ ਵਿਜੇ ਕੁਮਾਰ, ਸੀਨੀਅਰ ਆਗੂ ਕੁਲਵੰਤ ਸਿੰਘ, ਸੀਨੀਅਰ ਆਗੂ ਸੁਰਜੀਤ ਸਿੰਘ, ਮੀਤ ਪ੍ਰਧਾਨ ਅਜਮੇਰ ਸਿੰਘ ਢੇਰੂ ਤੇ ਮੀਤ ਪ੍ਰਧਾਨ ਬੋਹੜ ਸਿੰਘ ਆਦਿ ਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਸਰਕਾਰ ਪਿਛਲੇ ਲੰਮੇ ਸਮੇਂ ਤੋਂ ਬੰਦ ਪਈ ਰਜਿਸਟਰੇਸ਼ਨ ਖੋਲ੍ਹੇ ਜਾਂ ਕੋਈ ਸ਼ਾਰਟ ਟਰਮ ਕੋਰਸ ਕਰਵਾ ਕੇ ਬੇਖੌਫ ਕੰਮ ਕਰਨ ਦਾ ਅਧਿਕਾਰ ਦੇਵੇ, ਕਿਉਂਕਿ ਪਿੰਡਾਂ ਵਿੱਚ ਕੰਮ ਕਰਦੇ ਪ੍ਰੈਕਟੀਸ਼ਨਰ ਲੋਕਾਂ ਨੂੰ ਰਾਤ-ਦਿਨ ਲੋਕਾਂ ਦੀ ਸੇਵਾ ਕਰਦੇ ਹਨ ਤੇ ਸਰਕਾਰੀ ਹਸਪਤਾਲਾਂ ਵੱਲੋਂ ਉਲੀਕੇ ਗਏ ਜਾਗਰੂਕਤਾ ਕੈਂਪਾਂ ਵਿੱਚ ਪੂਰਾ ਸਹਿਯੋਗ ਕਰਦੇ ਹਨ। ਇਸ ਇਕੱਤਰਤਾ ਵਿੱਚ ਸ਼ਾਮ ਨਰਾਇਣ ਹਸਪਤਾਲ ਮੁਕਤਸਰ ਦੇ ਡਾਕਟਰ ਸੁਨੀਲ ਬਾਂਸਲ ਤੇ ਉਨ੍ਹਾਂ ਦੀ ਟੀਮ ਨੇ ਵੀ ਸ਼ਮੂਲੀਅਤ ਕੀਤੀ। ਅਖੀਰ ਤੇ ਪ੍ਰਧਾਨ ਗੁਰਦਿੱਤ ਸਿੰਘ ਵੱਲੋਂ ਸਾਰੇ ਮੈਂਬਰਾਂ ਤੇ ਸ਼ਾਮ ਨਰਾਇਣ ਹਸਪਤਾਲ ਦੀ ਟੀਮ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਮੈਂਬਰਾਂ ਨੇ ਪਿਛਲੇ ਲੰਘੇ ਸਮੇਂ ਦੌਰਾਨ ਖ਼ੂਨਦਾਨ ਕੀਤਾ ਜਾਂ ਫ੍ਰੀ ਮੈਡੀਕਲ ਕੈਂਪ ਲਗਾਇਆ ਉਨ੍ਹਾਂ ਨੂੰ ਸਨਮਾਨਤ ਕੀਤਾ ਗਿਆ। ਪ੍ਰਧਾਨ ਗੁਰਦਿੱਤ ਸਿੰਘ ਤੇ ਉਪਰੋਕਤ ਸੀਨੀਅਰ ਆਗੂਆਂ ਤੋਂ ਇਲਾਵਾ ਇਸ ਵਿਸ਼ੇਸ਼ ਇਕੱਤਰਤਾ ਵਿੱਚ ਵੱਡੀ ਗਿਣਤੀ 'ਚ ਪ੍ਰੈਕਟੀਸ਼ਨਰ, ਚੇਅਰਮੈਨ ਜਰਨੈਲ ਸਿੰਘ, ਵਾਈਸ ਜਨਰਲ ਸਕੱਤਰ ਜਗਮੀਤ ਸਿੰਘ, ਕੈਸ਼ੀਅਰ ਗੁਰਪ੍ਰੀਤ ਸਿੰਘ, ਵਾਈਸ ਕੈਸ਼ੀਅਰ ਕੁਲਵੀਰ ਸਿੰਘ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਸੋਢੀਵਾਲਾ, ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਸੁੱਖੇਵਾਲਾ, ਸੋਸ਼ਲ ਮੀਡੀਆ ਇੰਚਾਰਜ ਲਵਲੀ ਸਿੰਘ, ਸੀਨੀਅਰ ਆਗੂ ਪੂਰਨ ਸਿੰਘ, ਹਰਬੰਸ ਸਿੰਘ, ਸਲਵਿੰਦਰ ਸਿੰਘ, ਵਾਈਸ ਸਟੇਜ ਸਕੱਤਰ ਗੁਰਜੀਤ ਸਿੰਘ ਪੰਡੋਰੀ, ਪ੍ਰੈੱਸ ਸਕੱਤਰ ਵਰਿੰਦਰ ਸਿੰਘ, ਗੁਰਮੀਤ ਸਿੰਘ, ਤਰਸੇਮ ਸਿੰਘ, ਸੁਖਬੀਰ ਸਿੰਘ ਖਾਲਸਾ, ਸ਼ਮਸ਼ੇਰ ਸਿੰਘ, ਕਾਰਜ ਸਿੰਘ, ਅਵਤਾਰ ਸਿੰਘ, ਸੰਜੀਵ ਕੁਮਾਰ, ਗੁਰਵਿੰਦਰ ਸਿੰਘ ਗੌਰਵ, ਮੁਖਤਿਆਰ ਸਿੰਘ, ਮੈਡਮ ਗੁਰਵੀਰ ਕੌਰ ਤੇ ਸਟੇਜ ਸਕੱਤਰ ਸੰਤੋਖ ਸਿੰਘ ਆਦਿ ਸ਼ਾਮਲ ਹੋਏ।

# ਕਾਮਰੇਡ ਅਤੁਲ ਕੁਮਾਰ ਅਨਜਾਨ ਨੂੰ ਸ਼ਰਧਾਂਜਲੀਆਂ



**ਮਾਨਸਾ (ਆਤਮਾ ਸਿੰਘ ਪਮਾਰ)**

ਬੀਤੇ ਦਿਨੀਂ ਗੰਭੀਰ ਬੀਮਾਰੀ ਉਪਰੰਤ ਸੀ ਪੀ ਆਈ ਦੇ ਕੌਮੀ ਸਕੱਤਰ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਕਾਮਰੇਡ ਅਤੁਲ ਕੁਮਾਰ ਅਨਜਾਨ ਇਸ ਫਾਨੀ ਦੁਨੀਆ ਤੋਂ ਰੁਖ਼ਸਤ ਹੋ ਗਏ। ਕਾਮਰੇਡ ਅਤੁਲ ਕੁਮਾਰ ਅਨਜਾਨ ਦੀ ਯਾਦ ਵਿੱਚ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸ਼ੋਕ ਸਭਾ ਕਰਕੇ ਉਨ੍ਹਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।ਸ਼ੋਕ ਸਭਾ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ, ਸੀ ਪੀ ਆਈ ਦੇ ਸੀਨੀਅਰ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ, ਡਾ. ਧੰਨਾ ਮੱਲ ਗੋਇਲ, ਸੰਵਿਧਾਨ ਬਚਾਓ ਮੰਚ ਦੇ ਐਡਵੋਕੇਟ ਗੁਰਲਾਭ ਸਿੰਘ ਮਾਹਲ, ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਰੂਪ ਸਿੰਘ ਢਿੱਲੋਂ, ਜ਼ਿਲ੍ਹਾ ਸਕੱਤਰ ਸਾਥੀ ਮਲਕੀਤ ਸਿੰਘ ਮੰਦਰਾ, ਏਟਕ ਦੇ ਸੀਨੀਅਰ ਆਗੂ ਰਤਨ ਭੋਲਾ, ਬੂਟਾ ਸਿੰਘ ਬਰਨਾਲਾ ਨੇ ਕਿਹਾ ਕਿ ਕਾਮਰੇਡ ਅਤੁਲ ਕੁਮਾਰ ਅਨਜਾਨ ਨੇ ਆਪਣੇ ਵਿਦਿਆਰਥੀ ਜੀਵਨ ਤੋਂ ਜਥੇਬੰਦੀ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਤੋਂ ਜਨਤਕ ਜੀਵਨ ਸ਼ੁਰੂ ਕਰਕੇ ਆਪਣਾ ਪੂਰਾ ਜੀਵਨ ਕਿਸਾਨਾਂ ਮਜ਼ਦੂਰਾਂ ਦੇ ਲੇਖੇ ਲਾਇਆ ਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਰਹਿਤ ਤੇ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਯਤਨਸ਼ੀਲ ਰਹੇ।ਉਹ ਮਾਰਕਸਵਾਦੀ ਫਲਸਫੇ ਦੇ ਉੱਚ ਕੋਟੀ ਦੇ ਵਿਦਵਾਨ ਤੇ ਵਕਤਾ ਸਨ ਤੇ ਇਲੈਕਟ੍ਰਾਨਿਕ ਮੀਡੀਆ, ਪਾਰਟੀ ਤੇ ਲੋਕਾਂ ਦਾ ਨਜ਼ਰੀਆ ਬੇਬਾਕੀ ਨਾਲ ਰੱਖਦੇ ਸਨ। ਆਪਣੇ ਜੀਵਨ ਦੇ ਆਖਰੀ ਪਲ ਤੱਕ ਸੀ ਪੀ ਆਈ ਦੇ ਕੌਮੀ ਸਕੱਤਰ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਕੁੱਲ ਹਿੰਦ ਜਨਰਲ ਸਕੱਤਰ ਰਹੇ।ਆਗੂਆਂ ਨੇ ਕਿਹਾ ਕਿ ਕਾਮਰੇਡ ਅਤੁਲ ਅੰਜਾਨ ਦੀ ਬੇਵਕਤੀ ਮੌਤ ਨਾਲ ਸੀ ਪੀ ਆਈ ਤੇ ਕਮਿਉਨਿਸਟ ਲਹਿਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

## ਕੇਸਰਵਾਲੀਆ ਰਾਮ ਪ੍ਰਧਾਨ ਪਰਵਾਰ ਸਮੇਤ ਆਪ 'ਚ ਸ਼ਾਮਲ



**ਭਗਤਾ ਭਾਈ ਕਾ (ਰਾਜੀਵ ਗੋਇਲ)**-ਸਥਾਨਕ ਸ਼ਹਿਰ ਦੀ ਕਰਿਆਨਾ ਯੂਨੀਅਨ ਦੇ ਆਗੂ ਰਾਮ ਕੁਮਾਰ ਕੇਸਰਵਾਲੀਆ ਆਪਣੇ ਪੂਰੇ ਪਰਵਾਰ ਸਮੇਤ ਵਿਧਾਇਕ ਬਲਕਾਰ ਸਿੱਧੂ ਦੀ ਹਾਜ਼ਰੀ 'ਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਇਲਾਕੇ ਦੀ ਮਸ਼ਹੂਰ ਸੁਰਿੰਦਰਾ ਡੇਅਰੀ 'ਤੇ ਇਕੱਤਰ ਹੋਏ ਆਪ ਆਗੂਆਂ ਦੀ ਮੌਜੂਦਗੀ ਵਿੱਚ ਕੇਸਰਵਾਲੀਆ ਪਰਵਾਰ ਆਪ 'ਚ ਸ਼ਾਮਲ ਹੋ ਗਿਆ। ਉਧਰ ਦੂਜੇ ਪਾਸੇ ਸ਼ਾਮਲ ਹੋਣ ਵਾਲੇ ਪਰਵਾਰ ਦਾ ਕਹਿਣਾ ਸੀ ਕਿ ਆਮ ਆਦਮੀ ਪਾਰਟੀ ਦੀਆਂ ਲੋਕਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਉਹ ਕੇਜਰੀਵਾਲ ਦੇ ਲੜ ਲੱਗੇ ਹਨ। ਇਸ ਮੌਕੇ ਹਲਕਾ ਵਿਧਾਇਕ ਤੋਂ ਇਲਾਵਾ ਸ਼ਾਮਲ ਹੋਣ ਵਾਲੇ ਪਰਵਾਰ ਤੇ ਆੜ੍ਹਤੀਆ ਯੂਨੀਅਨ ਦੇ ਪ੍ਰਧਾਨ ਵਿਜੈ ਕੁਮਾਰ ਪੱਪੂ, ਰਾਜਵਿੰਦਰ ਸਿੰਘ, ਰਾਕੇਸ਼ ਕੁਮਾਰ ਅਰੋੜਾ, ਕ੍ਰਿਸ਼ਨ ਕੁਮਾਰ, ਮੁਕੇਸ਼ ਕੁਮਾਰ, ਮਿਥੁਨ ਲਾਲ, ਬਹਾਦਰ ਬਰਾੜ ਸ਼ਾਮਲ ਸਨ।

## ਅਣਪਛਾਤੇ ਨੇ ਖੇਤਾਂ 'ਚ ਖੜੀ ਟਰਾਲੀ ਨੂੰ ਲਗਾਈ ਅੱਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਨੂਰਪੁਰ ਦੇ ਰਹਿਣ ਵਾਲੇ ਯਾਦਵਿੰਦਰ ਸਿੰਘ ਨੇ ਮਾਛੀਵਾੜਾ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਕਿ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਉਸ ਦੀ ਤੂੜੀ ਵਾਲੀ ਟਰਾਲੀ ਨੂੰ ਅੱਗ ਲਗਾ ਦਿੱਤੀ ਹੈ। ਸ਼ਿਕਾਇਤਕਰਤਾ ਯਾਦਵਿੰਦਰ ਸਿੰਘ ਨੇ ਦੱਸਿਆ ਕਿ ਉਸ ਵੱਲੋਂ ਲੰਘੀ 2 ਮਈ ਨੂੰ ਆਪਣੀ ਖਾਲੀ ਤੂੜੀ ਵਾਲੀ ਟਰਾਲੀ ਘਰ ਦੇ ਸਾਹਮਣੇ ਸੁਰਜੀਤ ਸਿੰਘ ਦੇ ਖੇਤ ਵਿੱਚ ਤਕਰੀਬਨ ਰਾਤ 11 ਵਜੇ ਖੜਾਈ ਸੀ। ਉਸ ਨੇ ਦੱਸਿਆ ਕਿ ਮੈਨੂੰ ਰਾਤ 1 ਵਜੇ ਟਰਾਲੀ ਦੇ ਟਾਇਰਾਂ ਨੂੰ ਅੱਗ ਲੱਗਣ ਦਾ ਪਤਾ ਲੱਗਾ ਤੇ ਜਦੋਂ ਮੈਂ ਜਾ ਕੇ ਦੇਖਿਆ ਤਾਂ ਚਾਰੇ ਟਾਇਰ ਬੁਰੀ ਤਰ੍ਹਾਂ ਨਾਲ ਸੜ ਚੁੱਕੇ ਹਨ। ਸ਼ਿਕਾਇਤਕਰਤਾ ਅਨੁਸਾਰ ਉਸ ਨੂੰ ਇਹ ਲੱਗਦਾ ਹੈ ਕਿ ਕਿਸੇ ਵਿਅਕਤੀ ਵੱਲੋਂ ਜਾਣ-ਬੁੱਝ ਕੇ ਇਹ ਅੱਗ ਲਗਾਈ ਗਈ ਹੈ। ਉਸ ਨੇ ਪੁਲਸ ਤੋਂ ਮੰਗ ਕੀਤੀ ਕਿ ਅੱਗ ਲਗਾਉਣ ਵਾਲੇ ਵਿਅਕਤੀ ਦਾ ਪਤਾ ਲਗਾ ਉਸ ਨੂੰ ਟਰਾਲੀ ਦਾ ਹੋਇਆ ਨੁਕਸਾਨ ਦਿਵਾਇਆ ਜਾਵੇ।

## ਸੈਨਿਕ ਏਕਤਾ ਵੈਲ.ਫੇਅਰ ਸੁਸਾਇਟੀ ਨੇ ਕੈਂਪ ਲਾਇਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੈਨਿਕ ਏਕਤਾ ਵੈਲਫੇਅਰ ਸੁਸਾਇਟੀ ਬਠਿੰਡਾ ਵੱਲੋਂ ਇੱਕ ਕੈਂਪ ਬਠਿੰਡਾ ਵਿਖੇ ਦੂਜਾ ਕੈਂਪ ਰਾਮਪੁਰਾ ਦਫ਼ਤਰ ਵਿਖੇ ਲਾਇਆ ਗਿਆ, ਜਿਸ 'ਤੇ ਲਗਭਗ 200 ਦੇ ਕਰੀਬ ਸਾਬਕਾ ਸੈਨਿਕ ਤੇ ਪਰਵਾਰ ਹਿੱਸਾ ਬਣੇ। ਇਸ ਵਿੱਚ ਸਿਖਲਾਈ ਰਿਕਾਰਡ ਦੇ ਕਾਫੀ ਕੇਸ ਆਏ ਸਨ, ਜਿਨ੍ਹਾਂ ਵਿੱਚੋਂ ਦੋ-ਤਿੰਨ ਕੇਸਾਂ ਦੀ ਪੇਮੈਂਟ ਉਨ੍ਹਾਂ ਦੇ ਅਕਾਊਂਟ ਵਿੱਚ ਵੀ ਆ ਗਈ ਹੈ। ਇਸ ਲਈ ਸਾਰੇ ਸਾਬਕਾ ਸੈਨਿਕਾਂ ਨੂੰ ਬੇਨਤੀ ਹੈ ਕਿ ਕਿਸੇ ਵੀ ਜਗ੍ਹਾ 'ਤੇ ਜੇਕਰ ਕੋਈ ਰਿਕਾਰਡ ਵੱਲੋਂ ਟੀਮ ਆਉਂਦੀ ਹੈ ਤਾਂ ਆਪਣਾ ਵੀ ਸਾਰਾ ਦਾ ਫ਼ਰਜ਼ ਬਣਦਾ ਹੈ ਕਿ ਇਨ੍ਹਾਂ ਕੈਂਪਾਂ ਦਾ ਹਿੱਸਾ ਬਣੀਏ ਕਿ ਕਈ ਨਵੀਆਂ ਜਾਣਕਾਰੀਆਂ ਪ੍ਰਾਪਤ ਕਰੀਏ। ਟੀਮ ਦਾ ਸਵਾਗਤ ਕਰਨ ਲਈ ਹੈੱਡ ਕਲਰਕ ਵਾਸੂਦੇਵ ਸ਼ਰਮਾ, ਹੌਲਦਾਰ ਨਾਜ਼ਰ ਸਿੰਘ ਨਾਫਰੀਆ ਰੇਲਵੇ ਬੋਰਡ ਮੈਂਬਰ, ਹੌਲਦਾਰ ਅਜੈਬ ਸਿੰਘ, ਕੈਪਟਨ ਲਖਵਿੰਦਰ ਸਿੰਘ, ਹੌਲਦਾਰ ਕਲਰਕ ਸਤਪਾਲ ਸਿੰਘ ਢੱਡਾ ਤੇ ਸੰਦੀਪ ਸਿੰਘ ਫੌਜੀ ਮੌਜੂਦ ਸਨ।

## ਵਿਦਿਆਰਥੀਆਂ ਨੇ ਦਸਵੀਂ ਤੇ ਬਾਰ੍ਹਵੀਂ ਜਮਾਤ ਦੇ ਨਤੀਜਿਆਂ 'ਚ ਗੱਡੇ ਝੰਡੇ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਅਜ਼ ਗਲੋਬਲ ਸਕੂਲ ਵਿਖੇ ਸੈਸ਼ਨ 2023-24 ਦੇ ਦੌਰਾਨ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਆਈ ਸੀ ਐਸ ਈ ਬੋਰਡ ਦੇ ਨਤੀਜਿਆਂ ਵਿੱਚ ਸਾਡੇ ਵਿਦਿਆਰਥੀਆਂ ਨੇ ਬਹੁਤ ਹੀ ਵਧੀਆ ਪ੍ਰਦਰਸ਼ਨ ਦਿਖਾਇਆ। ਦਸਵੀਂ ਤੇ ਬਾਰ੍ਹਵੀਂ ਜਮਾਤ ਦਾ ਨਤੀਜਾ 100% ਰਿਹਾ। ਦਸਵੀਂ ਜਮਾਤ ਵਿੱਚੋਂ ਖੁਸ਼ਪ੍ਰੀਤ ਕੌਰ 94% ਅਤੇ ਪੁਨੀਤ ਕੌਰ 94% ਅੰਕ ਪ੍ਰਾਪਤ ਕਰਕੇ ਟੌਪਰ ਰਹੇ। ਦਸਵੀਂ ਜਮਾਤ ਦੇ ਕੁੱਲ ਵਿਦਿਆਰਥੀਆਂ ਵਿੱਚੋਂ 35 ਵਿਦਿਆਰਥੀਆਂ ਨੇ ਮੈਰਿਟ ਲਿਸਟ ਵਿੱਚ ਆਪਣਾ ਨਾਂਅ ਜੋੜ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਬਾਰ੍ਹਵੀਂ ਜਮਾਤ ਵਿੱਚੋਂ ਪ੍ਰਨੀਤ ਕੌਰ ਨੇ 91% ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਬਾਰ੍ਹਵੀਂ ਜਮਾਤ ਦੇ ਕੁੱਲ ਵਿਦਿਆਰਥੀਆਂ ਵਿੱਚੋਂ 13 ਵਿਦਿਆਰਥੀਆਂ ਨੇ ਮੈਰਿਟ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਚਮਕਾਇਆ। ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ ਪ੍ਰਧਾਨ ਡਾ ਅਨਿਲਜੀਤ ਕੰਬੋਜ ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ, ਸਿਮਰਨਜੀਤ ਸਿੰਘ ਸਿੱਧੂ ਤੇ ਪ੍ਰਿੰਸੀਪਲ ਡਾਕਟਰ ਪੰਕਜ ਧਮੀਜਾ, ਵਾਈਸ ਪ੍ਰਿੰਸੀਪਲ ਸ੍ਰੀ ਜਤਿੰਦਰ ਸ਼ਰਮਾ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ।

## ਪੱਤਰਕਾਰ ਸੰਦੀਪ ਸੋਨੀ ਨੂੰ ਸਦਮਾ, ਦਾਦਾ ਜੀ ਦਾ ਦੇਹਾਂਤ



**ਮਮਦੋਟ (ਜਸਬੀਰ ਸਿੰਘ ਕੰਬੋਜ)**-ਕਸਬਾ ਮਮਦੋਟ ਤੋਂ ਬਤੌਰ ਪੱਤਰਕਾਰ ਸੇਵਾਵਾਂ ਨਿਭਾ ਰਹੇ ਪ੍ਰੈੱਸ ਕਲੱਬ ਮਮਦੋਟ ਦੇ ਸਰਗਰਮ ਮੈਂਬਰ ਸੰਦੀਪ ਕੁਮਾਰ ਸੋਨੀ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਿਆ, ਜਦ ਬੀਤੀ ਰਾਤ ਉਨ੍ਹਾਂ ਦੇ ਦਾਦਾ ਸ੍ਰੀ ਕੱਕੂ ਰਾਮ ਦਾ ਅਚਨਚੇਤ ਦੇਹਾਂਤ ਹੋ ਗਿਆ। ਕੱਕੂ ਰਾਮ, ਜੋ ਗ੍ਰਾਮ ਪੰਚਾਇਤ ਮਮਦੋਟ ਵਿਖੇ ਲੰਬਾ ਸਮਾਂ ਬਤੌਰ ਮੈਂਬਰ ਪੰਚਾਇਤ ਸੇਵਾਵਾਂ ਨਿਭਾਉਂਦੇ ਰਹੇ, ਕਸਬੇ ਵਿੱਚ ਕੱਕੂ ਮੈਂਬਰ ਦੇ ਨਾਮ ਨਾਲ ਜਾਣੇ ਜਾਂਦੇ ਸਨ। ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਵਿਧਾਇਕ ਐਡਵੋਕੇਟ ਰਜਨੀਸ਼ ਦਹੀਯਾ ਦੇ ਪਿਤਾ ਉਦੇ ਚੰਦ ਦਹੀਯਾ, ਸੀਨੀਅਰ ਆਪ ਆਗੂ ਬਲਰਾਜ ਸਿੰਘ ਸੰਧੂ, ਐਡਵੋਕੇਟ ਗੁਰਪ੍ਰੀਤ ਸਿੰਘ ਗਿੱਲ, ਲਖਬੀਰ ਸਿੰਘ ਫੌਜੀ, ਜਸਬੀਰ ਸਿੰਘ ਚੇਅਰਮੈਨ ਐੱਸ ਐੱਮ ਸੀ, ਸੁਰਿੰਦਰ ਕੁਮਾਰ ਸੋਨੂੰ ਸੇਠੀ ਐੱਮ ਸੀ, ਬਲਵਿੰਦਰ ਸਿੰਘ ਸੇਠਾਂ ਵਾਲਾ ਐੱਮ ਸੀ, ਰਵਿੰਦਰ ਸਿੰਘ ਕਾਲਾ ਪ੍ਰਧਾਨ ਪ੍ਰੈੱਸ ਕਲੱਬ, ਬਲਦੇਵ ਰਾਜ ਸ਼ਰਮਾ ਸਰਪ੍ਰਸਤ ਪ੍ਰੈੱਸ ਕਲੱਬ, ਜਗਿੰਦਰ ਸਿੰਘ ਭੋਲਾ ਉੱਪ ਪ੍ਰਧਾਨ ਪ੍ਰੈੱਸ ਕਲੱਬ, ਜਸਬੀਰ ਸਿੰਘ ਕੰਬੋਜ ਜਨਰਲ ਸਕੱਤਰ, ਸੰਜੀਵ ਕੁਮਾਰ (ਚਿੰਟੂ) ਧਵਨ, ਬਲਾਕ ਪ੍ਰਧਾਨ ਸ਼ਹਿਰੀ ਮਮਦੋਟ, ਰਿੱਕੀ ਧਵਨ ਐੱਮ ਸੀ, ਸੁਰਿੰਦਰ ਕੁਮਾਰ ਕਾਲਾ ਪ੍ਰਧਾਨ ਵਪਾਰ ਯੂਨੀਅਨ ਮਮਦੋਟ, ਬਲਵਿੰਦਰ ਸਿੰਘ ਲੱਡੂ ਹਜ਼ਾਰਾ, ਸੰਜੀਵ ਮਦਾਨ ਸਮੇਤ ਵੱਡੀ ਗਿਣਤੀ 'ਚ ਵੱਖ ਵੱਖ ਜਥੇਬੰਦੀਆਂ ਤੇ ਸਿਆਸੀ ਆਗੂਆਂ, ਸਾਕ ਸੰਬੰਧੀਆਂ ਤੇ ਸਨੇਹੀਆਂ ਨੇ ਪਰਿਵਾਰ ਦੇ ਗਮ ਵਿੱਚ ਸ਼ਰੀਕ ਹੁੰਦਿਆਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

## ਕਾਪੀਆਂ ਤੇ ਸਟੇਸ਼ਨਰੀ ਵੰਡਣ ਦੀ ਮੁਹਿੰਮ ਜਾਰੀ




**ਜਗਰਾਉਂ (ਅਮਿਤ ਖੰਨਾ)**-ਬਾਰਾਂ ਸਕੂਲਾਂ ਨੂੰ ਹਜ਼ਾਰਾਂ ਕਾਪੀਆਂ ਤੇ ਸਟੇਸ਼ਨਰੀ ਵੰਡਣ ਦੀ ਮੁਹਿੰਮ ਤਹਿਤ ਸਟੂਡੈਂਟਸ ਵੈਲਫ਼ੇਅਰ ਸੁਸਾਇਟੀ ਵੱਲੋਂ ਤੀਜੇ ਗੇੜ ਵਿੱਚ ਸਿੱਖ ਗਰਲਜ਼ ਸਕੂਲ, ਤਾਰਾ ਦੇਵੀ ਜਿੰਦਲ ਸਕੂਲ ਤੇ ਸਰਵਹਿੱਤਕਾਰੀ ਸਕੂਲ ਦੇ ਸੈਂਕੜੇ ਬੱਚਿਆਂ ਨੂੰ ਕਾਪੀਆਂ ਤੇ ਸਟੇਸ਼ਨਰੀ ਵੰਡੀ ਗਈ। ਇਸ ਮੌਕੇ ਕਈ ਸਕੂਲਾਂ ਦੇ ਬੱਚਿਆਂ ਦੀਆਂ ਫ਼ੀਸਾਂ ਵੀ ਦਿੱਤੀਆਂ ਗਈਆਂ। ਇਹ ਸਾਰਾ ਪ੍ਰੋਗਰਾਮ ਸਕੂਲਾਂ ਵਿੱਚ ਜਾ ਕੇ ਕੀਤਾ ਗਿਆ। ਵਰਨਣਯੋਗ ਹੈ ਕਿ ਇਸ ਤੋਂ ਪਹਿਲਾਂ ਸੁਸਾਇਟੀ ਵੱਲੋਂ ਨੌਂ ਸਕੂਲਾਂ ਵਿੱਚ ਸੈਂਕੜੇ ਬੱਚਿਆਂ ਨੂੰ ਕਾਪੀਆਂ ਤੇ ਸਟੇਸ਼ਨਰੀ ਵੰਡੀ। ਇਸ ਮੌਕੇ ਐਡਵੋਕੇਟ ਸੰਤੋਖ ਸਿੰਘ ਦਿਓਲ, ਕੈਪਟਨ ਨਰੇਸ਼ ਵਰਮਾ, ਪ੍ਰੇਮ ਕੁਮਾਰ ਭੰਡਾਰੀ, ਡਾਕਟਰ ਬੀ ਬੀ ਸਿੰਗਲਾ, ਰਾਮ ਕ੍ਰਿਸ਼ਨ ਗੁਪਤਾ, ਲਲਿਤ ਟੰਡਨ, ਪ੍ਰਦੀਪ ਸ਼ਰਮਾ, ਪ੍ਰਦੀਪ ਖੰਨਾ, ਸੋਨੂ ਜੈਨ, ਡਾਕਟਰ ਵਿਨੋਦ ਗੁਪਤਾ, ਪ੍ਰਿੰਸੀਪਲ ਨਿਧੀ, ਪ੍ਰਿੰਸੀਪਲ ਨੀਲੂ ਨਰੂਲਾ ਤੇ ਹੋਰ ਮੈਂਬਰ ਹਾਜ਼ਰ ਸਨ।

## ਰੂਮੀ 'ਚ ਅੰਮ੍ਰਿਤਾ ਵੜਿੰਗ ਨੇ ਕੀਤਾ ਚੋਣ ਪ੍ਰਚਾਰ



**ਜਗਰਾਉਂ (ਸੰਜੀਵ ਅਰੋੜਾ)**-ਲੋਕ ਸਭਾ ਹਲਕਾ ਲੁਧਿਆਣਾ ਅਧੀਨ ਆਉਂਦੇ ਪਿੰਡ ਰੂਮੀ ਵਿਖੇ ਗੁਰਮੀਤ ਸਿੰਘ ਮਿੰਟੂ ਦੇ ਗ੍ਰਹਿ ਵਿਖੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਧਰਮਪਤਨੀ ਅੰਮ੍ਰਿਤਾ ਵੜਿੰਗ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਉਨ੍ਹਾ ਪ੍ਰਚਾਰ ਦੌਰਾਨ ਲੋਕਾਂ ਨਾਲ ਗੱਲਬਾਤ ਕੀਤੀ ਤੇ ਰਾਬਤਾ ਕਾਇਮ ਕੀਤਾ। ਉਨ੍ਹਾ ਕਿਹਾ ਕਿ ਉਹ ਹੁਣ ਤੁਹਾਡੀ ਸੇਵਾ 'ਚ ਆ ਚੁੱਕੇ ਹਨ ਤੇ ਤੁਹਾਡੇ ਸਾਥ ਦੀ ਲੋੜ ਹੈ। ਇਸ ਮੌਕੇ ਪੰਚ ਗੁਰਮੀਤ ਸਿੰਘ ਮਿੰਟੂ ਰੂਮੀ ਨੇ ਅੰਮ੍ਰਿਤਾ ਵੜਿੰਗ ਨੂੰ ਵਿਸ਼ਵਾਸ ਦੁਆਇਆ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਜਿੱਤ ਲਈ ਦਿਨ-ਰਾਤ ਮਿਹਨਤ ਕੀਤੀ ਜਾਵੇਗੀ। ਇਸ ਮੌਕੇ ਜਥੇਦਾਰ ਅਖਤਿਆਰ ਸਿੰਘ ਰੂਮੀ, ਬਲਾਕ ਪ੍ਰਧਾਨ ਪ੍ਰੇਮ ਸਿੰਘ, ਸਰਪੰਚ ਕੁਲਦੀਪ ਸਿੰਘ, ਅੰਮ੍ਰਿਤਪਾਲ ਸਿੰਘ ਨੀਟਾ, ਇੰਦਰਦੀਪ ਸਿੰਘ ਬਾਵਾ ਤੋਂ ਇਲਾਵਾ ਪਿੰਡ ਵਾਸੀ ਹਾਜ਼ਰ ਸਨ।

# ਜਨਤਕ ਜਥੇਬੰਦੀਆਂ ਵੱਲੋਂ ਮੋਦੀ ਦੇ ਫਿਰਕੂ ਬਿਆਨਾਂ ਖਿਲਾਫ ਰੋਸ ਮੁਜ਼ਾਹਰਾ



**ਸੰਗਰੂਰ (ਪ੍ਰਵੀਨ ਸਿੰਘ)**-ਸੰਗਰੂਰ ਦੀਆਂ ਜਨਤਕ ਜਮਹੂਰੀ, ਲੋਕ ਪੱਖੀ ਜਥੇਬੰਦਆਂ ਵੱਲੋਂ ਮੁਲਕ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਆਗੂਆਂ ਦੀਆਂ ਦੇਸ਼ ਨੂੰ ਧਰਮ ਦੇ ਅਧਾਰ 'ਤੇ ਫਿਰਕੂ ਵੰਡੀਆਂ ਪਾਉਣ, ਦੇਸ਼ ਦਾ ਧਰੁਵੀਕਰਨ ਕਰਨ, ਘੱਟ ਗਿਣਤੀਆਂ ਖਿਲਾਫ ਜ਼ਹਿਰ ਉਗਲਣ ਖਿਲਾਫ ਰੋਸ ਮੁਜ਼ਾਹਰਾ ਕੀਤਾ ਗਿਆ।ਇਹ ਸਦਭਾਵਨਾ ਦਾ ਸੁਨੇਹਾ ਵਿਖੇਰਦਾ ਰੋਸ ਮੁਜ਼ਾਹਰਾ ਬਨਾਸਰ ਬਾਗ ਵਿੱਚ ਭਰਵੀਂ ਰੈਲੀ ਕਰਨ ਉਪਰੰਤ ਕਾਫਲੇ ਦੇ ਰੂਪ ਵਿੱਚ ਬਜ਼ਾਰਾਂ ਵਿੱਚ ਹੁੰਦਾ ਹੋਇਆ ਫੈਰੂਮਾਨ ਚੌਕ ਪਹੁੰਚਿਆ, ਜਿੱਥੇ ਨਰਿੰਦਰ ਮੋਦੀ ਤੇ ਭਾਜਪਾ ਦੇ ਪੁਤਲੇ ਫੂਕੇ ਗਏ।ਸਥਾਨਕ ਬਨਾਸਰ ਬਾਗ਼ ਵਿੱਚ ਰੈਲੀ ਨੂੰ ਸੰਬੋਧਨ ਕਰਦਿਆਂ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਆਗੂ ਸਵਰਨਜੀਤ ਸਿੰਘ ਨੇ ਕਿਹਾ ਕਿ ਸੱਤਾ ਹਥਿਆਉਣ ਲਈ ਲੋਕਤੰਤਰ ਦਾ ਘਾਣ ਕਰਦਿਆਂ ਭਾਜਪਾ ਆਗੂਆਂ ਨੇ ਜਿਸ ਤਰ੍ਹਾਂ ਦੀ ਬਿਆਨਬਾਜ਼ੀ ਕੀਤੀ ਹੈ, ਉਹ ਅਸਹਿਣਯੋਗ ਤਾਂ ਹੈ ਹੀ, ਉਥੇ ਉਹ ਅਤਿ ਨਿੰਦਣਯੋਗ ਤੇ ਸਮਾਜਿਕ ਭਾਈਚਾਰੇ ਨੂੰ ਮਲੀਆਮੇਟ ਕਰਨ ਵਾਲੀ ਵੀ ਹੈ, ਅਸਲ ਵਿੱਚ ਭਾਜਪਾ ਇਹ ਸਭ ਕੁਝ ਬੇਰੁਜ਼ਗਾਰੀ, ਸਮਾਜਿਕ ਤੇ ਆਰਥਿਕ ਨਾ ਬਰਾਬਰੀ, ਅਸਮਾਨੀ ਛੋਹਦੀ ਮਹਿੰਗਾਈ, ਗੁਰਬਤ ਨਾਲ ਘੁਲ ਰਹੇ ਗਰੀਬ, ਮਰ ਰਹੀ ਕਿਸਾਨੀ ਤੇ ਸੰਘਰਸ਼ ਕਰਦਿਆਂ ਦੇ ਕਤਲ, ਜਲ ਰਿਹਾ ਮਨੀਪੁਰ ਆਦਿ ਤੋਂ ਧਿਆਨ ਹਟਾਉਣ ਲਈ ਕਰ ਰਹੀ ਹੈ।

ਰੈਲੀ ਨੂੰ ਸੰਬੋਧਨ ਕਰਦਿਆਂ ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਲਖਵੀਰ ਲੌਂਗੋਵਾਲ, ਕਿਰਤੀ ਕਿਸਾਨ ਯੂਨੀਅਨ ਦੇ ਦਰਸ਼ਨ ਕੂਨਰ, ਤਰਕਸ਼ੀਲ ਸੁਸਾਇਟੀ ਦੇ ਪਰਮਵੇਦ, ਕਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਧਰਮ ਪਾਲ ਨਮੋਲ, ਡੈਮੋਕ੍ਰੇਟਿਕ ਟੀਚਰਜ਼ ਫਰੰਟ (ਦਿਗਵਿਜੇ) ਦੇ ਜਸਵੀਰ ਨਮੋਲ, ਦੇਸ਼ ਭਗਤ ਯਾਦਗਾਰ ਦੇ ਬਲਵੀਰ ਲੌਂਗੋਵਾਲ, ਜੁਝਾਰ ਲੌਂਗੋਵਾਲ, ਟੈਕਨੀਕਲ ਤੇ ਮਕੈਨੀਕਲ ਇੰਪਲਾਈਜ਼ ਯੂਨੀਅਨ ਦੇ ਹਰਜੀਤ ਸਿੰਘ ਬਾਲੀਆ, ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ ਐੱਮ ਐੱਫ ਸਬੰਧਤ) ਦੇ ਸੁਖਵਿੰਦਰ ਗਿਰ, ਪਾਵਰਕਾਮ ਪੈਨਸ਼ਨਰਜ਼ ਯੂਨੀਅਨ ਦੇ ਜਗਦੇਵ ਸਿੰਘ ਬਾਹੀਆ, ਡੈਮੋਕ੍ਰੇਟਿਕ ਟੀਚਰਜ਼ ਫਰੰਟ ਨੌਜਵਾਨ ਭਾਰਤ ਸਭਾ ਦੇ ਸੁਖਦੀਪ ਹਥਨ, ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਦੇ ਗਵਿੰਦਰ ਮੰਗਵਾਲ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਕੁਲਦੀਪ ਜੋਸ਼ੀ, ਪੰਜਾਬ ਪੈਨਸ਼ਨਰਜ਼ ਐਸੋਸੀਏਸ਼ਨ ਦੇ ਜੀਤ ਸਿੰਘ ਢੀਂਡਸਾ, ਅਦਾਰਾ ਤਰਕਸ਼ ਦੇ ਇੰਨਜਿੰਦਰ ਖੀਵਾ, ਕੁੱਲ ਹਿੰਦ ਕਿਸਾਨ ਸਭਾ ਦੇ ਅਮਰੀਕ ਕਾਂਝਲਾ, ਪੀ ਐੱਸ ਯੂ (ਲਲਕਾਰ) ਦੇ ਅਮਨ, ਇਸਤਰੀ ਜਾਗਰਤੀ ਮੰਚ ਦੀ ਹਰਪ੍ਰੀਤ ਕੌਰ, ਕਿਸਾਨ ਸਭਾ ਦੇ ਲਛਮਣ ਅਲੀਸ਼ੇਰ, ਜਮਹੂਰੀ ਕਿਸਾਨ ਸਭਾ ਦੇ ਸਰਬਜੀਤ ਸਿੰਘ, ਜਮਾਤੀ ਇਨਸਾਫ ਦੇ ਅਬਦੁਲ ਸ਼ਕੂਰ, ਆਈ ਡੀ ਪੀ ਦੇ ਫਲਜੀਤ ਸਿੰਘ ਨੇ ਅਹਿਦ ਕੀਤਾ ਕਿ ਮੁਲਕ ਵਿੱਚ ਫਿਰਕੂ ਕੱਟੜ ਤੇ ਜਨੂੰਨੀ ਤਾਕਤਾਂ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ।ਰੈਲੀ ਵਿੱਚ ਉਪਰੋਕਤ ਤੋਂ ਇਲਾਵਾ ਵੱਖ ਵੱਖ ਜਥੇਬੰਦੀਆਂ ਦੇ ਸਰਵਸ੍ਰੀ ਲਾਲ ਚੰਦ, ਵਿਸ਼ਵਕਾਂਤ, ਅਮਰੀਕ ਖੋਖਰ, ਹਰਗੋਬਿੰਦ ਸ਼ੇਰਪੁਰ, ਗੁਰਚਰਨ ਕਾਂਝਲੀ, ਗੁਰਬਖਸ਼ੀਸ਼ ਬਰਾੜ, ਪ੍ਰਿੰਸੀਪਲ ਇਕਬਾਲ ਖੋਖਰ, ਚੰਦ ਸਿੰਘ ਧੂਰੀ, ਸੁਰਿੰਦਰ ਉਪਲੀ, ਸੀਤਾ ਰਾਮ, ਹਰਦੇਵ ਲੌਂਗੋਵਾਲ, ਚਮਕੌਰ ਸਿੰਘ ਮਹਿਲਾਂ, ਬਲਵਿੰਦਰ ਸੇਖੋਂ (ਰਿਟਾਇਰਡ ਡੀ ਐੱਸ ਪੀ) ਆਦਿ ਆਗੂ ਹਾਜ਼ਰ ਸਨ।ਇਸ ਮੌਕੇ ਕੁਲਵਿੰਦਰ ਬੰਟੀ ਤੇ ਗੁਰਵਿੰਦਰ ਨੇ ਇਨਕਲਾਬੀ ਗੀਤ ਪੇਸ਼ ਕੀਤੇ ਗਏ।

## ਲਾਲਾ ਲਾਜਪਤ ਰਾਏ ਦੇ ਜੱਦੀ ਘਰ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੇ ਨਾ ਪਹੁੰਚਣ 'ਤੇ ਅਗਰਵਾਲ ਭਾਈਚਾਰੇ 'ਚ ਰੋਸ : ਸੁਨੀਲ/ਕਮਲ

### ਹਲਵਾਰਾ 'ਚ ਬਣ ਰਹੇ ਹਵਾਈ ਅੱਡੇ ਦਾ ਨਾਂਅ ਲਾਲਾ ਜੀ ਨੂੰ ਸਮਰਪਤ ਕਰਨ ਦੀ ਮੰਗ



**ਜਗਰਾਉਂ (ਅਮਿਤ ਖੰਨਾ)**-ਅੱਜ ਤੱਕ ਕਿਸੇ ਪ੍ਰਧਾਨ ਮੰਤਰੀ ਜਾਂ ਮੁੱਖ ਮੰਤਰੀ ਨੇ ਸਨਾਤਨ ਧਰਮ ਦੇ ਥੰਮ ਪੰਜਾਬ ਦੇ ਬੱਬਰ ਸ਼ੇਰ ਲਾਲਾ ਲਾਜਪਤ ਰਾਏ ਅਗਰਵਾਲ ਦੇ ਜੱਦੀ ਘਰ ਜਾ ਕੇ ਲਾਲਾ ਨੂੰ ਸ਼ਰਧਾਂਜਲੀ ਭੇਟ ਕਰਨੀ ਮੁਨਾਸਬ ਨਹੀਂ ਸਮਝੀ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅਗਰਵਾਲ ਪਰਵਾਰ ਮਿਲਨ ਸੰਘ ਦੇ ਸੂਬਾ ਪ੍ਰਧਾਨ ਸੁਨੀਲ ਜੈਨ ਮਿੱਤਲ ਤੇ ਪਿਛਲੇ ਕਈ ਸਾਲਾਂ ਤੋਂ ਲਾਲਾ ਲਾਜਪਤ ਰਾਏ ਜੀ ਦੇ ਜੱਦੀ ਘਰ ਦੀ ਦੇਖ-ਰੇਖ ਕਰਨ ਵਾਲੀ ਸੰਸਥਾ ਸ੍ਰੀ ਅਗਰਸੈਨ ਕਮੇਟੀ ਜਗਰਾਉਂ ਅਗਰਵਾਲ ਸਮਾਜ ਦੇ ਪ੍ਰਧਾਨ ਕਮਲਦੀਪ ਬਾਂਸਲ ਨੇ ਕਰਦੇ ਕਿਹਾ ਕਿ ਪੰਜਾਬ ਕੇਸਰੀ ਲਾਲਾ ਲਾਜਪਤ ਰਾਏ ਦਾ ਜੱਦੀ ਘਰ ਲੁਧਿਆਣਾ ਦੇ ਇੱਕ ਛੋਟੇ ਜਿਹੇ ਕਸਬੇ ਜਗਰਾਉਂ ਵਿੱਚ ਸਥਿਤ ਹੈ, ਉਸ ਘਰ ਵਿੱਚ ਲਾਲਾ ਜੀ ਦੀਆਂ ਬੇਸ਼ਕੀਮਤੀ ਯਾਦਗਾਰਾਂ ਅੱਜ ਵੀ ਮੌਜੂਦ ਹਨ, ਪਰ ਦੇਸ਼ ਦਾ ਕੋਈ ਵੀ ਪ੍ਰਧਾਨ ਮੰਤਰੀ, ਮੁੱਖ ਮੰਤਰੀ ਤੇ ਕਿਸੇ ਵੀ ਰਾਸ਼ਟਰੀ ਪਾਰਟੀ ਦੇ ਪ੍ਰਧਾਨ ਨੇ ਲਾਲਾ ਲਾਜਪਤ ਰਾਏ ਦੇ ਜੱਦੀ ਘਰ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਨਾ ਤਾਂ ਦੂਰ ਉਨ੍ਹਾਂ ਦੇ ਘਰ ਜਾਣ ਦੀ ਕੋਸ਼ਿਸ਼ ਵੀ ਨਹੀਂ ਕੀਤੀ।ਇਸ ਨੂੰ ਲੈ ਕੇ ਅਗਰਵਾਲ ਭਾਈਚਾਰੇ 'ਚ ਰੋਸ ਹੈ। ਅਗਰਵਾਲ ਭਾਈਚਾਰੇ ਦੇ ਅਧਿਕਾਰੀਆਂ ਨੇ ਕਿਹਾ ਕਿ ਇਕੱਲੇ ਲੁਧਿਆਣਾ ਜ਼ਿਲ੍ਹੇ ਵਿੱਚ ਚਾਰ ਲੱਖ ਅਗਰਵਾਲ ਪਰਵਾਰ ਹਨ ਤੇ ਅਗਰਵਾਲ ਭਾਈਚਾਰੇ ਨੇ ਕਦੇ ਵੀ ਕਿਸੇ ਸਰਕਾਰ ਤੋਂ ਕੋਈ ਮੰਗ ਨਹੀਂ ਕੀਤੀ, ਸਗੋਂ ਹਮੇਸ਼ਾ ਸਮਾਜ ਨੂੰ ਬਣਦਾ ਮਾਣ-ਸਤਿਕਾਰ ਦੇਣ ਦੀ ਗੱਲ ਕੀਤੀ ਹੈ ਅਤੇ ਕੋਈ ਵੀ ਸਰਕਾਰ ਅਗਰਵਾਲ ਸਮਾਜ ਨੂੰ ਸਤਿਕਾਰ ਨਹੀਂ ਦੇ ਰਹੀ ਹੈ।

ਸੁਨੀਲ ਜੈਨ ਮਿੱਤਲ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਮੰਗ ਕੀਤੀ ਹੈ ਕਿ ਉਹ ਆਪਣੀ ਪੰਜਾਬ ਫੇਰੀ ਦੌਰਾਨ ਅਗਰਵਾਲ ਭਾਈਚਾਰੇ ਦੇ ਸ਼ਹੀਦ ਲਾਲਾ ਲਾਜਪਤ ਰਾਏ ਨੂੰ ਉਨ੍ਹਾਂ ਦੇ ਜੱਦੀ ਘਰ ਜਗਰਾਉਂ ਵਿਖੇ ਫੁੱਲ ਮਾਲਾਵਾਂ ਭੇਟ ਕਰਕੇ ਅਗਰਵਾਲ ਭਾਈਚਾਰੇ ਦੀ ਇਸ ਮੰਗ ਨੂੰ ਪੂਰਾ ਕਰਨ।ਹਲਵਾਰਾ ਵਿੱਚ ਬਣ ਰਹੇ ਹਵਾਈ ਅੱਡੇ ਦਾ ਨਾਂਅ ਵੀ ਸ਼ਹੀਦ ਲਾਲਾ ਲਾਜਪਤ ਰਾਏ ਜੀ ਦੇ ਨਾਂਅ 'ਤੇ ਰੱਖਿਆ ਜਾਵੇ।ਇਨ੍ਹਾਂ ਦੋਵਾਂ ਕੰਮਾਂ ਤੇ ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਕੋਈ ਵੱਖਰਾ ਖਰਚ ਨਹੀਂ ਹੋਵੇਗਾ।

## ਗੁਰਦੁਆਰਾ ਪ੍ਰਗਟ ਸਾਹਿਬ ਵਿਖੇ ਦੰਦਾਂ ਦਾ ਚੈੱਕਅਪ ਕੈਂਪ ਲਗਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਜੈਨੇਸਿਸ ਡੈਂਟਲ ਕਾਲਜ ਤੇ ਹਸਪਤਾਲ ਫ਼ਿਰੋਜ਼ਪੁਰ ਵੱਲੋਂ ਫ਼ਾਜ਼ਿਲਕਾ ਰੋਡ 'ਤੇ ਸਥਿਤ ਗੁਰਦੁਆਰਾ ਪ੍ਰਗਟ ਸਾਹਿਬ ਵਿਖੇ ਦੰਦਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ। ਜਾਣਕਾਰੀ ਦਿੰਦਿਆਂ ਪੀਆਰਓ ਰਣਜੀਤ ਸਿੰਘ ਨੇ ਦੱਸਿਆ ਕਿ ਇਸ ਕੈਂਪ ਵਿੱਚ 100 ਤੋਂ ਵੱਧ ਮਰੀਜ਼ਾਂ ਦੇ ਦੰਦਾਂ ਦੀ ਜਾਂਚ ਕੀਤੀ ਗਈ।ਇਸ ਮੌਕੇ ਦੰਦਾਂ ਦੇ ਮਾਹਰ ਡਾ. ਗਗਨ, ਡਾ. ਸਮ੍ਰਿਤੀ, ਡਾ. ਪਰਬਰਾ ਵੱਲੋਂ ਹਾਜ਼ਰ ਲੋਕਾਂ ਦੇ ਦੰਦਾਂ ਦੀ ਜਾਂਚ ਕੀਤੀ ਗਈ।ਇਸ ਮੌਕੇ ਡਾਕਟਰਾਂ ਨੇ ਦੱਸਿਆ ਕਿ ਦੰਦਾਂ ਨੂੰ ਸਾਫ਼ ਰੱਖਣਾ ਬਹੁਤ ਜ਼ਰੂਰੀ ਹੈ।ਗੰਦੇ ਦੰਦਾਂ ਨਾਲ ਨਾ ਸਿਰਫ ਸਾਹ 'ਚ ਬਦਬੂ ਆਉਂਦੀ ਹੈ, ਸਗੋਂ ਕਈ ਬੀਮਾਰੀਆਂ ਹੋਣ ਦਾ ਖਦਸ਼ਾ ਵੀ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਦੰਦਾਂ ਦੇ ਸੜਨ ਦੇ ਸਭ ਤੋਂ ਵੱਡੇ ਕਾਰਨ ਸਿਗਰਟਨੋਸ਼ੀ, ਸਮੇਂ ਸਿਰ ਬੁਰਸ਼ ਨਾ ਕਰਨਾ, ਖਾਣਾ ਖਾਣ ਤੋਂ ਬਾਅਦ ਗਾਰਗਲ ਨਾ ਕਰਨਾ, ਬੁਰਸ਼ ਦੀ ਸਹੀ ਵਰਤੋਂ ਨਾ ਕਰਨਾ, ਅਜਿਹੇ ਕਈ ਕਾਰਨ ਹਨ।ਇਸ ਮੌਕੇ ਪੀਆਰਓ ਰਣਜੀਤ ਸਿੰਘ, ਮਨਜੀਤ ਧਾਲੀਵਾਲ ਨੇ ਕੈਂਪ ਵਿੱਚ ਮੁਫ਼ਤ ਦਵਾਈਆਂ ਵੰਡੀਆਂ।ਅੰਤ ਵਿੱਚ ਬੀਐੱਸਟੀ ਪਬਲਿਕ ਸਕੂਲ ਅਲਫੂ ਦੇ ਪ੍ਰਿੰਸੀਪਲ ਸੁਰਜੀਤ ਸਿੰਘ ਨੇ ਕਾਲਜ ਸਟਾਫ਼ ਦਾ ਧੰਨਵਾਦ ਕੀਤਾ।

## 'ਆਪ' ਉਮੀਦਵਾਰ ਅਸ਼ੋਕ ਪੱਪੀ ਨੂੰ ਮਜ਼ਦੂਰਾਂ ਨੇ ਪੁੱਛੇ ਸਵਾਲ



**ਜਗਰਾਉਂ (ਸੰਜੀਵ ਅਰੋੜਾ)**-ਲੋਕ ਸਭਾ ਲੁਧਿਆਣਾ ਤੋਂ ਚੋਣ ਲੜ ਰਹੇ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਸ਼ੋਕ ਪਰਾਸ਼ਰ ਪੱਪੀ ਨੂੰ ਪੇਂਡੂ ਮਜ਼ਦੂਰ ਯੂਨੀਅਨ ਦੀ ਅਗਵਾਈ ਹੇਠ ਪਿੰਡ ਸਿੱਧਵਾਂ ਕਲਾਂ ਵਿਖੇ ਮਜ਼ਦੂਰਾਂ ਨੇ ਮਜ਼ਦੂਰ ਮੰਗਾਂ, ਮਸਲਿਆਂ ਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਦਲਿਤ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ 9 ਵਾਰੀ ਮੀਟਿੰਗ ਦਾ ਸਮਾਂ ਦੇ ਕੇ ਇੱਕ ਵਾਰ ਵੀ ਗੱਲਬਾਤ ਨਾ ਕਰਨ ਦਾ ਸਖ਼ਤ ਇਤਰਾਜ਼ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸਨਅਤਕਾਰਾਂ, ਇੰਡਸਟਰੀਲਿਸਟਾਂ, ਵਪਾਰੀਆਂ ਤੇ ਕਿਸਾਨ ਜਥੇਬੰਦੀਆਂ ਦੇ ਨੁਮਾਇੰਦਿਆਂ ਨੂੰ ਚੰਡੀਗੜ੍ਹ ਬੁਲਾ ਕੇ ਆਪ ਸਮੇਂ ਸਿਰ ਦਫ਼ਤਰ ਹਾਜ਼ਰ ਰਹਿ ਕੇ ਮੀਟਿੰਗਾਂ ਕਰਦੇ ਰਹਿੰਦੇ ਹਨ, ਪਰ ਦਲਿਤ ਸਮਾਜ ਨਾਲ ਸਬੰਧਤ ਬੇਜ਼ਮੀਨੇ ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੂੰ ਚੰਡੀਗੜ੍ਹ ਸੱਦ ਕੇ ਮਜ਼ਦੂਰ ਆਗੂਆਂ ਨੂੰ ਮਿਲਣ ਤੋਂ ਇਨਕਾਰ ਕਰ ਦਿੰਦੇ ਹਨ। ਇਸ ਮੌਕੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਰਸੂਲਪੁਰ ਨੇ ਮਜ਼ਦੂਰਾਂ ਦੇ ਮੰਗਾਂ ਮਸਲੇ ਵਿਸਤਾਰ ਨਾਲ ਪੇਸ਼ ਕਰਦਿਆਂ ਕਿਹਾ ਕਿ ਝਾੜੂ ਹਕੂਮਤ ਵੱਲੋਂ ਬਿਜਲੀ ਬਿੱਲ ਮੁਆਫੀ ਦੇ ਸਬੰਧ ਵਿੱਚ ਕੀਤੀ ਜਾਂਦੀ ਇਸ਼ਤਿਹਾਰਬਾਜ਼ੀ ਦੇ ਉਲਟ ਮਜ਼ਦੂਰਾਂ ਨੂੰ ਐੱਸਸੀ ਕੈਟਾਗਰੀ ਦੇ ਅਧਾਰ 'ਤੇ ਮਿਲਦੀ ਬਿਜਲੀ ਬਿੱਲ ਮੁਆਫੀ ਬੰਦ ਕਰ ਕੇ ਹਜ਼ਾਰਾਂ ਰੁਪਏ ਦੀਆਂ ਵੱਡੀਆਂ ਕਰਮਾਂ ਵਿੱਚ ਬਿਜਲੀ ਬਿੱਲ ਭੇਜ ਕੁਨੈਕਸ਼ਨ ਕੱਟੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲਾਲ ਲਕੀਰ ਵਿੱਚ ਆਉਂਦੇ ਰਿਹਾਇਸ਼ੀ ਘਰਾਂ ਨੂੰ ਅਜੇ ਤੱਕ ਮਾਲਕੀ ਹੱਕ ਨਹੀਂ ਦਿੱਤੇ ਗਏ। ਕੇਜਰੀਵਾਲ ਤੇ ਭਗਵੰਤ ਮਾਨ ਵੱਲੋਂ ਚੋਣ ਵਾਅਦੇ ਤੋਂ ਵੀ ਅੱਗੇ ਕੀਤੀ ਚੋਣ ਗਾਰੰਟੀ ਕਿ ਹਰ ਬਾਲਗ ਔਰਤ ਨੂੰ 1000 ਰੁਪਏ ਦਾ ਮਾਸਕ ਭੱਤਾ ਦਿੱਤਾ ਜਾਵੇਗਾ, ਦਾ ਕੀ ਬਣਿਆ? ਮਜ਼ਦੂਰਾਂ ਨੂੰ ਚੋਣ ਵਾਅਦੇ ਮੁਤਾਬਿਕ 10-10 ਮਰਲੇ ਦੇ ਰਿਹਾਇਸ਼ੀ ਪਲਾਟ ਕਿਉਂ ਨਹੀਂ ਦਿੱਤੇ ਜਾ ਰਹੇ?

ਮਨਰੇਗਾ ਦੀ ਦਿਹਾੜੀ ਦਿੱਲੀ ਰਾਜ ਦੇ ਬਰਾਬਰ ਕਿਉਂ ਨਹੀਂ ਕੀਤੀ ਜਾ ਰਹੀ ਤੇ ਕੰਮ ਕਾਨੂੰਨ ਅਨੁਸਾਰ 100 ਦਿਨ ਦੀ ਬਜਾਏ ਵੀਹ-ਪੱਚੀ ਦਿਨ ਹੀ ਕਿਉਂ ਦਿੱਤਾ ਜਾ ਰਿਹਾ। ਇਸ ਮੌਕੇ ਕੁਲਵੰਤ ਸਿੰਘ ਸੋਨੀ, ਬੂੜਾ ਸਿੰਘ, ਜਸਵੀਰ ਕੌਰ, ਕਿਰਨਜੀਤ ਕੌਰ, ਕੁਲਦੀਪ ਕੌਰ, ਪਾਲ ਕੌਰ, ਜੀਤ ਕੌਰ, ਜਸਵੀਰ ਕੌਰ ਤੇ ਅਮਰਜੀਤ ਕੌਰ ਆਦਿ ਹਾਜ਼ਰ ਸਨ।

## ਅੱਗ ਲੱਗਣ ਕਾਰਨ ਥਾਣੇ 'ਚ ਖੜੀਆਂ ਤਿੰਨ ਗੱਡੀਆਂ ਸੜੀਆਂ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਕਣਕ ਦੀ ਰਹਿੰਦ-ਖੂੰਹਦ ਨੂੰ ਲੱਗੀ ਅੱਗ ਕਾਰਨ ਥਾਣਾ ਖੇੜੀ ਨੌਧ ਸਿੰਘ ਵਿਖੇ ਖੜੀਆਂ ਤਿੰਨ ਗੱਡੀਆਂ ਦੇ ਬੁਰੀ ਤਰ੍ਹਾਂ ਸੜ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਖੇੜੀ ਨੌਧ ਸਿੰਘ ਦੇ ਪਿਛਲੇ ਪਾਸੇ ਖੇਤਾਂ 'ਚ ਕਿਸੇ ਵੱਲੋਂ ਕਣਕ ਦੇ ਰਹਿੰਦ ਖੂੰਹਦ ਨੂੰ ਅੱਗ ਲਗਾਈ ਗਈ ਸੀ, ਜੋ ਕਿ ਚੱਲੀਆਂ ਤੇਜ਼ ਹਵਾਵਾਂ ਕਾਰਨ ਕੁਝ ਹੀ ਸਮੇਂ 'ਚ ਥਾਣੇ ਦੇ ਅਹਾਤੇ ਤੱਕ ਪਹੁੰਚ ਗਈ।ਅੱਗ ਲੱਗਣ ਦੀ ਸੂਚਨਾ ਮਿਲਣ 'ਤੇ ਥਾਣੇ 'ਚ ਭਗਦੜ ਮੱਚ ਗਈ, ਜਿਸ 'ਤੇ ਆਮ ਲੋਕਾਂ ਤੇ ਪੁਲਸ ਕਰਮਚਾਰੀਆਂ ਨੇ ਬੜੀ ਮੁਸ਼ੱਕਤ ਕਰਕੇ ਅੱਗ ਨੂੰ ਹੋਰ ਅੱਗੇ ਵਧਣ ਤੋਂ ਰੋਕਿਆ।ਜਦੋਂ ਤੱਕ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਮੌਕੇ 'ਤੇ ਪਹੁੰਚੀਆਂ, ਉਦੋਂ ਤੱਕ ਤਾਂ ਥਾਣੇ ਦੇ ਅਹਾਤੇ 'ਚ ਖੜੀਆਂ ਤਿੰਨ ਗੱਡੀਆਂ ਜੋ ਕਿ ਪੁਲਸ ਵੱਲੋਂ ਵੱਖ-ਵੱਖ ਮਾਮਲਿਆਂ 'ਚ ਮਾਲ ਮੁਕੱਦਮਾ ਵਜੋਂ ਕਬਜ਼ੇ 'ਚ ਲਈਆਂ ਗਈਆਂ ਸਨ, ਅੱਗ ਨਾਲ ਬੁਰੀ ਤਰ੍ਹਾਂ ਸੜ ਗਈਆਂ।

ਇਸ ਹਾਦਸੇ ਕਿਸੇ ਕਿਸਮ ਦਾ ਜਾਨੀ ਨੁਕਸਾਨ ਹੋਣ ਤੋਂ ਬਚਾਅ ਰਿਹਾ।ਡਿਪਟੀ ਕਮਿਸ਼ਨਰ ਦੇ ਹੁਕਮਾਂ ਦੀ ਉਲੰਘਣਾ ਕਰਨ ਅਤੇ ਥਾਣੇ 'ਚ ਖੜੀ ਪਬਲਿਕ ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਥਾਣਾ ਖੇੜੀ ਨੌਧ ਸਿੰਘ ਦੀ ਪੁਲਸ ਵੱਲੋਂ ਨਾਮਾਲੂਮ ਵਿਅਕਤੀ ਵਿਰੁੱਧ ਅ/ਧ 435, 427, 188 ਆਈ.ਪੀ.ਸੀ. ਤੇ ਪ੍ਰੀਵੈਨਸ਼ਨ ਆਫ ਡੈਮੇਜ ਟੂ ਪਬਲਿਕ ਪ੍ਰਾਪਰਟੀ ਐਕਟ ਤਹਿਤ ਮੁਕੱਦਮਾ ਦਰਜ ਕਰਕੇ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

## ਵਿਆਹੁਤਾ ਦੀ ਕੁੱਟਮਾਰ ਕਰਕੇ ਘਰੋਂ ਕੱਢਿਆ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫਿਰੋਜ਼ਪੁਰ ਵਿਖੇ ਵਿਆਹੁਤਾ ਕੋਲੋਂ ਦਾਜ ਵਿੱਚ ਬਰੇਜ਼ਾ ਕਾਰ ਦੀ ਮੰਗ ਕਰਨ ਤੇ ਵਿਆਹੁਤਾ ਦੀ ਕੁੱਟਮਾਰ ਕਰਕੇ ਘਰੋਂ ਬਾਹਰ ਕੱਢਣ ਦੇ ਦੋਸ਼ ਵਿੱਚ ਥਾਣਾ ਮਹਿਲਾ ਫਿਰੋਜ਼ਪੁਰ ਪੁਲਸ ਨੇ ਵਿਆਹੁਤਾ ਦੇ ਸਹੁਰੇ ਪਰਿਵਾਰ ਦੇ ਦੋ ਮੈਂਬਰਾਂ ਖਿਲਾਫ 498-ਏ, 406 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਜਗਜੀਤ ਸਿੰਘ ਨੇ ਦੱਸਿਆ ਕਿ ਦਰਖਾਸਤ ਨੰਬਰ 166 ਪੀਸੀ ਰਾਹੀਂ ਅਨਮੋਲਪ੍ਰੀਤ ਕੌਰ ਪੁੱਤਰੀ ਬਲਜੀਤ ਸਿੰਘ ਵਾਸੀ ਪਿੰਡ ਕੱਖਾਂ ਵਾਲੀ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਹਾਲ ਮਾਰਫਤ ਸੁਰਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਚੱਕ ਭੰਗੇ ਵਾਲਾ ਨੇ ਦੱਸਿਆ ਕਿ ਉਸ ਦਾ ਵਿਆਹ ਗੁਰਬਿੰਦਰ ਸਿੰਘ ਪੁੱਤਰ ਅਜੈਬ ਸਿੰਘ ਵਾਸੀਅਨ ਪਿੰਡ ਗਾਦੜੀ ਵਾਲਾ ਨਾਲ 21 ਨਵੰਬਰ 2022 ਨੂੰ ਹੋਇਆ ਸੀ। ਵਿਆਹ ਦੇ ਸਮੇਂ ਉਸ ਦੇ ਮਾਤਾ-ਪਿਤਾ ਨੇ ਆਪਣੀ ਹੈਸੀਅਤ ਤੋਂ ਵੱਧ ਦਾਜ ਦਹੇਜ ਇਸਤਰੀ ਧਨ ਵਜੋਂ ਦਿੱਤਾ ਸੀ, ਪਰ ਦੋਸ਼ੀ ਇਸ ਤੋਂ ਖੁਸ਼ ਨਹੀਂ ਸਨ। ਅਨਮੋਲਪ੍ਰੀਤ ਕੌਰ ਨੇ ਦੱਸਿਆ ਕਿ ਦੋਸ਼ੀਆਨ ਗੁਰਬਿੰਦਰ ਸਿੰਘ ਤੇ ਉਸ ਦੀ ਸੱਸ ਕਰਮਜੀਤ ਕੌਰ, ਜੋ ਉਸ ਨੂੰ ਘੱਟ ਦਾਜ ਦਹੇਜ ਲਿਆਉਣ ਕਰਕੇ ਤੰਗ ਪ੍ਰੇਸ਼ਾਨ ਕਰਨ ਲੱਗੇ ਤੇ ਦਾਜ ਵਿੱਚ ਬਰੇਜ਼ਾ ਕਾਰ ਦੀ ਮੰਗ ਕਰਦੇ ਸਨ। ਅਨਮੋਲਪ੍ਰੀਤ ਕੌਰ ਨੇ ਦੱਸਿਆ ਕਿ ਉਸ ਵੱਲੋਂ ਇਨਕਾਰ ਕਰਨ 'ਤੇ ਉਸ ਨੂੰ ਕੁੱਟਮਾਰ ਕਰਕੇ ਘਰੋਂ ਕੱਢ ਦਿੱਤਾ ਤੇ ਉਸ ਦਾ ਇਸਤਰੀ ਧਨ ਖੁਰਦ-ਬੁਰਦ ਕਰ ਰਹੇ ਹਨ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਵਿਆਹੁਤਾ ਦੇ ਪਤੀ ਤੇ ਸੱਸ ਖਿਲਾਫ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ।

## ਭਾਜਪਾ ਉਮੀਦਵਾਰ ਨੇ ਲੰਬੀ 'ਚ ਖੋਲ੍ਹਿਆ ਚੋਣ ਦਫਤਰ, ਕਿਸਾਨਾਂ ਵੱਲੋਂ ਨਾਅਰੇਬਾਜ਼ੀ



**ਮਲੋਟ (ਗੁਰਮੀਤ ਸਿੰਘ ਮੱਕੜ)**

ਜਿਵੇਂ-ਜਿਵੇਂ ਲੋਕ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਰਾਜਨੀਤਕ ਪਾਰਟੀਆਂ ਸਰਗਰਮ ਹੋ ਰਹੀਆਂ ਹਨ। ਅੱਜ ਬਠਿੰਡਾ ਤੋਂ ਭਾਜਪਾ ਦੇ ਉਮੀਦਵਾਰ ਪਰਮਪਾਲ ਕੌਰ ਨੇ ਲੰਬੀ ਵਿਖੇ ਆਪਣਾ ਚੋਣ ਦਫਤਰ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਓਟ ਆਸਰਾ ਲੈ ਕੇ ਸ਼ੁਰੂ ਕੀਤਾ, ਉਥੇ ਹੀ ਕਿਸਾਨ ਜਥੇਬੰਦੀਆਂ ਵਿਰੋਧ ਕਰਨ ਵਾਸਤੇ ਪਹੁੰਚੀਆਂ। ਪੁਲਸ ਪ੍ਰਸ਼ਾਸਨ ਵੱਲੋਂ ਉਨ੍ਹਾਂ ਨੂੰ ਦਫਤਰ ਤੋਂ ਕੁੱਝ ਦੂਰੀ 'ਤੇ ਹੀ ਰੋਕ ਲਿਆ ਤੇ ਕਿਸਾਨਾਂ ਵੱਲੋਂ ਦਫਤਰ ਵੱਲ ਜਾਣ ਦੀ ਕੋਸ਼ਿਸ਼ ਕੀਤੀ ਗਈ। ਵਿਰੋਧ ਕਰਨ ਆਏ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਕਿਸਾਨਾਂ ਵੱਲੋਂ ਆਪਣੀਆਂ ਮੰਗਾਂ ਮਨਾਉਣ ਵਾਸਤੇ ਦਿੱਲੀ ਵੱਲ ਜਾ ਰਹੇ ਸਨ, ਉਦੋਂ ਹਰਿਆਣਾ ਸਰਕਾਰ ਨੇ ਕਿਸਾਨਾਂ 'ਤੇ ਤਸ਼ੱਦਦ ਕੀਤਾ ਸੀ। ਉਨ੍ਹਾਂ ਦਾ ਸਵਾਲ ਪੁੱਛਣ ਵਾਸਤੇ ਅੱਜ ਅਸੀਂ ਆਏ ਹਾਂ, ਪ੍ਰੰਤੂ ਸਾਨੂੰ ਪੁਲਸ ਨੇ ਬੈਰੀਗੇਟ ਲਗਾ ਕੇ ਇੱਥੇ ਹੀ ਰੋਕ ਲਿਆ। ਦੂਜੇ ਪਾਸੇ ਉਮੀਦਵਾਰ ਪਰਮਪਾਲ ਕੌਰ ਨੇ ਕਿਹਾ ਕਿ ਭਾਜਪਾ ਦੀ ਲਹਿਰ ਤੋਂ ਘਬਰਾ ਕੇ ਦੂਜੀਆਂ ਪਾਰਟੀਆਂ ਇਹੋ ਅਜਿਹੀਆਂ ਸ਼ਰਾਰਤਾਂ ਕਰਵਾ ਰਹੀਆਂ ਹਨ। ਉਨ੍ਹਾ ਕਿਹਾ ਕਿ ਇਹ ਕਿਸਾਨਾਂ ਦਾ ਵਿਰੋਧ ਨਹੀਂ ਦੂਜੀਆਂ ਪਾਰਟੀਆਂ ਦੀ ਘਬਰਾਹਟ ਹੈ। ਉਨ੍ਹਾ ਕਿਹਾ ਕਿ ਮੈਨੂੰ ਲੰਬੀ ਆਉਣ ਵਾਸਤੇ ਵੀ ਅਧਿਕਾਰੀਆਂ ਵੱਲੋਂ ਤੇ ਦੂਜੀਆਂ ਪਾਰਟੀਆਂ ਵੱਲੋਂ ਰੋਕਿਆ ਜਾ ਰਿਹਾ ਸੀ।

## ਹਰਸਿਮਰਤ ਬਾਦਲ ਨੇ ਰਾਮ ਸਿੰਘ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ



**ਮਲੋਟ (ਗੁਰਮੀਤ ਸਿੰਘ ਮੱਕੜ)**-ਨਗਰ ਕੌਂਸਲ ਦੇ ਚਾਰ ਵਾਰ ਪ੍ਰਧਾਨ ਰਹੇ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦੇ ਸੀਨੀਅਰ ਆਗੂ ਰਾਮ ਸਿੰਘ ਆਰੇਵਾਲਾ ਦੀ ਅਚਾਨਕ ਹੋਈ ਮੌਤ 'ਤੇ ਦੁੱਖ ਪ੍ਰਗਟ ਕਰਨ ਲਈ ਅੱਜ ਹਲਕਾ ਬਠਿੰਡਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਹਰਸਿਮਰਤ ਕੌਰ ਬਾਦਲ ਉਨ੍ਹਾਂ ਦੇ ਗ੍ਰਹਿ ਮਲੋਟ ਵਿਖੇ ਦੁੱਖ ਪ੍ਰਗਟ ਕਰਨ ਲਈ ਪਹੁੰਚੇ। ਉਨ੍ਹਾ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਆਏ ਸੀਨੀਅਰ ਆਗੂ ਤੇਜਿੰਦਰ ਸਿੰਘ ਮਿੱਡੂਖੇੜਾ ਨੇ ਦੱਸਿਆ ਕਿ ਰਾਮ ਸਿੰਘ ਨਿਧੜਕ ਤੇ ਨਿੱਡਰ ਵਰਕਰ ਸਨ, ਜਿਨ੍ਹਾਂ ਨੇ ਲੰਮਾ ਸਮਾਂ ਪਾਰਟੀ ਦੀ ਸੇਵਾ ਕੀਤੀ ਤੇ ਅੱਜ ਉਨ੍ਹਾਂ ਦੇ ਚੱਲੇ ਜਾਣ ਨਾਲ ਪਾਰਟੀ ਨੂੰ ਬਹੁਤ ਵੱਡਾ ਘਾਟਾ ਪਿਆ ਹੈ, ਜੋ ਕਦੇ ਪੂਰਾ ਨਹੀਂ ਕੀਤਾ ਜਾ ਸਕਦਾ।

## ਸਿੱਖਿਆ ਮਨੁੱਖ ਦਾ ਅਜਿਹਾ ਗਹਿਣਾ, ਜੋ ਕਦੀ ਚੋਰੀ ਨਹੀਂ ਹੋ ਸਕਦਾ : ਡਾ. ਰਹਿਮਾਨ



**ਮਾਲੇਰਕੋਟਲਾ (ਅਸਗਰ ਪਰਿਹਾਰ)**-'ਵਿੱਦਿਆ ਮਨੁੱਖ ਲਈ ਬਹੁਤ ਜ਼ਰੂਰੀ ਹੈ, ਇਸ ਨਾਲ ਮਨੁੱਖ ਦੀ ਸੋਚ 'ਚ ਤਬਦੀਲੀ ਆਉਂਦੀ ਹੈ, ਜੋ ਉਸ ਨੂੰ ਮਾੜੇ ਤੇ ਚੰਗੇ ਦੀ ਪਛਾਣ ਕਰਾਉਂਦੀ ਹੈ। ਇਸ 'ਚ ਵਿੱਦਿਆ ਦੀ ਮਹੱਤਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਆਖਰੀ ਨਬੀ ਹਜ਼ਰਤ ਮੁਹੰਮਦ ਸਾਹਿਬ ਨੇ ਫਰਮਾਇਆ ਸੀ ਕਿ ਜਨਮ ਤੋਂ ਲੈ ਕੇ ਮਰਨ ਤੱਕ ਸਿੱਖਦੇ ਰਹੋ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਮਾਲੇਰਕੋਟਲਾ ਦੇ ਵਿਧਾਇਕ ਡਾ. ਮੁਹੰਮਦ ਜਮੀਲ ਉਰ ਰਹਿਮਾਨ ਨੇ ਲੈਕਚਾਰਾਰ ਮੁਹੰਮਦ ਅਖਲਾਕ ਕੈਫੀ ਦੀ ਸਥਾਨਕ ਇੰਪਾਇਰ ਹੋਟਲ 'ਚ ਹੋਈ ਰਿਟਾਇਰਮੈਂਟ ਪਾਰਟੀ ਮੌਕੇ ਸੰਬੋਧਨ ਕਰਦਿਆਂ ਕੀਤਾ। ਉਨ੍ਹਾ ਕਿਹਾ ਕਿ ਵਿੱਦਿਆ ਇੱਕ ਅਜਿਹਾ ਗਹਿਣਾ ਹੈ, ਜੋ ਕਦੀ ਚੋਰੀ ਨਹੀਂ ਹੋ ਸਕਦਾ। ਇਸ ਮੌਕੇ ਮੁਹੰਮਦ ਅਯਾਜ਼ ਈ. ਓ. ਹਰਿਆਣਾ ਵਕਫ ਬੋਰਡ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਜੀ ਆਇਆਂ ਕਿਹਾ। ਉੱਘੇ ਉਦਯੋਗਪਤੀ ਮੁਹੰਮਦ ਉਵੈਸ ਐੱਮ. ਡੀ. ਸਟਾਰ ਇੰਪੈਕਟ ਨੇ ਕਿਹਾ ਕਿ ਕੁਰਆਨ ਅੰਦਰ ਵੀ ਸਿੱਖਿਆ ਦੀ ਮਹੱਤਤਾ 'ਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਉਨ੍ਹਾ ਕਿਹਾ ਕਿ ਇੱਕ ਚੰਗਾ ਅਧਿਆਪਕ ਆਪਣੇ ਸ਼ਾਗਿਰਦਾਂ 'ਚ ਹਮੇਸ਼ਾ ਚੰਗੇ ਗੁਣ ਪੈਦਾ ਕਰਦਾ ਹੈ। ਉਨ੍ਹਾ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਉਨ੍ਹਾਂ ਨੂੰ ਵਧੀਆ ਮਨੁੱਖ ਬਣਾਵੇ। ਇੱਕ ਚੰਗਾ ਅਧਿਆਪਕ ਬਹੁਤ ਹੀ ਨਿਮਰ ਸੁਭਾਅ ਦਾ ਹੁੰਦਾ ਹੈ। ਸ੍ਰੀ ਉਵੈਸ ਨੇ ਕਿਹਾ ਕਿ ਲੈਕਚਰਾਰ ਅਖਲਾਕ ਕੈਫੀ ਇੱਕ ਮਿਹਨਤੀ, ਸੂਝਵਾਨ ਤੇ ਯੋਗ ਅਧਿਆਪਕ ਹਨ, ਜੋ ਬੱਚਿਆਂ ਨੂੰ ਆਪਣੇ ਬੱਚਿਆਂ ਵਾਂਗ ਪੜ੍ਹਾਉਂਦੇ ਹਨ। ਉਨ੍ਹਾਂ ਵੱਲੋਂ ਸਕੂਲ ਨੂੰ ਦਿੱਤੀਆਂ ਸੇਵਾਵਾਂ ਸ਼ਲਾਘਾਯੋਗ ਹਨ। ਚੌਧਰੀ ਅਬਦੁਲ ਗੱਫਾਰ ਸਾਬਕਾ ਸਿੱਖਿਆ ਮੰਤਰੀ ਨੇ ਕਿਹਾ ਕਿ ਸਿੱਖਿਆ ਸਾਡੇ ਲਈ ਤਰੱਕੀ ਦੇ ਦਰਵਾਜ਼ੇ ਖੋਲ੍ਹਦੀ ਹੈ। ਇਸ ਨਾਲ ਮਨੁੱਖ ਦੀ ਸੋਚ 'ਚ ਬਹੁਤ ਵੱਡਾ ਪਰਿਵਰਤਨ ਆਉਂਦਾ ਹੈ। ਅਧਿਆਪਕ ਇੱਕ ਮੋਮਬੱਤੀ ਵਾਂਗ ਆਪ ਪਿਘਲ ਕੇ ਰੌਸ਼ਨੀ ਵੰਡਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਨਾਬ ਮੁਹੰਮਦ ਖਲੀਲ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ (ਐਲੀ) ਮਾਲੇਰਕੋਟਲਾ, ਹਰਦੇਵ ਸਿੰਘ ਜਵੰਧਾ ਸਰਪ੍ਰਸਤ ਅਧਿਆਪਕ ਦਲ ਪੰਜਾਬ, ਸ਼ਮਸ਼ਾਦ ਅਲੀ ਸਾਬਕਾ ਮੈਂਬਰ ਐੱਸ. ਐੱਸ. ਬੋਰਡ, ਮੁੱਖ ਅਧਿਆਪਕ ਸੱਜਾਦ ਅਲੀ ਗੋਰੀਆ, ਮੁਹੰਮਦ ਨਜ਼ੀਰ ਪ੍ਰਧਾਨ ਜਮਾਤ-ਏ-ਇਸਲਾਮੀ ਹਿੰਦ ਪੰਜਾਬ, ਐਡਵੋਕੈਟ ਜਾਵੇਦ ਫਾਰੂਕੀ, ਪ੍ਰਿੰਸੀਪਲ ਅਜੈ ਸ਼ਰਮਾ, ਪ੍ਰਿੰਸੀਪਲ ਮੈਡਮ ਮਨੂੰ, ਲੈਕਚਰਾਰ ਮੁਹੰਮਦ ਮੁਸਤਫਾ, ਹੈੱਡਮਾਸਟਰ ਮੁਹੰਮਦ ਜਾਹਿਦ ਸ਼ਫੀਕ, ਚੈਕਚਰਾਰ ਮੁਹੰਮਦ ਦਿਲਸ਼ਾਦ, ਮੁਹੰਮਦ ਅਯਾਜ਼ ਐਡਵੋਕੈਟ, ਨੈਸ਼ਨਲ ਹਿਊਮਨ ਰਾਇਟਸ (ਸੋਸ਼ਲ ਜਸਟਿਸ ਕੌਂਸਲ) ਦੇ ਸੂਬਾ ਜਨਰਲ ਸਕੱਤਰ ਐੱਮ ਅਨਵਾਰ ਅੰਜੁਮ, ਮਾਸਟਰ ਜਸਵਿੰਦਰ ਸਿੰਘ, ਕੁਲਵੰਤ ਸਿੰਘ, ਮਾਸਟਰ ਮੁਹੰਮਦ ਮੁਸ਼ਤਾਕ ਨੇ ਵੀ ਸੰਬੋਧਨ ਕੀਤਾ। ਸਟੇਜ ਦੀ ਕਾਰਵਾਈ ਪ੍ਰਸਿੱਧ ਕਵੀ ਮੁਕੱਰਮ ਸੈਫੀ ਤੇ ਲੈਕਚਰਾਰ ਮੁਹੰਮਦ ਇਸ਼ਤਿਆਕ ਨੇ ਸਾਂਝੇ ਤੌਰ 'ਤੇ ਚਲਾਈ। ਲੈਕਚਰਾਰ ਅਖਲਾਕ ਕੈਫੀ ਨੇ ਸਾਰੇ ਮਹਿਮਾਨਾਂ ਦਾ ਉਨ੍ਹਾਂ ਨੂੰ ਮਾਣ ਤੇ ਸਤਿਕਾਰ ਦੇਣ ਲਈ ਧੰਨਵਾਦ ਕਰਦਿਆਂ ਅਧਿਆਪਕ ਸਮੇਂ ਦੌਰਾਨ ਆਪਣੇ ਤਜਰਬਿਆਂ ਨੂੰ ਸਾਂਝਾ ਕੀਤਾ। ਇਸ ਮੌਕੇ ਹਾਜ਼ਰ ਅਧਿਆਪਕਾਂ, ਮਹਿਮਾਨਾਂ, ਲੈਕਚਰਾਰਾਂ, ਮੁੱਖ ਅਧਿਆਪਕਾਂ ਤੇ ਹੋਰ ਸਮਾਜ ਸੇਵੀ ਤੇ ਪਤਵੰਤਿਆਂ ਨੇ ਤੋਹਫੇ ਦੇ ਕੇ ਅਖਲਾਕ ਕੈਫੀ ਨੂੰ ਸਨਮਾਨਤ ਕੀਤਾ। ਅੰਤ 'ਚ ਮੁਅੱਜ਼ਮ ਸੈਫੀ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

## ਸੇਖੋਂ ਨੇ ਪਿੰਗਲਵਾੜਾ 'ਚ ਮਨਾਇਆ ਜਨਮ ਦਿਨ



**ਸੰਗਰੂਰ (ਪ੍ਰਵੀਨ ਸਿੰਘ)**-ਸਮਾਜ ਸੇਵਾ ਤੇ ਰਾਜਸੀ ਆਗੂ ਜਸਵੀਰ ਸਿੰਘ ਸੇਖੋਂ ਨੇ ਆਪਣਾ ਜਨਮ ਦਿਨ ਡਾ. ਇੰਦਰਜੀਤ ਕੌਰ ਦੀ ਸਰਪ੍ਰਸਤੀ ਤੇ ਤਰਲੋਚਨ ਸਿੰਘ ਚੀਮਾ ਦੀ ਰਹਿਨੁਮਾਈ ਹੇਠ ਸਥਾਪਤ ਸਥਾਨਕ ਧੂਰੀ ਰੋਡ ਸਿਥਤ ਪਿੰਗਲਵਾੜਾ ਸ਼ਾਖਾ ਵਿਖੇ ਮਨਾਇਆ।ਉਨ੍ਹਾ ਨਾਲ ਪ੍ਰਸਿੱਧ ਸਮਾਜ ਸੇਵੀ ਡਾ: ਜਗਦੀਪ ਸਿੰਘ ਜੈਨਪੁਰ, ਗੁਰਿਵੰਦਰ ਸਿੰਘ ਸੋਹੀ, ਹਰਪ੍ਰੀਤ ਸਿੰਘ ਮੀਮਸਾ ਆਦਿ ਨੇ ਵਾਰਡ ਦੇ ਮਰੀਜ਼ਾਂ ਨਾਲ ਕੇਕ ਕੱਟ ਕੇ ਖੁਸ਼ੀ ਮਨਾਈ।ਉਪਰੰਤ ਸੁਰਿੰਦਰ ਪਾਲ ਸਿੰਘ ਸਿਦਕੀ ਦੀ ਅਗਵਾਈ ਵਿੱਚ ਸ਼ਾਖ਼ਾ ਦੇ ਵੱਖ ਵੱਖ ਵਾਰਡਾਂ ਦਾ ਦੌਰਾ ਕੀਤਾ ਤੇ ਪ੍ਰਬੰਧਕਾਂ ਵੱਲੋਂ ਕੀਤੀ ਜਾ ਰਹੀ ਸੇਵਾ ਸੰਭਾਲ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਪਿੰਗਲਵਾੜਾ ਪਰਵਾਰ ਨਾਲ ਜਨਮ ਦਿਨ ਮਨਾਉਣ 'ਤੇ ਅਤਿਅੰਤ ਪ੍ਰਸੰਨਤਾ ਹੋਈ ਹੈ ਤੇ ਸਾਨੂੰ ਸਾਰਿਆਂ ਨੂੰ ਆਪਣੀਆਂ ਖੁਸ਼ੀਆਂ ਅਜਿਹੇ ਲੋਕਾਂ ਨਾਲ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ, ਜਿਸ ਨਾਲ ਇਨ੍ਹਾਂ ਨੂੰ ਵੀ ਖੁਸ਼ੀ ਤੇ ਸਕੂਨ ਮਿਲਦਾ ਹੈ।ਇਸ ਮੌਕੇ ਸ਼ਾਖਾ ਪ੍ਰਬੰਧਕ ਹੈੱਡ ਮਾਸਟਰ ਮੁਖਿਤਆਰ ਸਿੰਘ, ਮਾਸਟਰ ਸਤਪਾਲ ਸ਼ਰਮਾ ਤੇ ਸੁਰਿੰਦਰ ਪਾਲ ਸਿੰਘ ਸਿਦਕੀ ਨੇ ਜਸਵੀਰ ਸਿੰਘ ਸੇਖੋਂ ਨੂੰ ਸਨਮਾਨਤ ਕੀਤਾ।

## ਦੇਸ਼ ਭਗਤ ਯੂਨੀਵਰਸਿਟੀ ਵੱਲੋਂ ਸਪਤ ਸਿੰਧੂ ਸੱਭਿਅਤਾ ਬਾਰੇ ਵਰਕਸ਼ਾਪ



**ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਦੇ ਸਮਾਜਿਕ ਵਿਗਿਆਨ ਤੇ ਭਾਸ਼ਾਵਾਂ ਦੀ ਫੈਕਲਟੀ ਵੱਲੋਂ ਸਪਤ ਸਿੰਧੂ ਸੱਭਿਅਤਾ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦੀ ਗਿਆਨ ਭਰਪੂਰ ਵਰਕਸ਼ਾਪ ਕਰਾਈ ਗਈ। ਇਸ ਵਰਕਸ਼ਾਪ ਵਿੱਚ ਸਾਡੀ ਸੱਭਿਅਤਾ ਦੀਆਂ ਪ੍ਰਾਚੀਨ ਜੜ੍ਹਾਂ ਦੀ ਪੜਚੋਲ ਕਰਨ, ਸਿੰਧੂ ਘਾਟੀ ਵੱਲ ਵਾਪਸ ਜਾਣ, ਸਮਕਾਲੀ ਸੰਸਾਰ ਵਿੱਚ ਇਸਦੀ ਮਹੱਤਤਾ ਨੂੰ ਸਮਝਣ ਬਾਰੇ ਗੱਲਾਂ ਸਾਹਮਣੇ ਆਈਆਂ। ਵਰਕਸ਼ਾਪ ਦੀ ਸ਼ੁਰੂਆਤ ਫੈਕਲਟੀ ਦੇ ਡਾਇਰੈਕਟਰ ਡਾ. ਦਵਿੰਦਰ ਕੁਮਾਰ ਨੇ ਮੁੱਖ ਮਹਿਮਾਨ, ਦੇਸ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਤੇ ਹਾਜ਼ਰੀਨ ਦਾ ਸੁਆਗਤ ਕੀਤਾ। ਉਨ੍ਹਾਂ ਸਪਤ ਸਿੰਧੂ ਦੀ ਅਮੀਰ ਸੱਭਿਆਚਾਰਕ ਵਿਰਾਸਤ ਤੇ ਸਮੂਹਿਕ ਪਛਾਣ ਦੀ ਮਹੱਤਤਾ ਬਾਰੇ ਚਾਨਣਾ ਪਾਇਆ।

ਇਸ ਮੌਕੇ ਡਾ: ਵਰਿੰਦਰ ਗਰਗ, ਐਮ.ਡੀ. (ਰੇਡੀਓਲੋਜੀ) ਤੇ ਓਐਸਡੀ ਟੂ ਪ੍ਰੈਜ਼ੀਡੈਂਟ ਪੀਜੀਆਈ, ਚੰਡੀਗੜ੍ਹ ਨੇ ਵਿਸ਼ੇਸ਼ ਸਰੋਤ ਵਿਅਕਤੀ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਸਪਤ ਸਿੰਧੂ ਦੇ ਰਹੱਸਾਂ 'ਤੇ ਰੌਸ਼ਨੀ ਪਾਈ ਅਤੇ ਬਸਤੀਵਾਦੀ ਪ੍ਰਸ਼ਾਸਕਾਂ ਦੁਆਰਾ ਕੀਤੀ ਗਈ ਹੇਰਾਫੇਰੀ ਤੋਂ ਵਿਸਥਾਰ ਵਿੱਚ ਜਾਣੂ ਕਰਾਇਆ। ਉਨ੍ਹਾਂ ਦੱਸਿਆ ਕਿ ਸਪਤ ਸਿੰਧੂ ਖੇਤਰ ਜਿਸ ਨੂੰ ਸਭਿਅਤਾ ਦੇ ਪੰਘੂੜੇ ਵਜੋਂ ਜਾਣਿਆ ਜਾਂਦਾ ਹੈ, ਹਜ਼ਾਰਾਂ ਸਾਲਾਂ ਦੇ ਰਹੱਸਾਂ ਨੂੰ ਆਪਣੇ ਕਲਾਵੇ ਵਿੱਚ ਰੱਖਦਾ ਹੈ। ਇਹ ਸਾਡੇ ਲੋਕਾਂ ਦੇ ਲਚਕੀਲੇਪਣ ਦਾ ਪ੍ਰਮਾਣ ਹੈ ਕਿ ਸਮੇਂ ਦੇ ਵਿਨਾਸ਼ ਤੇ ਇਤਿਹਾਸ ਦੇ ਉਤਰਾਅ-ਚੜ੍ਹਾਅ ਦੇ ਬਾਵਜੂਦ, ਸਪਤ ਸਿੰਧੂ ਦੀ ਭਾਵਨਾ ਬਰਕਰਾਰ ਹੈ। ਮੁੱਖ ਮਹਿਮਾਨ ਡਾ. ਜ਼ੋਰਾ ਸਿੰਘ ਚਾਂਸਲਰ, ਦੇਸ਼ ਭਗਤ ਯੂਨੀਵਰਸਿਟੀ ਨੇ ਆਪਣੇ ਸੰਬੋਧਨ ਵਿੱਚ ਅਜਿਹੀ ਵਰਕਸ਼ਾਪ ਦੇ ਆਯੋਜਨ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਉਨ੍ਹਾਂ ਨੇ ਹਾਜ਼ਰੀਨ ਨੂੰ ਅਪੀਲ ਕੀਤੀ ਕਿ ਗਿਆਨ ਦੇ ਰਖਵਾਲੇ ਅਤੇ ਸਾਡੇ ਸੱਭਿਆਚਾਰਕ ਵਿਰਸੇ ਦੇ ਸਰਪ੍ਰਸਤ ਹੋਣ ਦੇ ਨਾਤੇ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਇਤਿਹਾਸ ਨੂੰ ਘੋਖੀਏ ਅਤੇ ਆਪਣੇ ਪੁਰਖਿਆਂ ਦੀਆਂ ਕਹਾਣੀਆਂ ਨੂੰ ਉਜਾਗਰ ਕਰੀਏ। ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ ਨੇ ਵੀ ਸਪਤ ਸਿੰਧੂ ਸਭਿਅਤਾ ਦੀ ਮਹੱਤਤਾ 'ਤੇ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਵੀ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਦੀ ਲੋੜ 'ਤੇ ਜ਼ੋਰ ਦਿੱਤਾ। ਡਾ. ਧਰਮਿੰਦਰ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕਰਦੇ ਹੋਏ ਰਿਸੋਰਸ ਪਰਸਨ ਤੇ ਸਮੂਹ ਪਤਵੰਤਿਆਂ ਤੇ ਹਾਜ਼ਰੀਨ ਦਾ ਧੰਨਵਾਦ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਇਹ ਵਰਕਸ਼ਾਪ ਸੱਭਿਆਚਾਰਕ ਜਾਗਰੂਕਤਾ ਅਤੇ ਇਤਿਹਾਸਕ ਸਮਝ ਨੂੰ ਉਤਸ਼ਾਹਤ ਕਰਨ, ਅਕਾਦਮਿਕ ਉੱਤਮਤਾ ਅਤੇ ਸੱਭਿਆਚਾਰਕ ਸੰਭਾਲ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕਰਨ ਲਈ ਮਹੱਤਵਪੂਰਨ ਕਦਮ ਸਾਬਤ ਹੋਵੇਗੀ। ਇਸ ਮੌਕੇ ਪਤਵੰਤਿਆਂ ਵੱਲੋਂ ਡਾ. ਧਰਮਿੰਦਰ ਸਿੰਘ ਦੁਆਰਾ ਲਿਖੀ ਪੁਸਤਕ ਲੋਕਧਾਰਾ ਨੂੰ ਰਿਲੀਜ਼ ਕੀਤਾ ਗਿਆ।

## ਰਾਜਾ ਵੜਿੰਗ ਵੱਲੋਂ ਕਾਂਗਰਸੀ ਸਰਪੰਚਾਂ, ਪੰਚਾਂ, ਵਰਕਰਾਂ ਤੇ ਕੌਂਸਲਰਾਂ ਨਾਲ ਮੀਟਿੰਗ



**ਜਗਰਾਉਂ (ਸੰਜੀਵ ਅਰੋੜਾ)**-ਲੋਕ ਸਭਾ ਹਲਕਾ ਲੁਧਿਆਣਾ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਹਲਕਾ ਇੰਚਾਰਜ ਜਗਤਾਰ ਸਿੰਘ ਜੱਗਾ ਹਿੱਸੋਵਾਲ, ਜ਼ਿਲ੍ਹਾ ਦਿਹਾਤੀ ਪ੍ਰਧਾਨ ਮੇਜਰ ਸਿੰਘ ਮੁੱਲਾਂਪੁਰ, ਸਾਬਕਾ ਪ੍ਰਧਾਨ ਸੋਨੀ ਗਾਲਿਬ ਤੇ ਸਾਬਕਾ ਚੇਅਰਮੈਨ ਸਤਿੰਦਰਪਾਲ ਸਿੰਘ ਕਾਕਾ ਗਰੇਵਾਲ ਦੀ ਅਗਵਾਈ 'ਚ ਪੰਚਾਂ, ਸਰਪੰਚਾਂ, ਵਰਕਰਾਂ ਤੇ ਕੌਂਸਲਰਾਂ ਦੀ ਰੱਖੀ ਮੀਟਿੰਗ ਨੂੰ ਸੰਬੋਧਨ ਕੀਤਾ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਰਾਜਾ ਵੜਿੰਗ ਨੂੰ ਭਰੋਸਾ ਦੁਆਇਆ ਕਿ ਉਹ ਤੁਹਾਨੂੰ ਵਿਧਾਨ ਸਭਾ ਹਲਕਾ ਜਗਰਾਉਂ ਤੋਂ ਵੱਡੀ ਲੀਡ ਨਾਲ ਜਿਤਾਉਣਗੇ। ਜਿਹੜੇ ਪੰਚ, ਸਰਪੰਚ, ਵਰਕਰ ਤੇ ਕੌਂਸਲਰ ਅੱਜ ਦੀ ਮੀਟਿੰਗ 'ਚ ਪਹੁੰਚੇ ਹਨ, ਉਹ ਪਾਰਟੀ ਦੇ ਜੁਝਾਰੂ ਵਰਕਰ ਹਨ, ਜਿਹੜੇ ਦਿਨ-ਰਾਤ ਪਾਰਟੀ ਲਈ ਮਿਹਨਤ ਕਰਦੇ ਹਨ। ਇਨ੍ਹਾਂ ਦੇ ਮੋਢਿਆਂ 'ਤੇ ਹੀ ਚੋਣਾਂ ਜਿੱਤੀਆਂ ਜਾ ਸਕਦੀਆਂ।

ਇਸ ਮੌਕੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵਰਕਰਾਂ ਨੂੰ ਸੰਬੋਧਨ ਹੁੰਦਿਆਂ ਜਿੱਥੇ ਜੋਸ਼ ਭਰਿਆ, ਉਥੇ ਆਖਿਆ ਕਿ ਇਹ ਚੋਣ ਤੁਹਾਡੇ ਆਪਣੀ ਚੋਣ ਹੈ, ਤੁਸੀਂ ਡੱਟ ਕੇ ਲੱਗ ਜਾਓ ਤੇ ਵੱਡੀ ਲੀਡ ਨਾਲ ਜਿਤਾਓ। ਉਨ੍ਹਾ ਆਮ ਆਦਮੀ ਪਾਰਟੀ 'ਤੇ ਵਰ੍ਹਦਿਆਂ ਆਖਿਆ ਕਿ ਲੋਕਾਂ ਦਾ ਮੌਜੂਦਾ ਸਰਕਾਰ ਤੋਂ ਮੋਹ ਭੰਗ ਹੋ ਚੁੱਕਾ ਹੈ ਤੇ ਪਿੰਡਾਂ ਅੰਦਰ ਲੋਕ ਉਮੀਦਵਾਰਾਂ ਨੂੰ ਘੇਰ-ਘੇਰ ਸਵਾਲ ਪੁੱਛ ਰਹੇ ਹਨ। ਉਨ੍ਹਾ ਭਾਜਪਾ ਉਮੀਦਵਾਰ ਬਿੱਟੂ 'ਤੇ ਵੀ ਜੰਮ ਕੇ ਭੜਾਸ ਕੱਢਦਿਆਂ ਆਖਿਆ ਕਿ ਇਹ ਉਹ ਇਨਸਾਨ ਹੈ, ਜਿਸ ਨੇ ਹਮੇਸ਼ਾ ਸੱਤਾ ਦਾ ਆਨੰਦ ਮਾਣਿਆ ਤੇ ਹਮੇਸ਼ਾ ਹੀ ਆਪਣਾ ਨਿੱਜ ਸੋਚਿਆ, ਕਦੇ ਵਰਕਰਾਂ ਦੀ ਕਦਰ ਨਹੀਂ ਕੀਤੀ ਤੇ ਨਾ ਹੀ ਕਿਸੇ ਦੁੱਖ-ਸੁੱਖ 'ਚ ਸਾਥ ਦਿੱਤਾ। ਇਸ ਮੌਕੇ ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਬਲਾਕ ਕਾਂਗਰਸ ਸ਼ਹਿਰੀ ਪ੍ਰਧਾਨ ਹਰਪ੍ਰੀਤ ਸਿੰਘ ਧਾਲੀਵਾਲ, ਦਿਹਾਤੀ ਪ੍ਰਧਾਨ ਨਵਦੀਪ ਸਿੰਘ ਗਰੇਵਾਲ, ਪ੍ਰਸ਼ੋਤਮ ਲਾਲ ਖਲੀਫਾ, ਕੌਂਸਲਰ ਰਵਿੰਦਰਪਾਲ ਰਾਜੂ ਕਾਮਰੇਡ, ਕੌਂਸਲਰ ਅਮਨ ਕਪੂਰ ਬੌਬੀ, ਸਰਪੰਚ ਸਰਬਜੀਤ ਸਿੰਘ ਸ਼ੇਰਪੁਰ ਕਲਾਂ, ਯੂਥ ਪ੍ਰਧਾਨ ਮਨੀ ਗਰਗ, ਅਮਰਜੀਤ ਸਿੰਘ ਗਾਲਿਬ ਖੁਰਦ ਬਲਾਕ ਸੰਮਤੀ ਮੈਂਬਰ, ਸਰਪੰਚ ਦਰਸ਼ਨ ਸਿੰਘ ਡਾਂਗੀਆਂ, ਸਰਪੰਚ ਜਗਜੀਤ ਸਿੰਘ ਕਾਉਂਕੇ, ਸਾਬਕਾ ਸਰਪੰਚ ਗੁਰਬਿੰਦਰ ਸਿੰਘ ਪੋਨਾ, ਦਰਸ਼ ਗਾਲਿਬ ਤੇ ਭਵਨਜੀਤ ਸਿੰਘ ਕਮਾਲਪੁਰਾ ਆਦਿ ਹਾਜ਼ਰ ਸਨ।

# ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨਾ ਸਮੇਂ ਦੀ ਜ਼ਰੂਰਤ : ਚੰਨੀ

**ਜਲੰਧਰ (ਸ਼ੈਲੀ ਐਲਬਰਟ)**-ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਐਤਵਾਰ ਨੂੰ ਜਲੰਧਰ ਉੱਤਰੀ ਹਲਕੇ ਵਿੱਚ ਚੋਣ ਮੀਟਿੰਗਾਂ ਕੀਤੀਆਂ ਗਈਆਂ।ਹਲਕੇ ਦੇ ਗਾਂਧੀ ਕੈਂਪ, ਅਮਨ ਨਗਰ, ਕੋਟ ਕ੍ਰਿਸ਼ਨ ਚੰਦ ਤੇ ਬੜਿੰਗ ਵਿੱਚ ਹੋਈਆਂ ਚੋਣ ਮੀਟਿੰਗਾਂ ਦੌਰਾਨ ਚੰਨੀ ਦੀ ਚੋਣ ਮੁਹਿੰਮ ਨੂੰ ਵੱਡਾ ਹੁੰਗਾਰਾ ਮਿਲਿਆ ਤੇ ਵੱਡੀ ਗਿਣਤੀ 'ਚ ਲੋਕਾਂ ਨੇ ਹੱਥ ਖੜ੍ਹੇ ਕਰਕੇ ਚੰਨੀ ਨੂੰ ਸਮਰਥਨ ਦਿੱਤਾ ਤੇ ਵੱਡੀ ਲੀਡ ਨਾਲ ਜਿਤਾਉਣ ਦਾ ਐਲਾਨ ਕੀਤਾ। ਇਨ੍ਹਾਂ ਵੱਖ ਵੱਖ ਮੀਟਿੰਗਾਂ ਦੌਰਾਨ ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਵਿਧਾਇਕ ਬਾਬਾ ਹੈਨਰੀ, ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸਾਬਕਾ ਮੰਤਰੀ ਅਵਤਾਰ ਹੈਨਰੀ, ਰਾਜ ਕੁਮਾਰ ਵੇਰਕਾ ਅਤੇ ਜ਼ਿਲ੍ਹਾ ਕਾਂਗਰਸ ਪ੍ਰਧਾਨ ਤੇ ਸਾਬਕਾ ਵਿਧਾਇਕ ਰਜਿੰਦਰ ਬੇਰੀ ਸਮੇਤ ਵੱਡੀ ਗਿਣਤੀ ਵਿੱਚ ਕਾਂਗਰਸੀ ਨੇਤਾਵਾਂ ਤੇ ਵਰਕਰਾਂ ਨੇ ਹਾਜ਼ਰੀ ਭਰੀ।ਬੜਿੰਗ 'ਚ ਹੋਈ ਮੀਟਿੰਗ ਦੌਰਾਨ ਕੌਂਸਲਰ ਪ੍ਰਵੀਨ ਕੁਮਾਰ ਦੇ ਪਤੀ ਮਨੂੰ ਬੜਿੰਗ ਨੇ ਕਾਂਗਰਸ 'ਚ ਘਰ ਵਾਪਸੀ ਕੀਤੀ ਅਤੇ ਇਸ ਦਨੂੰਰਾਨ ਭਾਜਪਾ ਤੇ ਆਮ ਆਦਮੀ ਪਾਰਟੀ ਛੱਡ ਵੱਡੀ ਗਿਣਤੀ ਵਿੱਚ ਲੋਕ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋਏ ਤੇ ਉਕਤ ਸਾਰੇ ਸੀਨੀਅਰ ਕਾਂਗਰਸ ਪਾਰਟੀ ਦੇ ਨੇਤਾਵਾਂ ਨੇ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਇਨਾਂ ਮੀਟਿੰਗਾਂ ਦੌਰਾਨ ਚੰਨੀ ਨੇ ਕਿਹਾ ਕਿ ਅੱਜ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਭਾਜਪਾ ਨੂੰ ਸੱਤਾ ਤੋਂ ਲਾਂਭੇ ਕਰਨਾ ਬਹੁਤ ਜ਼ਰੂਰੀ ਹੈ ਨਹੀ ਤਾਂ ਦੇਸ਼ ਦੇ ਲੋਕਤੰਤਰ ਨੂੰ ਵੱਡਾ ਖ਼ਤਰਾ ਹੈ ਤੇ ਅੱਜ ਕਾਂਗਰਸ ਨੂੰ ਜਿਤਾਉਣਾ ਸਮੇਂ ਦੀ ਜ਼ਰੂਰਤ ਹੈ।ਚੰਨੀ ਨੇ ਕਿਹਾ ਕਿ ਕਾਂਗਰਸ ਪਾਰਟੀ ਧਰਮ ਅਤੇ ਜਾਤ ਦੇ ਨਾਮ 'ਤੇ ਵੋਟ ਨਹੀਂ ਮੰਗਦੀ। ਚੰਨੀ ਨੇ ਕਿਹਾ ਕਿ ਜਲੰਧਰ ਹਲਕੇ 'ਚ ਵਿਕਾਸ ਸਮੇਤ




ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਵੱਡੇ ਕੰਮ ਕੀਤੇ ਜਾਣਗੇ। ਜਲੰਧਰ ਵਿੱਚ ਏਮਜ ਤੇ ਪੀ.ਜੀ.ਆਈ ਵਰਗੇ ਵੱਡੇ ਸਰਕਾਰੀ ਹਸਪਤਾਲ ਦੀ ਵੱਡੀ ਜ਼ਰੂਰਤ ਹੈ ਤੇ ਉਹ ਇਹ ਕੰਮ ਜ਼ਰੂਰ ਕਰਕੇ ਦਿਖਾਉਣਗੇ।ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਹਲਕੇ 'ਚ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਦੇ ਨਾਮ 'ਤੇ ਸਰਕਾਰੀ ਯੂਨੀਵਰਸਿਟੀ ਵੀ ਬਣਾਉਣਾ ਉਨ੍ਹਾਂ ਦਾ ਮੁੱਖ ਟੀਚਾ ਰਹੇਗਾ। ਚੰਨੀ ਨੇ ਕਿਹਾ ਕਿ ਅੱਜ ਜਲੰਧਰ 'ਚ ਕਾਂਗਰਸ ਪਾਰਟੀ ਦੇ ਹੱਕ 'ਚ ਹਨੇਰੀ ਚੱਲ ਰਹੀ ਹੈ ਤੇ ਜਲੰਧਰ ਹਲਕੇ ਦੇ ਲੋਕ ਅੱਜ ਕਾਂਗਰਸ ਪਾਰਟੀ ਨੂੰ ਜਿਤਾਉਣ ਲਈ ਤਿਆਰ ਬੈਠੇ ਹਨ ਤੇ ਲੋਕ ਦਲਬਦਲੂ ਨੇਤਾਵਾਂ ਤੋਂ ਅੱਕ ਚੁੱਕੇ ਹਨ ਇਸ ਦੌਰਾਨ ਵਿਧਾਇਕ ਬਾਵਾ ਹੈਨਰੀ, ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ, ਸਾਬਕਾ ਮੰਤਰੀ ਅਵਤਾਰ ਹੈਨਰੀ, ਰਾਜ ਕੁਮਾਰ ਵੇਰਕਾ, ਜ਼ਿਲ੍ਹਾ ਕਾਂਗਰਸ ਪ੍ਰਧਾਨ ਤੇ ਸਾਬਕਾ ਵਿਧਾਇਕ ਰਜਿੰਦਰ ਬੇਰੀ ਤੇ ਸਾਬਕਾ ਮੇਅਰ ਜਗਸੀਸ਼ ਰਾਜਾ ਨੇ ਵੀ ਲੋਕਾਂ ਨੂੰ ਸੰਬੋਧਨ ਕਰਦਿਆਂ ਕਾਂਗਰਸ ਪਾਰਟੀ ਦੇ ਉਮੀਦਵਾਰ ਚੰਨੀ ਨੂੰ ਜਿਤਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਦੇਸ਼ 'ਚ ਇੰਡੀਆ ਗਠਜੋੜ ਦੀ ਸਰਕਾਰ ਬਣਨ ਜਾ ਰਹੀ ਹੈ ਤੇ ਚਰਨਜੀਤ ਸਿੰਘ ਚੰਨੀ ਨੂੰ ਕੇਂਦਰ ਵਿੱਚ ਵੱਡੀ ਵਜ਼ੀਰੀ ਮਿਲੇਗੀ ਅਤੇ ਚੰਨੀ ਜਲੰਧਰ ਹਲਕੇ ਦੀ ਨੁਹਾਰ ਬਦਲ ਦੇਣਗੇ।ਇਸ ਤੋਂ ਪਹਿਲਾਂ ਚੰਨੀ ਨੇ ਡੇਰਾ ਰਾਧਾ ਸੁਆਮੀ, ਗੋਲਕ ਨਾਥ ਮੈਮੋਰੀਅਲ ਚਰਚ, ਗੁਰਦੁਆਰਾ ਛੇਵੀਂ ਪਾਤਸ਼ਾਹੀ ਬਸਤੀ ਸ਼ੇਖ ਅਤੇ ਸ੍ਰੀ ਸਤਗੁਰੂ ਕਬੀਰ ਮੰਦਿਰ ਵਿਖੇ ਹਾਜ਼ਰੀ ਭਰੀ।ਇਨ੍ਹਾਂ ਚੋਣ ਮੀਟਿੰਗਾਂ ਦੌਰਾਨ ਕੌਂਸਲਰ ਪਵਨ ਕੁਮਾਰ, ਸਰਫੋ ਦੇਵੀ, ਰਾਕੇਸ਼ ਕੁਮਾਰ ਗੰਨੂੰ, ਮਾਈਕ ਖੋਸਲਾ, ਅੰਜਲੀ ਭਗਤ, ਬਿਸ਼ੰਬਰ ਭਗਤ, ਕੁਲਦੀਪ ਭੁੱਲਰ ਤੋਂ ਇਲਾਵਾ ਵੱਡੀ ਗਿਣਤੀ 'ਚ ਕਾਂਗਰਸ ਪਾਰਟੀ ਦੇ ਅਹੁਦੇਦਾਰ ਅਤੇ ਲੋਕ ਹਾਜ਼ਰ ਰਹੇ।

# ਵਲਟੋਹਾ ਦੇ ਹੱਕ 'ਚ ਹੋਈ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ

**ਸੁਲਤਾਨਪੁਰ ਲੋਧੀ ( ਹਨੀ )**-ਅਕਾਲੀ ਦਲ ਦਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ ਅਤੇ ਸ਼੍ਰੋਮਣੀ ਅਕਾਲੀ ਦਲ ਹੀ ਇੱਕੋ ਇੱਕ ਅਜਿਹੀ ਪਾਰਟੀ ਹੈ ਜੋ ਪੰਜਾਬ ਦੇ ਹਿੱਤਾਂ ਲਈ ਲੜ ਸਕਦੀ ਹੈ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਨੇ ਸਥਾਨਕ ਸਫਰੀ ਪੈਲਸ ਵਿਖੇ ਅਕਾਲੀ ਦਲ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਇਤਿਹਾਸ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਹਮੇਸ਼ਾ ਚੜ੍ਹਦੀ ਕਲਾ ਕਰਨ ਵਿੱਚ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਕਾਂਗਰਸ ਪਾਰਟੀ ਹਮੇਸ਼ਾ ਸਿੱਖਾਂ ਅਤੇ ਪੰਜਾਬ ਦੀਆਂ ਦੁਸ਼ਮਣ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਭ ਤੋਂ ਨਿਖੇਧ ਸਰਕਾਰ ਸਾਬਤ ਹੋਈ ਹੈ। ਪ੍ਰੋਫੈਸਰ ਵਲਟੋਹਾ ਨੇ ਕਿਹਾ ਕਿ ਆਜ਼ਾਦ ਉਮੀਦਵਾਰ ਭਾਈ ਅੰਮ੍ਰਿਤਪਾਲ ਸਿੰਘ ਦੇ ਪਰਵਾਰ ਵੱਲੋਂ ਪਿਛਲੇ ਦਿਨੀਂ ਉਨ੍ਹਾਂ ਨੂੰ ਸਮਰਥਨ ਦਾ ਭਰੋਸਾ ਵੀ ਦਿੱਤਾ ਗਿਆ ਸੀ ਪ੍ਰੰਤੂ ਬਾਅਦ ਵਿੱਚ ਉਹ ਇਸ ਗੱਲ 'ਤੇ ਕਾਇਮ ਨਹੀਂ ਰਹੇ। ਉਨ੍ਹਾਂ ਹਲਕੇ ਦੇ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਦਾ ਸਹਿਯੋਗ ਕਰਨ ਤਾਂ ਜੋ ਸੰਸਦ ਵਿੱਚ ਜਾ ਕੇ ਉਨ੍ਹਾਂ ਦੀ ਆਵਾਜ਼ ਬਣ ਸਕਣ।ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਐਸ ਜੀ ਪੀ ਸੀ ਮੈਂਬਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਪੀਏਸੀ ਅਕਾਲੀ ਦਲ, ਐਸ ਜੀ ਪੀ ਸੀ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲਾ ਤੇ ਜਥੇਦਾਰ ਬਲਦੇਵ ਸਿੰਘ ਕਲਿਆਣ, ਇੰਜੀ: ਸਵਰਨ ਸਿੰਘ ਮੈਂਬਰ ਪੀਏਸੀ ਅਕਾਲੀ ਦਲ, ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਨਾਨਕਪੁਰ, ਗੁਰਜੰਟ ਸਿੰਘ ਸੰਧੂ ਮੈਂਬਰ ਪੀਏ ਸੀ ਅਕਾਲੀ ਦਲ, ਅਬਜ਼ਰਵਰ ਸੁਰਜੀਤ ਸਿੰਘ ਢਿੱਲੋਂ, ਐਸ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਸਿੰਘ ਬੂਲੇ, ਰਿਟਾ ਸਕੱਤਰ ਐਸ ਜੀ ਪੀ ਸੀ ਮਹਿੰਦਰ ਸਿੰਘ ਆਹਲੀ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਦਰਬਾਰਾ ਸਿੰਘ ਵਿਰਦੀ, ਬਲਾਕ ਪ੍ਰਧਾਨ ਮਨਜੀਤ ਸਿੰਘ ਗੋਲਡੀ ਆਦੀ ਨੇ ਪ੍ਰੋਫੈਸਰ ਵਿਰਸਾ ਸਿੰਘ ਵਲਟੋਹਾ ਨੂੰ ਭਰੋਸਾ ਦਵਾਇਆ ਕਿ ਉਹ ਅਕਾਲੀ ਦਲ ਦੇ ਨਿਧੜਕ ਜਰਨੈਲ ਪ੍ਰੋਫੈਸਰ ਵਲਟੋਹਾ ਨੂੰ ਸ਼ਾਨ ਨਾਲ ਜਿਤਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਜੀਤ ਸਿੰਘ ਐਡਵੋਕੇਟ ਕਪੂਰਥਲਾ, ਐਚ ਐਸ ਵਾਲੀਆ ਹਲਕਾ ਇੰਚਾਰਜ ਕਪੂਰਥਲਾ, ਸੇਵਾ ਮੁਕਤ ਮੈਨੇਜਰ ਜਰਨੈਲ ਸਿੰਘ ਬੂਲੇ, ਕਮਲਜੀਤ ਸਿੰਘ ਹੈਬਤਪੁਰ, ਬਲਬੀਰ ਸਿੰਘ ਮਲਗੁਜ਼ਾਰ, ਸਾਬਕਾ ਚੇਅਰਮੈਨ ਰਜਿੰਦਰ ਸਿੰਘ ਨਸੀਰੇਵਾਲ ਤੇ ਅਵਤਾਰ ਸਿੰਘ ਮੀਰੇ, ਜਥੇਦਾਰ ਗੁਰਦਿਆਲ ਸਿੰਘ ਖਾਲਸਾ, ਸਰਪੰਚ ਮੋਹਨ ਸਿੰਘ ਮਿਰਜ਼ਾਪੁਰ, ਡਾਕਟਰ ਮਨੋਹਰ ਲਾਲ ਮੰਡ ਅਲੂਵਾਲ, ਜੋਗਾ ਸਿੰਘ ਅਦਾਲਤ ਚੱਕ, ਜਸਪਾਲ ਸਿੰਘ, ਸਾਬਕਾ ਸਰਪੰਚ ਕਾਰਜ ਸਿੰਘ ਤਕੀਆ, ਮਲਕੀਤ ਸਿੰਘ ਚੰਦੀ, ਭੁਪਿੰਦਰ ਸਿੰਘ ਖਿੰਡਾ, ਸਤਨਾਮ ਸਿੰਘ ਰਾਮੇ, ਹਰੀ ਸਿੰਘ ਝੰਡ ਵਾਟਾਂਵਾਲੀ, ਦਰਜਨ ਸਿੰਘ ਕੋਟ ਕਰਾਰ ਖਾਂ, ਇੰਦਰ ਸਿੰਘ ਲਾਟੀਆਂਵਾਲ, ਭਗਵਾਨ ਸਿੰਘ ਮੈਰੀਪੁਰ, ਰਣਜੀਤ ਸਿੰਘ ਰਾਣਾ, ਬੀਬੀ ਬਲਜੀਤ ਕੌਰ, ਬੀਬੀ ਗੁਰਮੀਤ ਕੌਰ ਦਰੀਏਵਾਲ, ਸੁਖਵੰਤ ਕੌਰ ਜੰਮੂ ਪ੍ਰਧਾਨ ਇਨਰਵੀਲ ਕਲੱਬ ਆਦਿ ਵੀ ਹਾਜ਼ਰ ਸਨ।




# ਨਾਰੀ ਸ਼ਕਤੀ ਸੋਹਣ ਸਿੰਘ ਠੰਡਲ ਦੀ ਜਿੱਤ ਯਕੀਨੀ ਬਣਾਏਗੀ : ਨੀਤੀ ਤਲਵਾੜ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਅਕਾਲੀ ਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਦੀ ਚੋਣ ਮੁਹਿੰਮ ਵਿੱਚ ਮਹਿਲਾ ਸ਼ਕਤੀ ਅਹਿਮ ਰੋਲ ਅਦਾ ਕਰ ਰਹੀ ਹੈ ਅਤੇ ਅਕਾਲੀ ਆਗੂ ਨੀਤੀ ਤਲਵਾੜ ਵੱਖ-ਵੱਖ ਪਿੰਡਾਂ ਵਿੱਚ ਨਾਰੀ ਸ਼ਕਤੀ ਨਾਲ ਰਾਬਤਾ ਬਣਾ ਰਹੀ ਹੈ।ਇਸ ਮੌਕੇ ਨੀਤੀ ਤਲਵਾੜ ਨੇ ਕਿਹਾ ਕਿ ਨਾਰੀ ਸ਼ਕਤੀ ਸੋਹਣ ਸਿੰਘ ਠੰਡਲ ਦੀ ਜਿੱਤ ਯਕੀਨੀ ਬਣਾਏਗੀ ਅਤੇ ਇਸ ਲਈ ਸਮੁੱਚੀ ਮਹਿਲਾ ਸ਼ਕਤੀ ਚੋਣ ਪ੍ਰਚਾਰ ਵਿੱਚ ਜੁਟੀ ਹੋਈ ਹੈ। ਸ੍ਰੀਮਤੀ ਤਲਵਾੜ ਨੇ ਅਕਾਲੀ ਦਲ ਦੀਆਂ ਨੀਤੀਆਂ ਬਾਰੇ ਦੱਸਦਿਆਂ ਕਿਹਾ ਕਿ ਪੰਜਾਬ ਦੇ ਲੋਕ ਅਕਾਲੀ ਦਲ ਦੀ ਸਰਕਾਰ ਨੂੰ ਯਾਦ ਕਰਨ ਲੱਗ ਪਏ ਹਨ।ਕਿਉਂਕਿ, ਅਕਾਲੀ ਦਲ ਵੱਲੋਂ ਪੰਜਾਬ ਅਤੇ ਪੰਜਾਬੀਅਤ ਦੀ ਬਿਹਤਰੀ ਲਈ ਕੀਤੇ ਕੰਮਾਂ ਨੂੰ ਕਿਸੇ ਸਬੂਤ ਦੀ ਲੋੜ ਨਹੀਂ।ਉਨ੍ਹਾਂ ਕਿਹਾ ਕਿ ਬਾਦਲ ਸਰਕਾਰ ਵੇਲੇ ਲੋਕਾਂ ਨੂੰ ਨੀਲੇ ਕਾਰਡਾਂ ਅਤੇ ਆਟਾ ਦਾਲ ਲਈ ਕਦੇ ਚਿੰਤਾ ਨਹੀਂ ਕਰਨੀ ਪਈ ਅਤੇ ਅੱਜ ਮੌਜੂਦਾ 'ਆਪ' ਸਰਕਾਰ ਵੱਲੋਂ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਤੋਂ ਵੀ ਵਾਂਝਾ ਰੱਖਿਆ ਜਾ ਰਿਹਾ ਹੈ। ਸ੍ਰੀਮਤੀ ਤਲਵਾੜ ਨੇ ਕਿਹਾ ਕਿ 'ਆਪ' ਸਰਕਾਰ ਨੇ ਬਿਜਲੀ ਬਿੱਲਾਂ ਸੰਬੰਧੀ ਵੀ ਜਨਤਾ ਨਾਲ ਧੋਖਾ ਕੀਤਾ ਹੈ ਅਤੇ ਬਿੱਲ ਮੁਆਫ਼ੀ ਦੇ ਨਾਂਅ 'ਤੇ ਲੋਕਾਂ ਦੀ ਲੁੱਟ ਕੀਤੀ ਜਾ ਰਹੀ ਹੈ।ਇਸ ਤੋਂ ਇਲਾਵਾ ਭਾਜਪਾ ਅਤੇ ਕਾਂਗਰਸ ਦੀਆਂ ਨੀਤੀਆਂ ਨੂੰ ਵੀ ਜਨਤਾ ਨੇ ਨਕਾਰ ਦਿੱਤਾ ਹੈ ਅਤੇ ਪੰਜਾਬ ਦੀ ਭਲਾਈ ਲਈ ਜਨਤਾ ਅਕਾਲੀ ਦਲ ਦੇ ਨਾਲ ਹੈ।

# ਮਲੇਰੀਆ ਜਾਗਰੂਕ ਕੈਂਪ ਲਾਇਆ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ ਤਹਿਤ ਮੈਡੀਕਲ ਅਫਸਰ ਡਾ. ਗੀਤਾਂਜਲੀ ਸਿੰਘ ਨਿਰਦੇਸ਼ ਅਨੁਸਾਰ ਕਮਿਊਨਿਟੀ ਹੈਲਥ ਸੈਟਰ ਮਹਾਲੋ ਐਨ ਐਮ ਗੁਰਦੇਵ ਕੌਰ, ਮਲਟੀਪਰਪਸ ਪ੍ਰਵੀਨ ਕੁਮਾਰੀ, ਸੀ ਐਚ ਓ ਲਖਵਿੰਦਰ ਕੌਰ, ਇੰਸਪੈਕਟਰ ਰਾਜਿੰਦਰ ਸਿੰਘ ਵੱਲੋਂ ਮਲੇਰੀਆ ਪ੍ਰਤੀ ਜਾਗਰੂਕ ਕੀਤਾ ਗਿਆ। ਐਨ ਐਮ ਗੁਰਦੇਵ ਕੌਰ ਨੇ ਦੱਸਿਆ ਕਿ ਮਲੇਰੀਆ ਬੁਖਾਰ ਦੇ ਲੱਛਣ, ਬਚਾਅ ਤੇ ਇਲਾਜ ਪ੍ਰਬੰਧਨ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਲੇਰੀਆ ਬੁਖਾਰ ਮਾਦਾ ਐਨਫਲੀਜ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਉਨ੍ਹਾਂ ਮਲੇਰੀਆ ਸਮੇਤ ਹੋਰ ਵੈਕਟਰ ਬੋਰਨ ਬਿਮਾਰੀਆਂ ਦੀ ਰੋਕਥਾਮ ਲਈ ਮੱਛਰ ਦੇ ਜੀਵਨ ਚੱਕਰ ਨੂੰ ਤੋੜਨ ਦੀ ਲੋੜ ਹੁੰਦੀ ਹੈ। ਮਲੇਰੀਆ ਦੇ ਮੁੱਖ ਲੱਛਣ ਤੇਜ਼ ਬੁਖ਼ਾਰ, ਠੰਡ ਲੱਗਣਾ, ਸਿਰਦਰਦ, ਥਕਾਵਟ, ਸ਼ਰੀਰ 'ਚ ਟੁੱਟ-ਭੱਜ, ਘਬਰਾਹਟ ਹੋਣ ਦੇ ਨਾਲ-ਨਾਲ ਕੰਬਣੀ ਛੇੜਨਾ ਹੈ। ਇਸ ਬਿਮਾਰੀ ਤੋਂ ਬਚਣ ਲਈ ਸਾਨੂੰ ਸਾਫ-ਸਫਾਈ ਰੱਖਣੀ ਚਾਹੀਦੀ ਹੈ, ਕਿਤੇ ਵੀ ਪਾਣੀ ਨਹੀਂ ਖੜਾ ਹੋਣ ਦੇਣਾ ਚਾਹੀਦਾ, ਸੌਣ ਵੇਲੇ ਮੱਛਰਦਾਨੀ ਤੇ ਮੱਛਰ ਭਜਾਉਣ ਵਾਲੀ ਕਰੀਮਾਂ ਤੇ ਮਸ਼ੀਨਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ, ਪੂਰੀਆਂ ਬਾਹਾਂ ਵਾਲੇ ਕੱਪੜੇ ਪਾਉਣੇ ਚਾਹੀਦੇ ਹਨ ਤੇ ਛੱਪੜਾਂ ਵਿੱਚ ਖੜ੍ਹੇ ਪਾਣੀ ਤੇ ਕਾਲੇ ਤੇਲ ਦਾ ਛਿੜਕਾਅ ਕਰਨਾ ਚਾਹੀਦਾ ਹੈ। ਕੋਈ ਵੀ ਬੁਖਾਰ ਮਲੇਰੀਆ ਹੋ ਸਕਦਾ ਹੈ। ਜੇਕਰ ਕਿਸੇ ਵੀ ਵਿਅਕਤੀ ਨੂੰ ਮਲੇਰੀਆ ਬੁਖ਼ਾਰ ਦੇ ਲੱਛਣ ਮਹਿਸੂਸ ਹੁੰਦੇ ਹਨ ਤਾਂ ਤੁਰੰਤ ਨੇੜੇ ਦੀ ਸਰਕਾਰੀ ਸਿਹਤ ਸੰਸਥਾ ਵਿਖੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ।

# ਸੀ ਟੀ ਗਰੁੱਪ ਤੇ ਸਵੀਪ ਵੱਲੋਂ ਵੋਟਰ ਜਾਗਰੂਕਤਾ ਮੁਹਿੰਮ




**ਜਲੰਧਰ (ਸ਼ੈਲੀ ਐਲਬਰਟ)** :-ਸੀ ਟੀ ਗਰੁੱਪ ਦੇ ਵਿਦਿਆਰਥੀ ਭਲਾਈ ਵਿਭਾਗ ਨੇ ਗੁਰੂ ਨਾਨਕ ਮਿਸ਼ਨ ਚੌਂਕ ਵਿਖੇ ਇੱਕ ਮਨੁੱਖੀ ਚੇਨ ਸਮਾਗਮ ਰਾਹੀਂ ਨਾਗਰਿਕ ਸ਼ਮੂਲੀਅਤ ਅਤੇ ਏਕਤਾ ਨੂੰ ਉਤਸ਼ਾਹਤ ਕਰਨ ਲਈ ਵੋਟਰ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ । ਇਸ ਸਮਾਗਮ ਵਿੱਚ ਟ੍ਰੈਫਿਕ ਪੁਲਸ ਜਲੰਧਰ ਅਤੇ ਅਧਿਕਾਰੀਆਂ ਦੇ ਸਹਿਯੋਗ ਨਾਲ 200 ਤੋਂ ਵੱਧ ਵਿਦਿਆਰਥੀਆਂ ਅਤੇ ਸਟਾਫ਼ ਨੇ ਭਾਗ ਲਿਆ। ਜਸਬੀਰ ਸਿੰਘ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ), ਡਾ: ਸੁਰਜੀਤ ਲਾਲ, ਸਹਾਇਕ ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਅਤੇ ਸਤਪਾਲ ਸੋਂਧੀ, ਐਸ ਵੀ ਈ ਪੀ ਨੋਡਲ ਅਫ਼ਸਰ ਛਾਉਣੀ ਨੇ ਚੋਣ ਪ੍ਰਕਿਰਿਆ ਵਿਚ ਸਰਗਰਮ ਭਾਗੀਦਾਰੀ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਮੁਹਿੰਮ ਨੂੰ ਆਪਣਾ ਸਮਰਥਨ ਦਿੱਤਾ । ਹਿਊਮਨ ਚੇਨ ਨੇ ਲੋਕਤੰਤਰ ਪ੍ਰਤੀ ਸਮੂਹਿਕ ਜ਼ਿੰਮੇਵਾਰੀ ਦੀ ਇੱਕ ਸ਼ਕਤੀਸ਼ਾਲੀ ਵਿਜ਼ੂਅਲ ਪ੍ਰਤੀਨਿਧਤਾ ਵਜੋਂ ਸੇਵਾ ਕੀਤੀ, ਜਿਸ ਵਿੱਚ ਭਾਗੀਦਾਰਾਂ ਨੇ ਚੋਣ ਪ੍ਰਕਿਰਿਆ ਅਤੇ ਉਨ੍ਹਾਂ ਦੇ ਵੋਟਿੰਗ ਅਧਿਕਾਰਾਂ ਦੀ ਵਰਤੋਂ ਕਰਨ ਦੀ ਮਹੱਤਤਾ ਬਾਰੇ ਜਨਤਾ ਨੂੰ ਜਾਗਰੂਕ ਕਰਨ ਲਈ ਪਲੇਕਾਰਡ ਅਤੇ ਬੈਨਰ ਫੜੇ ਹੋਏ ਸਨ । ਈਵੈਂਟ ਤੇ ਟਿੱਪਣੀ ਕਰਦੇ ਹੋਏ ਸੀ ਟੀ ਗਰੁੱਪ ਦੇ ਵਿਦਿਆਰਥੀ ਭਲਾਈ ਦੇ ਡੀਨ ਡਾ. ਅਰਜਨ ਸਿੰਘ ਨੇ ਟਿੱਪਣੀ ਕੀਤੀ ਕਿ ਮਨੁੱਖੀ ਲੜੀ ਦੀ ਪਹਿਲਕਦਮੀ ਨਾਗਰਿਕ ਜ਼ਿੰਮੇਵਾਰੀ ਨੂੰ ਵਧਾਉਣ ਅਤੇ ਸਾਡੇ ਵਿਦਿਆਰਥੀਆਂ ਅਤੇ ਸਟਾਫ ਵਿੱਚ ਸਰਗਰਮ ਨਾਗਰਿਕਤਾ ਨੂੰ ਉਤਸ਼ਾਹਤ ਕਰਨ ਲਈ ਸਾਡੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਆਖਰ ਕਦਰ ਤਾਂ ਵਫਾਦਾਰਾਂ ਦੀ ਹੀ ਹੁੰਦੀ ਐ



ਸ਼ਾਹਕੋਟ ਦੀਆਂ ਗਲੀਆਂ ਵਿੱਚ ਪੋਸਟਰ ਲਗਾਉਂਦੇ ਹੋਏ ਕੁਲਦੀਪ ਸਿੰਘ ਦੀਦ, ਰੂਪ ਲਾਲ ਸ਼ਰਮਾ ਤੇ ਹੋਰ

**ਸ਼ਾਹਕੋਟ (ਗਿਆਨ ਸੈਦਪੁਰੀ)** 'ਅਸੀਂ ਤਾਂ ਅੰਨਾ ਹਜ਼ਾਰੇ ਦੇ ਅੰਦੋਲਨ ਤੋਂ ਸ਼ੁਰੂ ਹੋ ਕੇ ਹੁਣ ਤੱਕ ਬਦਲਾਅ ਦੀ ਸਿਆਸਤ ਲਿਆਉਣ ਲਈ ਸਰਗਰਮ ਹਾਂ ਤੇ ਬਿਨਾ ਕਿਸੇ ਸਿਆਸੀ ਲੋਭ ਦੇ 'ਆਪ' ਲਈ ਕੰਮ ਕਰਦੇ ਰਹਾਂਗੇ'। ਉਕਤ ਸ਼ਬਦਾਂ ਦਾ ਪ੍ਰਗਟਾਵਾ ਸ਼ਾਹਕੋਟ ਦੀਆਂ ਗਲੀਆਂ ਵਿੱਚ ਪੋਸਟਰ ਲਾ ਰਹੇ ਵਰਕਰਾਂ ਨੇ ਕੀਤਾ।ਉਨ੍ਹਾਂ ਨੂੰ ਇਹ ਮਲਾਲ ਵੀ ਹੈ ਕਿ ਸਾਡੇ ਨਾਲੋਂ ਢੇਰ ਮਗਰੋਂ ਆਏ ਆਗੂ ਪਾਰਟੀ ਵਿੱਚ ਉੱਚੇ ਅਹੁਦਿਆਂ ਦਾ ਆਨੰਦ ਮਾਣ ਰਹੇ ਹਨ ਤੇ ਅਸੀਂ ਪੋਸਟਰਾਂ ਤੱਕ ਹੀ ਸੀਮਤ ਹਾਂ।ਇਨ੍ਹਾਂ ਚੋਣਾਂ ਦੇ ਪ੍ਰਚਾਰ ਦੌਰਾਨ ਇੱਧਰੋਂ ਉੱਧਰ ਜਾ ਰਹੇ ਆਗੂਆਂ ਦੇ ਸੰਦਰਭ ਵਿੱਚ ਜਦੋਂ ਪੋਸਟਰ ਲਾਉਣ ਵਾਲਿਆਂ ਨੂੰ ਪੁੱਛਿਆ ਕਿ ਸ਼ਾਹਕੋਟ ਤੋਂ ਆਪ ਦੇ ਪ੍ਰਵਾਰ ਵਿੱਚ ਕਈ ਮੈਂਬਰਾਂ ਦੇ ਤੋੜ ਵਿਛੋੜੇ ਦੀਆਂ ਕਨਸੋਆ ਹਨ ਤਾਂ ਉਨ੍ਹਾਂ ਦਾ ਤੁਰੰਤ ਜਵਾਬ ਸੀ, 'ਆਉਣ ਜਾਣ ਵਾਲਿਆਂ ਨੇ ਇਸੇ ਜੋਗੇ ਰਹਿ ਜਾਣਾ, ਆਖ਼ਰ ਕਦਰ ਤਾਂ ਵਫ਼ਾਦਾਰਾਂ ਦੀ ਹੀ ਹੁੰਦੀ ਐ'।ਏਨਾ ਕਹਿ ਕੇ ਕੁਲਦੀਪ ਸਿੰਘ ਦੀਦ ਤੇ ਰੂਪ ਲਾਲ ਸ਼ਰਮਾ ਅੱਗੇ ਵੱਧ ਗਏ।

# ਰਿਆਤ ਬਾਹਰਾ ਇੰਜੀਨੀਅਰਿੰਗ ਕਾਲਜ ਦੇ ਵਿਦਿਆਰਥੀਆਂ ਆਈ ਆਈ ਟੀ ਮੰਡੀ ਦਾ ਕੀਤਾ ਦੌਰਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਰਿਆਤ ਬਾਹਰਾ ਇੰਜੀਨੀਅਰਿੰਗ ਕਾਲਜ ਦੇ ਸੀ ਐਸ ਈ/ਆਈ ਟੀ ਵਿਭਾਗ ਦੇ ਵਿਦਿਆਰਥੀਆਂ ਨੇ ਆਈ ਆਈ ਟੀ (ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ) ਮੰਡੀ, ਹਿਮਾਚਲ ਪ੍ਰਦੇਸ਼ ਦਾ ਦੌਰਾ ਕੀਤਾ। ਇਸ ਮੌਕੇ ਸੈਂਟਰ ਫਾਰ ਆਰਟੀਫੀਸ਼ੀਅਲ ਇੰਟੈਲੀਜੈਂਸ ਐਂਡ ਰੋਬੋਟਿਕਸ ਵਿਭਾਗ ਦੇ ਇੰਚਾਰਜ ਡਾ. ਅਮਿਤ ਸ਼ੁਕਲਾ ਨੇ ਵਿਦਿਆਰਥੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ, ਆਈ.ਓ.ਟੀ ਅਤੇ ਰੋਬੋਟਿਕਸ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਤੋਂ ਇਲਾਵਾ ਡਾ. ਸ਼ੁਕਲਾ ਨੇ ਵਿਦਿਆਰਥੀਆਂ ਨੂੰ ਡਰੋਨ ਬਣਾਉਣ ਅਤੇ ਚਲਾਉਣ ਦੀ ਵਿਧੀ ਬਾਰੇ ਵੀ ਜਾਣੂ ਕਰਵਾਇਆ । ਇਸ ਮੌਕੇ ਵਿਭਾਗ ਦੇ ਇੰਚਾਰਜ ਪ੍ਰੋ: ਸਿਮਰਪ੍ਰੀਤ ਸਿੰਘ ਨੇ ਕਿਹਾ ਕਿ ਸੀ.ਐਸ.ਈ./ਆਈ.ਟੀ ਵਿਭਾਗ ਦੇ ਵਿਦਿਆਰਥੀਆਂ ਨੂੰ ਇਸ ਦੌਰੇ ਦਾ ਬਹੁਤ ਲਾਭ ਹੋਇਆ। ਇਸ ਮੌਕੇ ਪ੍ਰੋ: ਪਰਮਜੀਤ ਕੌਰ, ਅਤੁਲ ਸੈਣੀ, ਅਭਿਸ਼ੇਕ ਆਦਿ ਹਾਜ਼ਰ ਸਨ।

# ਲੋਕ ਸਭਾ ਚੋਣਾਂ ਦੇ ਸੰਬੰਧ 'ਚ ਪਹਿਲੀ ਚੋਣ ਰਿਹਰਸਲ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)**-ਲੋਕ ਸਭਾ ਚੋਣਾਂ ਨੂੰ ਲੈ ਕੇ ਅੱਜ ਪ੍ਰਸ਼ਾਸਨ ਵਲੋਂ ਗੁਰੂ ਨਾਨਕ ਕਾਲਜ ਵਿਖੇ ਪਹਿਲੀ ਚੋਣ ਰਿਹਰਸਲ ਕਰਵਾਈ ਗਈ ਜਿਸ 'ਚ ਲਗਭਗ 700 ਤੋਂ ਵੱਧ ਸਟਾਫ ਮੈਂਬਰ ਸ਼ਾਮਲ ਹੋਏ ਤੇ ਜਿਨ੍ਹਾਂ ਨੂੰ ਵੋਟਾਂ ਕਰਵਾਉਣ ਲਈ ਮਸ਼ੀਨਾਂ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਐਸ.ਡੀ.ਐਮ ਜਸਨਜੀਤ ਸਿੰਘ ਨੇ ਦੱਸਿਆ ਕਿ ਸਟਾਫ ਨੂੰ ਵੋਟਾਂ ਪਵਾਉਣ ਲਈ ਟ੍ਰੇਨਿੰਗ ਦਿੱਤੀ ਗਈ ਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੋਂ ਜਾਣੂ ਕਰਵਾਇਆ ਗਿਆ। ਉਨ੍ਹਾਂ ਸਟਾਫ ਨੂੰ ਆਪਣੀ ਜ਼ੁੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਕਿਸੇ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਮੰਗਵਾਇਆ ਕਾਰ ਵਾਸ਼, ਨਿਕਲਿਆ ਨਾਲਾ

**ਮਾਹਿਲਪੁਰ (ਸਫਰੀ)** - ਆਨਲਾਈਨ ਤੋਂ ਸਸਤਾ ਸਮਾਨ ਲੈਣ ਲਈ ਹਰ ਵਿਅਕਤੀ ਤੇਜ ਰਫਤਾਰ ਦੀ ਦੌੜ ਵਿਚ ਰੁਝਿਆ ਹੋਇਆ ਹੈ।ਪਰ ਇਸ ਦੌੜ ਵਿਚ ਅਨੇਕਾਂ ਵਿਅਕਤੀ ਹਰ ਰੋਜ਼ ਕੰਪਨੀਆਂ ਦੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਇਸੇ ਤਰ੍ਹਾਂ ਦੀ ਇਕ ਮਿਸਾਲ ਪਿੰਡ ਟੂਟੋਮਜਾਰਾ ਜ਼ਿਲ੍ਹਾ ਹੁਸ਼ਿਆਰਪੁਰ ਤੋਂ ਸਾਹਮਣੇ ਆਈ ਹੈ। ਲੁੱਟ ਦਾ ਸ਼ਿਕਾਰ ਹੋਏ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਮੈਂ ਫੇਸਬੁੱਕ 'ਤੇ ਇਕ ਕਾਰ ਵਾਸ਼ਰ ਦੀ ਐਡ ਦੇਖੀ ਕਿ ਇਕ ਵਿਅਕਤੀ ਕਾਰ ਵਾਸ਼ਰ ਨਾਲ ਕੱਦੂ ਨੂੰ ਵਿਚਕਾਰੋਂ ਪਾੜ ਰਿਹਾ ਸੀ । ਮੈਂ ਹਾਈ ਸਪੀਡ ਨਾਲ ਪਾਣੀ ਨਿਕਲਦਾ ਵੇਖ ਕੇ ਤੁਰੰਤ ਆਰਡਰ ਕਰ ਦਿੱਤਾ । ਆਰਡਰ ਬੁੱਕ ਕਰਨ ਸਮੇਂ ਕੰਪਨੀ ਨੇ ਡਲਿਵਰੀ ਤੋਂ ਬਾਅਦ 972 ਰੁਪਏ ਲੈਣ ਲਈ ਕਿਹਾ। ਦੋ ਦਿਨ ਬਾਅਦ ਪਾਰਸਲ ਆ ਗਿਆ ਤੇ ਮੈਂ ਪਾਰਸਲ ਲੈਣ ਤੋਂ ਬਾਅਦ ਜਦੋਂ ਡੱਬਾ ਖੋਲ੍ਹਿਆ ਤਾਂ ਉਸ ਵਿਚੋਂ ਸਲਵਾਰ ਵਿਚ ਪਾਉਣ ਵਾਲਾ ਨਾਲਾ ਨਿਕਲਿਆ। ਮੈਂ ਤੁਰੰਤ ਪਾਰਸਲ ਵਾਲੇ ਨਾਲ ਗੱਲਬਾਤ ਕੀਤੀ ਤਾਂ ਉਸ ਨੇ ਕਿਹਾ ਕਿ ਮੈਂ ਤਾਂ ਸਿਰਫ ਸਮਾਨ ਲਿਆਉਣ ਦਾ ਕੰਮ ਕਰਦਾ ਹਾਂ। ਉਸ ਵਿਚੋਂ ਕੀ ਨਿਕਲਦਾ ਹੈ ਉਸ ਵਾਰੇ ਪਾਰਸਲ 'ਤੇ ਦਿਤੇ ਗਏ ਕਸਟਮਰ ਕੇਅਰ 'ਤੇ ਗੱਲ ਕਰੋ। ਜਦੋਂ ਮੈਂ 07554304202 'ਤੇ ਗੱਲਬਾਤ ਕੀਤੀ ਤਾਂ ਫ਼ਿਪਸਟ ਕੰਪਨੀ ਤੋਂ ਮੈਨੂੰ ਇੱਕ ਨੰਬਰ ਆਇਆ। ਜਦੋਂ ਮੈਂ ਉਨ੍ਹਾਂ ਨੂੰ ਇਸ ਨਾਲੇ ਵਾਰੇ ਲਿਖਿਆ ਤਾਂ ਉਨ੍ਹਾਂ ਕਿਹਾ ਕਿ ਇਸ ਪ੍ਰੋਡਕਟ ਦੀ ਰਪਲੇਸਮਿੰਟ ਨਹੀਂ ਹੁੰਦੀ। ਪੀੜਤ ਸੁਖਵਿੰਦਰ ਸਿੰਘ ਦੇ ਪੱਲੇ 972 ਰੁਪਏ ਦਾ ਇਕ ਨਾਲਾ ਹੀ ਪਿਆ।

# ਡਾ. ਰਾਜਕੁਮਾਰ ਚੱਬੇਵਾਲ ਨੇ ਰਾਵਲਪਿੰਡੀ ਸਮੇਤ ਅੱਧੀ ਦਰਜਨ ਪਿੰਡਾਂ 'ਚ ਕੀਤੇ ਤੂਫ਼ਾਨੀ ਦੌਰੇ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਲੋਕਸਭਾ ਹਲਕਾ ਹੁਸ਼ਿਆਰਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਰਾਜਕੁਮਾਰ ਚੱਬੇਵਾਲ ਨੇ ਵਿਧਾਨਸਭਾ ਹਲਕਾ ਫਗਵਾੜਾ ਦੇ ਪਿੰਡ ਰਾਵਲਪਿੰਡੀ, ਪਾਂਛਟਾ, ਮਾਣਕਾ, ਢੱਕ ਪੰਡੋਰੀ ਤੇ ਲੱਖਪੁਰ ਤੋਂ ਇਲਾਵਾ ਸ਼ਹਿਰ ਦੇ ਹਦੀਆਬਾਦ ਖੇਤਰ ਵਿਚ ਭਰਵੀਂਆਂ ਚੋਣ ਮੀਟਿੰਗਾਂ ਨੂੰ ਸੰਬੋਧਨ ਕੀਤਾ।ਉਹਨਾਂ ਦੇ ਨਾਲ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਸਮੇਤ ਆਪ ਪਾਰਟੀ ਦੀ ਲੋਕਲ ਲੀਡਰਸ਼ਿਪ ਵੀ ਮੌਜੂਦ ਰਹੀ।ਪਿੰਡ ਪਾਂਸ਼ਟਾ ਵਿਖੇ ਸਾਬਕਾ ਸਰਪੰਚ ਹਰਜੀਤ ਸਿੰਘ, ਰਾਵਲਪਿੰਡੀ ਵਿਖੇ ਸਾਬਕਾ ਸਰਪੰਚ ਅੰਮ੍ਰਿਤਪਾਲ ਸਿੰਘ ਰਵੀ, ਮਾਣਕਾ ਵਿਖੇ ਅਵਤਾਰ ਸਿੰਘ ਮਾਣਕ, ਭੁਪਿੰਦਰ ਸਿੰਘ ਮਾਣਕ ਤੇ ਹਰਪ੍ਰੀਤ ਸਿੰਘ ਮਾਣਕ ਦੀ ਅਗਵਾਈ ਹੇਠ ਆਯੋਜਿਤ ਮੀਟਿੰਗਾਂ ਨੂੰ ਸੰਬੋਧਨ ਕਰਦੇ ਹੋਏ ਡਾ. ਰਾਜਕੁਮਾਰ ਚੱਬੇਵਾਲ ਨੇ ਕਿਹਾ ਕਿ ਮੈਂਬਰ ਪਾਰਲੀਮੈਂਟ ਚੁਣੇ ਜਾਣ 'ਤੇ ਉਹ ਫਗਵਾੜਾ ਵਿਧਾਨਸਭਾ ਹਲਕੇ ਦੇ ਹਰੇਕ ਪਿੰਡ ਤੇ ਸ਼ਹਿਰ ਦੇ ਹਰੇਕ ਵਾਰਡ ਦਾ ਸਮੁੱਚਾ ਵਿਕਾਸ ਕਰਵਾਉਣਗੇ ਅਤੇ ਪੰਜਾਬ ਦੀ ਆਵਾਜ ਨੂੰ ਪੂਰੀ ਬੁਲੰਦੀ ਦੇ ਨਾਲ ਲੋਕਸਭਾ ਵਿਚ ਚੁੱਕਣਗੇ।ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਤੌਰ ਵਿਧਾਇਕ ਡਾ. ਚੱਬੇਵਾਲ ਨੇ ਆਪਣੇ ਹਲਕੇ ਦਾ ਰਿਕਾਰਡ ਵਿਕਾਸ ਕਰਵਾਇਆ ਹੈ ਅਤੇ ਜੇਕਰ ਉਹ ਹੁਸ਼ਿਆਰਪੁਰ ਤੋਂ ਮੈਂਬਰ ਪਾਰਲੀਮੈਂਟ ਬਣਨਗੇ ਤਾਂ ਹੁਸ਼ਿਆਰਪੁਰ ਲੋਕਸਭਾ ਹਲਕੇ ਦਾ ਵੀਂ ਕੇਂਦਰੀ ਫੰਡ ਨਾਲ ਸੰਪੂਰਣ ਵਿਕਾਸ ਸੰਭਵ ਹੋ ਸਕੇਗਾ।ਇਹਨਾਂ ਮੀਟਿੰਗਾਂ ਦੌਰਾਨ ਹਰਨੂਰ ਸਿੰਘ ਹਰਜੀ ਮਾਨ, ਦਲਜੀਤ ਸਿੰਘ ਰਾਜੂ ਤੋਂ ਇਲਾਵਾ ਜ਼ਿਲਾ ਪ੍ਰਧਾਨ ਲਲਿਤ ਸਕਲਾਨੀ, ਐਡਵੋਕੇਟ ਕਸ਼ਮੀਰ ਸਿੰਘ ਮੱਲੀ ਚੇਅਰਮੈਨ ਨਗਰ ਸੁਧਾਰ ਟਰੱਸਟ ਫਗਵਾੜਾ, ਤਵਿੰਦਰ ਰਾਮ ਚੇਅਰਮੈਨ ਮਾਰਕਿਟ ਕਮੇਟੀ, ਪ੍ਰਿੰਸੀਪਲ ਹਰਮੇਸ਼ ਪਾਠਕ ਸੂਬਾ ਸਕੱਤਰ ਐਕਸ ਇੰਪਲਾਈਜ ਵਿੰਗ ਨੇ ਵੀ ਸੰਬੋਧਨ ਕਰਦਿਆਂ ਸਮੂਹ ਪਿੰਡਾਂ ਦੇ ਵਸਨੀਕਾਂ ਨੂੰ ਡਾ. ਰਾਜਕੁਮਾਰ ਚੱਬੇਵਾਲ ਦੇ ਹੱਕ 'ਚ ਝਾੜੂ ਦੇ ਚੋਣ ਨਿਸ਼ਾਨ ਨੂੰ ਵੋਟ ਪਾਉਣ ਦੀ ਪੁਰਜੋਰ ਅਪੀਲ ਕੀਤੀ ਤਾਂ ਜੋ ਆਮ ਆਦਮੀ ਪਾਰਟੀ ਕੇਂਦਰ ਦੀ ਸੱਤਾ ਵਿਚ ਮਜਬੂਤ ਹਿੱਸੇਦਾਰੀ ਲਈ ਦਾਅਵਾ ਕਰਨ ਦੇ ਯੋਗ ਬਣ ਸਕੇ। ਇਸ ਮੌਕੇ ਬਲਾਕ ਪ੍ਰਧਾਨ ਵਰੁਣ ਬੰਗੜ, ਦੇਸਰਾਜ ਝਮਟ, ਅਵਤਾਰ ਸਿੰਘ ਸਰਪੰਚ ਪੰਡਵਾ, ਪਰਸ਼ੋਤਮ ਸਿੰਘ ਵਾਹਦ ਨਰੇਸ਼ ਕੁਮਾਰ, ਗੁਰਮੀਤ ਸਿੰਘ, ਗੁਰਪ੍ਰਤਾਪ ਸਿੰਘ ਰਾਣਾ, ਹੈਪੀ ਲੱਖਪੁਰ, ਅਮਨਿੰਦਰ ਸਿੰਘ, ਰਾਕੇਸ਼ ਕੁਮਾਰ ਕੇਸ਼ੀ, ਧਰਮਵੀਰ ਸੇਠੀ, ਲਖਵੀਰ ਲਾਲ ਬੱਬੂ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡਾਂ ਦੇ ਵਸਨੀਕ ਹਾਜ਼ਰ ਸਨ।

# ਸ਼ਬਦ ਗਾਇਨ ਕਰਕੇ ਮਨਾਈ ਬਰਸੀ



**ਕਰਤਾਰਪੁਰ (ਹਰਮੇਸ਼ ਦੱਤ)** ਗੁਰਦੁਆਰਾ ਸੰਤ ਬਾਬਾ ਨਿਧਾਨ ਸਿੰਘ ਦੀ ਬਰਸੀ ਕਰਤਾਰਪੁਰ ਵਿਖੇ ਸ਼ਰਧਾ ਭਾਵਨਾ ਨਾਲ ਮਨਾਈ ਗਈ। ਇਸ ਦੌਰਾਨ ਸੰਤ ਬਾਬਾ ਨਿਧਾਨ ਸਿੰਘ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਦੌਰਾਨ ਸੰਗਤਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ ਅਤੇ ਅਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਚੇਅਰਪਰਸਨ ਸੁਰਿੰਦਰ ਕੌਰ, ਡਾ: ਚਰਨ ਸਿੰਘ, ਡਾ: ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ ਅਤੇ ਪ੍ਰਿੰਸੀਪਲ ਕੰਵਲਜੀਤ ਕੌਰ, ਸਟਾਫ ਮੈਂਬਰ, ਸੰਗਤ ਅਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

# ਚੋਣਾਂ ਨੂੰ ਲੈ ਕੇ ਧਾਲੀਵਾਲ ਵੱਲੋਂ ਮੁਹੱਲਾ ਧਰਮਕੋਟ 'ਚ ਮੀਟਿੰਗ

**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)**-ਕਾਂਗਰਸ ਪਾਰਟੀ ਦੀ ਲੋਕ ਸਭਾ ਚੋਣ ਮੁਹਿੰਮ ਨੂੰ ਉਸ ਸਮੇਂ ਭਾਰੀ ਹੁਲਾਰਾ ਮਿਲਿਆ ਜਦੋਂ ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵੱਲੋਂ ਸ਼ਹਿਰ ਦੇ ਵਾਰਡ ਨੰਬਰ 4 ਮੁਹੱਲਾ ਧਰਮਕੋਟ 'ਚ ਸਾਬਕਾ ਵਾਰਡ ਕੌਂਸਲਰ ਦਰਸ਼ਨ ਲਾਲ ਧਰਮਸੋਤ ਦੇ ਗ੍ਰਹਿ ਵਿਖੇ ਮੀਟਿੰਗ ਕੀਤੀ। ਮੀਟਿੰਗ ਦੌਰਾਨ ਸਮੂਹ ਬਾਜ਼ੀਗਰ ਭਾਈਚਾਰੇ ਨੇ ਕਾਂਗਰਸ ਪਾਰਟੀ ਦੇ ਹੱਕ ਵਿੱਚ ਵੋਟਾਂ ਪਾਉਣ ਦਾ ਭਰੋਸਾ ਦਿੱਤਾ। ਮੀਟਿੰਗ ਦੌਰਾਨ ਵਿਧਾਇਕ ਧਾਲੀਵਾਲ ਨੇ ਵਾਰਡ ਵਾਸੀਆਂ ਨੂੰ ਕਾਂਗਰਸ ਪਾਰਟੀ ਦੀਆਂ ਧਰਮ ਨਿਰਪੱਖ ਨੀਤੀਆਂ ਅਤੇ ਕੇਂਦਰ ਦੀ ਮੋਦੀ ਸਰਕਾਰ ਦੇ ਗਲਤ ਫੈਸਲਿਆਂ ਤੋਂ ਜਾਣੂ ਕਰਵਾਇਆ ਅਤੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਕਾਂਗਰਸੀ ਉਮੀਦਵਾਰ ਯਾਮਿਨੀ ਗੋਮਰ ਨੂੰ ਜਿਤਾਉਣ ਦੀ ਅਪੀਲ ਕੀਤੀ। ਇਸ ਮੌਕੇ ਦਰਸ਼ਨ ਲਾਲ ਧਰਮਸੋਤ ਸਾਬਕਾ ਕੌਂਸਲਰ ਨੇ ਦੱਸਿਆ ਕਿ ਮੁਹੱਲਾ ਧਰਮਕੋਟ ਦੇ ਸਮੂਹ ਵਸਨੀਕਾਂ ਨੇ ਭਰੋਸਾ ਦਿੱਤਾ ਕਿ ਮੁਹੱਲਾ ਵਾਸੀ ਕਾਂਗਰਸੀ ਉਮੀਦਵਾਰ ਨੂੰ ਵੋਟਾਂ ਪਾ ਕੇ ਕਾਮਯਾਬ ਕਰਨਗੇ। ਇਸ ਮੌਕੇ ਅਸ਼ੋਕ ਕਮਲ ਧਰਮਸੋਤ, ਚਰਨਜੀਤ ਧਰਮਸੋਤ, ਰਵੀ ਧਰਮਸੋਤ, ਸੁਕਰ ਧਰਮਸੋਤ, ਸੁੱਚਾ, ਧਰਮਸੋਤ, ਅਮੀਰ ਧਰਮਸੋਤ, ਸਿੱਧੂ ਟਰਾਂਸਪੋਰਟ ਵਾਲਾ, ਸੋਮਨਾਥ ਪੰਜੂਕਾ, ਸੁਖਦੇਵ ਸਿੰਘ ਸਾਬਕਾ ਐਸ.ਡੀ.ਓ. ਪੀ.ਡਬਲਿਊ.ਡੀ, ਰਾਜੂ ਭੁੱਲਾਰਾਈ ਵੀ ਸ਼ਾਮਲ ਸਨ।

# ਚੋਣ ਅਮਲੇ ਦੀਆਂ ਦੂਰ-ਦੁਰੇਡੇ ਡਿਊਟੀਆਂ ਲਗਾਉਣ ਦੀ ਨਿਖੇਧੀ

**ਸ਼ਾਹਕੋਟ (ਗਿਆਨ ਸੈਦਪੁਰੀ)**-ਲੋਕ ਸਭਾ ਦੀਆਂ ਚੋਣਾਂ ਵਿੱਚ ਚੋਣ ਅਮਲੇ ਦੀ ਦੂਰ-ਦੁਰੇਡੇ ਡਿਊਟੀਆਂ ਲਗਾਉਣ ਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਗੁਰਮੀਤ ਸਿੰਘ ਕੋਟਲੀ, ਸਕੱਤਰ ਅਵਤਾਰ ਲਾਲ, ਬਲਾਕ ਸ਼ਾਹਕੋਟ ਦੇ ਪ੍ਰਧਾਨ ਸੁਖਵਿੰਦਰਪ੍ਰੀਤ ਸਿੰਘ ਅਤੇ ਸਕੱਤਰ ਅੰਮ੍ਰਿਤਪਾਲ ਸਿੰਘ ਨੇ ਨਿਖੇਧੀ ਕਰਦੇ ਕਿਹਾ ਕਿ ਜ਼ਿਲ੍ਹਾ ਚੋਣ ਅਧਿਕਾਰੀਆਂ ਵੱਲੋਂ ਅਧਿਆਪਕਾਂ ਸਮੇਤ ਸਮੁੱਚੇ ਚੋਣ ਅਮਲੇ ਦੀਆਂ ਦੂਰ-ਦੁਰੇਡੇ ਡਿਊਟੀਆਂ ਲਗਾ ਕੇ ਸਾਬਿਤ ਕਰ ਦਿਤਾ ਕਿ ਉਨ੍ਹਾਂ ਨੂੰ ਪੰਜਾਬ ਦੇ ਚੋਣ ਕਮਿਸ਼ਨ ਵੱਲੋਂ ਔਰਤਾਂ ਤੇ ਹੋਰ ਲੋੜਵੰਦਾਂ ਦੀਆਂ ਡਿਊਟੀਆਂ ਉਨ੍ਹਾਂ ਦੇ ਬਲਾਕਾਂ ਵਿਚ ਲਗਾਉਣ ਲਈ ਜਾਰੀ ਕੀਤੇ ਪੱਤਰ ਦੀ ਕੋਈ ਪਰਵਾਹ ਨਹੀ ਹੈ।ਅਜਿਹਾ ਕਰਕੇ ਅਫ਼ਸਰਸ਼ਾਹੀ ਆਪਣੀ ਮਨਮਰਜੀ ਕਰਨ ਦੀ ਮਾਨਸਿਕਤਾ ਦਾ ਸਬੂਤ ਦੇ ਰਹੀ ਹੈ। ਅਧਿਆਪਕ ਆਗੂਆਂ ਨੇ ਕਿਹਾ ਕਿ ਦੂਰ ਦੁਰੇਡੇ ਡਿਊਟੀਆਂ ਲਗਾਉਣ ਕਾਰਨ ਮੁਲਾਜ਼ਮਾਂ ਵਿਚ ਭਾਰੀ ਰੋਸ਼ ਪਾਇਆ ਜਾ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਪੰਜਾਬ ਦੇ ਚੋਣ ਕਮਿਸ਼ਨ ਦੇ ਜਾਰੀ ਕੀਤੇ ਪੱਤਰ ਮੁਤਾਬਿਕ ਔਰਤਾਂ ਦੀ ਉਨ੍ਹਾਂ ਦੇ ਬਲਾਕਾਂ ਵਿਚ ਚੋਣ ਡਿਊਟੀ ਲਗਾਈ ਜਾਵੇ ਅਤੇ ਚੋਣ ਪ੍ਰਬੰਧ 'ਚ ਤਰੁਟੀਆਂ ਪਾਏ ਜਾਣ ਵਾਲੇ ਹਲਕਿਆਂ ਵਿਚ ਚੋਣ ਪ੍ਰਬੰਧ ਠੀਕ ਨਾਂ ਕਰਨ, ਰਿਜ਼ਰਵ ਸਟਾਫ ਨੂੰ ਮਿਹਨਤਾਨਾ ਨਾਂ ਦੇਣ ਅਤੇ ਚੋਣ ਅਮਲੇ ਨੂੰ ਮਿਲਣ ਵਾਲੀਆਂ ਪ੍ਰੇਸ਼ਾਨੀਆਂ ਦੀਆਂ ਸਿਕਾਇਤਾਂ ਉਪਰੰਤ ਉਨ੍ਹਾਂ ਚੋਣ ਅਧਿਕਾਰੀਆਂ ਵਿਰੁੱਧ ਵੀ ਬਨਦੀ ਕਾਰਵਾਈ ਕਰਨ ਦੀ ਜ਼ਿੰਮੇਵਾਰੀ ਤੈਅ ਕਰਨੀ ਚਾਹੀਦੀ ਹੈ।

# ਲੋਕ ਸਭਾ ਸੀਟਾਂ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜ਼ਬਰਦਸਤ ਜਿੱਤ ਪ੍ਰਾਪਤ ਕਰਨਗੇ : ਵਲਟੋਹਾ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**- ਸ਼੍ਰੋਮਣੀ ਅਕਾਲੀ ਦਲ ਨੇ ਲੋਕ ਸਭਾ ਚੋਣਾਂ ਲਈ ਰਣਨੀਤੀ ਤਿਆਰ ਕਰ ਲਈ ਹੈ ਅਤੇ ਅੱਜ ਸੁਲਤਾਨਪੁਰ ਲੋਧੀ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਖਡੂਰ ਸਾਹਿਬ ਤੋਂ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਵੱਲੋਂ ਪਾਰਟੀ ਵਰਕਰਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ। ਮੀਟਿੰਗ ਦੌਰਾਨ ਵਰਕਰਾਂ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ 13 ਲੋਕ ਸਭਾ ਸੀਟਾਂ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜ਼ਬਰਦਸਤ ਜਿੱਤ ਪ੍ਰਾਪਤ ਕਰਨਗੇ । ਉਨ੍ਹਾਂ ਕਿਹਾ ਕਿ ਮੈਂ ਖੁਦ ਪੰਥਕ ਪਰਵਾਰ ਤੋਂ ਹਾਂ । ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਨੂੰ ਅੱਗੇ ਲਿਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਨੇ ਬੰਦੀ ਸਿੰਘਾਂ ਦੀ ਰਿਹਾਈ ਦੀ ਗੱਲ ਕੀਤੀ ਹੈ। ਉਹ ਸ਼੍ਰੋਮਣੀ ਅਕਾਲੀ ਦਲ ਨੇ ਹੀ ਕੀਤੀ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਸੰਵਿਧਾਨ ਨੂੰ ਨਹੀਂ ਮੰਨਦੇ ਤਾਂ ਉਹ ਚੋਣ ਕਿਵੇਂ ਲੜਨਗੇ। ਉਨ੍ਹਾਂ ਕਿਹਾ ਕਿ ਪੰਜਾਬ ਨਾਲ ਧੋਖਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਹੋਰ ਵੀ ਬੰਦੀ ਸਿੰਘ ਹਨ, ਉਨ੍ਹਾਂ ਬਾਰੇ ਕੋਈ ਗੱਲ ਕਿਉਂ ਨਹੀਂ ਕਰ ਰਿਹਾ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਸਿਰਫ਼ ਲੋਕਾਂ ਨੂੰ ਗੁੰਮਰਾਹ ਕਰਨ ਵਿੱਚ ਲੱਗੀ ਹੋਈ ਹੈ। ਉਨ੍ਹਾਂ ਕਾਂਗਰਸ ਪਾਰਟੀ 'ਤੇ ਵੀ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਕਾਂਗਰਸ ਪਾਰਟੀ ਨੇ ਸਾਡੇ ਤਖ਼ਤ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕਰਵਾਇਆ ਹੈ । ਜਿਸ ਦੌਰਾਨ ਹਜ਼ਾਰਾਂ ਸਿੱਖ ਨੌਜਵਾਨ ਸ਼ਹੀਦ ਹੋਏ ਸਨ। ਉਨ੍ਹਾਂ ਸਮੂਹ ਹਲਕੇ ਦੇ ਵੋਟਰਾਂ ਅਤੇ ਸਮਰਥਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਇੱਕ-ਇੱਕ ਵੋਟ ਸ਼੍ਰੋਮਣੀ ਅਕਾਲੀ ਦਲ ਨੂੰ ਪਾਉਣ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਪ੍ਰੀਤ ਕੌਰ ਰੂਹੀ, ਇੰਜਨੀਅਰ ਸਵਰਨ ਸਿੰਘ ਪ੍ਰਧਾਨ ਖਾਲਸਾ ਕਾਲਜ, ਸ਼੍ਰੋਮਣੀ ਕਮੇਟੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਡੋਗਰਾਂਵਾਲ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਨਾਨਕਪੁਰ, ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਮਹਿੰਦਰ ਸਿੰਘ ਆਹਲੀ, ਸਾਬਕਾ ਚੇਅਰਮੈਨ ਸੁਰਜੀਤ ਸਿੰਘ ਢਿੱਲੋਂ, ਸੁਪਰਵਾਈਜ਼ਰ ਜਰਨੈਲ ਸਿੰਘ ਬੂਲੇ, ਯੂਥ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਦਰਬਾਰਾ ਸਿੰਘ ਵਿਰਦੀ, ਬਲਾਕ ਪ੍ਰਧਾਨ ਮਨਜੀਤ ਸਿੰਘ ਗੋਲਡੀ ਅਤੇ ਸਮੂਹ ਵਰਕਰਾਂ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਦਾ ਸੁਲਤਾਨਪੁਰ ਲੋਧੀ ਪੁੱਜਣ 'ਤੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ।

# ਗਰਮੀ ਤੇ ਲੂ ਦੇ ਮੌਸਮ ਦੇ ਮੱਦੇਨਜ਼ਰ ਮਤਦਾਨ ਕੇਂਦਰਾਂ 'ਤੇ ਬਚਾਅ ਲਈ ਪੁਖਤਾ ਪ੍ਰਬੰਧ

**ਮੋਹਾਲੀ (ਗੁਰਜੀਤ ਬਿੱਲਾ)** ਜ਼ਿਲ੍ਹਾ ਚੋਣ ਅਫ਼ਸਰ ਆਸ਼ਿਕਾ ਜੈਨ ਨੇ ਮਤਦਾਨ ਮੌਕੇ ਜੂਨ ਮਹੀਨੇ ਵਿੱਚ ਮੌਸਮ ਦੀ ਗਰਮੀ ਅਤੇ ਲੂ ਦੀ ਸੰਭਾਵਨਾ ਕਾਰਨ ਆਉਣ ਵਾਲੀ ਵੱਖਰੀ ਤਰ੍ਹਾਂ ਦੀ ਚੁਣੌਤੀ ਦਾ ਸਾਹਮਣਾ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਵਿੱਚ ਚੋਣ ਪ੍ਰਕਿਰਿਆ ਦੌਰਾਨ ਗਰਮੀ ਅਤੇ ਲੂ ਨਾਲ ਜੁੜੇ ਸੰਭਾਵੀ ਖਤਰਿਆਂ ਨਾਲ ਨਜਿੱਠਣ ਲਈ ਸਹਾਇਕ ਰਿਟਰਨਿੰਗ ਅਫ਼ਸਰਾਂ ਨੂੰ ਅਸਰਦਾਰ ਕਦਮ ਚੁੱਕਣ ਲਈ ਕਿਹਾ ਹੈ।ਮੁਹਾਲੀ, ਖਰੜ ਅਤੇ ਡੇਰਾਬੱਸੀ ਵਿਖੇ ਪੋਲਿੰਗ ਸਟਾਫ਼ ਦੇ ਸਿਖਲਾਈ ਸਥਾਨਾਂ ਦੇ ਦੌਰੇ ਦੌਰਾਨ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਸਹਾਇਕ ਰਿਟਰਨਿੰਗ ਅਫ਼ਸਰਾਂ (ਐਸ ਡੀ ਐਮਜ਼) ਨਾਲ ਪਹਿਲਾਂ ਹੀ ਕੀਤੀ ਜਾ ਚੁੱਕੀ ਵਿਸਤ੍ਰਿਤ ਮੀਟਿੰਗ ਅਨੁਸਾਰ ਉਨ੍ਹਾਂ ਨੂੰ ਇਸ ਸੰਬੰਧੀ ਜਾਣੂ ਕਰਵਾਇਆ ਗਿਆ ਹੈ ਕਿ ਮਤਦਾਨ ਵਾਲੇ ਦਿਨ ਮੌਸਮ ਦੀ ਤਪਿਸ਼ ਦੀਆਂ ਸਥਿਤੀਆਂ ਨਾਲ ਨਜਿੱਠਣ ਲਈ ਬਹੁਤ ਜ਼ਿਆਦਾ ਧਿਆਨ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਚੋਣਾਂ ਦੇ ਮੱਦੇਨਜ਼ਰ 'ਹੀਟ ਵੇਵ ਮੈਨੇਜਮੈਂਟ' ਨੂੰ ਪੋਲਿੰਗ ਸਟਾਫ ਦੀ ਸਿਖਲਾਈ ਦੇ ਹਿੱਸੇ ਵਜੋਂ ਪਹਿਲਾਂ ਹੀ ਸਿਖਲਾਈ ਸ਼ਾਮਲ ਕੀਤਾ ਗਿਆ ਹੈ। ਪੋਲਿੰਗ ਬੂਥਾਂ 'ਤੇ ਵਾਲੰਟੀਅਰਾਂ/ਸਿਹਤ ਕਰਮਚਾਰੀਆਂ ਦਾ ਪ੍ਰਬੰਧ ਕਰਕੇ ਢੁੱਕਵੇਂ ਉਪਾਵਾਂ ਜਿਵੇਂ ਕਿ ਗਿੱਲੇ ਤੌਲੀਏ, ਪੀਣ ਵਾਲੇ ਪਾਣੀ ਅਤੇ ਓ ਆਰ ਐਸ ਪਾਊਚ ਆਦਿ ਦਾ ਪ੍ਰਬੰਧ ਕਰਨ ਤੋਂ ਇਲਾਵਾ ਏ.ਆਰ.ਓਜ਼ ਨੂੰ ਵੱਧ ਤੋਂ ਵੱਧ ਪੱਖੇ/ਕੂਲਰ, ਹਾਈਡ੍ਰੇਸ਼ਨ ਸਟੇਸ਼ਨ, ਕਮਜ਼ੋਰ ਅਤੇ ਸਰੀਰਕ ਤੌਰ 'ਤੇ ਅਸਮਰੱਥ ਵੋਟਰਾਂ ਲਈ ਉਡੀਕ ਖੇਤਰ, ਮੈਡੀਕਲ ਸਹੂਲਤਾਂ, ਲਚਕਦਾਰ ਕਤਾਰ ਪ੍ਰਬੰਧਨ ਅਤੇ ਐਮਰਜੈਂਸੀ ਪ੍ਰਤੀਕਿਰਿਆ ਯੋਜਨਾ ਆਦਿ ਦਾ ਪ੍ਰਬੰਧ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਸਾਲਾਨਾ ਜੋੜ ਮੇਲਾ 24 ਜੂਨ ਤੋਂ ਸ਼ੁਰੂ



**ਫਿਲੌਰ (ਬੀ ਐਸ ਕੈਨੇਡੀ)** ਇਥੇ ਪੰਜ ਪੀਰ ਦਰਬਾਰ ਦੇ ਮੁਖੀ ਬਾਬਾ ਹਾਫਿਜ ਸਾਹਿਜਾਦ ਸ਼ਾਹ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਦਰਬਾਰ ਹਜ਼ਰਤ ਸ਼ੇਖ ਦਾਤਾ ਪੰਜ ਪੀਰ ਦਰਬਾਰ ਦਾ ਸਾਲਾਨਾ ਧਾਰਮਿਕ ਮੇਲਾ 24, 25, 26 ਜੂਨ ਨੂੰ ਬੜੀ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ, 24 ਜੂਨ ਦਿਨ ਸ਼ੁੱਕਰਵਾਰ ਨੂੰ ਝੰਡੇ ਦੀ ਰਸਮ ਉੱਘੇ ਕਾਂਗਰਸੀ ਆਗੂ ਰਾਜਪਾਲ ਸਿੰਘ ਅਟਵਾਲ ਉਨ੍ਹਾ ਦੇ ਨਾਲ ਪਵਨ ਕੁਮਾਰ ਅਗਰਵਾਲ, ਸਤਪਾਲ ਸੁਮਨ, ਰਾਜ ਕੁਮਾਰ ਸੰਧੂ, ਰਾਜੇਸ਼ ਰੋਕਸੀ, ਯਾਦਵਿੰਦਰ ਅਤੇ ਪੰਮਾ ਸ਼ਿਰਕਤ ਕਰਨਗੇ। ਇਹ ਸਾਲਾਨਾ ਜੋੜ ਮੇਲਾ ਤਿੰਨ ਦਿਨ ਚੱਲੇਗਾ। ਪੰਜਾਬ ਦੇ ਮਸ਼ਹੂਰ ਕਲਾਕਾਂਰ ਆਪਣਾ ਧਾਰਮਿਕ ਪ੍ਰੋਗਰਾਮ ਪੇਸ਼ ਕਰਨਗੇ।

# ਚੋਰੀ ਦੇ ਮੋਟਰਸਾਈਕਲ ਸਮੇਤ ਇੱਕ ਕਾਬੂ

**ਨਵਾਂਸ਼ਹਿਰ, (ਮਨੋਜ ਲਾਡੀ)** - ਥਾਣਾ ਕਾਠਗੜ੍ਹ ਦੀ ਪੁਲਸ ਨੇ ਮੋਟਰਸਾਈਕਲ ਚੋਰੀ ਦੇ ਇਕ ਮੁਲਜ਼ਮ ਨੂੰ ਕਾਬੂ ਕਰ ਕੇ ਉਸ ਕੋਲੋਂ ਚੋਰੀ ਦੇ ਨੰਬਰ ਵਾਲੀ ਮੋਟਰਸਾਈਕਲ ਬਰਾਮਦ ਕੀਤੀ ਹੈ, ਜਦਕਿ ਦੂਜੇ ਸਾਥੀ ਦੀ ਗ੍ਰਿਫ਼ਤਾਰੀ ਅਜੇ ਬਾਕੀ ਹੈ।ਜਾਣਕਾਰੀ ਦਿੰਦੇ ਹੋਏ ਏ ਐੱਸ ਆਈ ਸਤਵੰਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਕਾਠਗੜ੍ਹ ਬਾਜ਼ਾਰ ਦੇ ਮੋੜ 'ਤੇ ਮੌਜੂਦ ਸੀ ਤਾਂ ਪੁਲਸ ਦੇ ਮੁਖਬਰ ਖਾਸ ਨੇ ਸੂਚਨਾ ਦਿੱਤੀ ਕਿ ਪ੍ਰਦੀਪ ਕੁਮਾਰ ਉਰਫ ਵਿੱਕੀ ਪੁੱਤਰ ਜਗਜੀਤ ਸਿੰਘ ਵਾਸੀ ਪਿੰਡ ਮਾਲੇਵਾਲ ਅਤੇ ਚਰਨ ਦਾਸ ਉਰਫ ਸੋਨੂੰ ਵਾਸੀ ਝੰਡੂਪੁਰ ਥਾਣਾ ਪੋਜੇਵਾਲ ਦੇ ਰਹਿਣ ਵਾਲੇ ਚੋਰੀ ਦੀ ਬਾਈਕ ਵੇਚਣ ਦਾ ਧੰਦਾ ਕਰਦੇ ਹਨ। ਉਕਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਪੁਲਸ ਨੇ ਪ੍ਰਦੀਪ ਕੁਮਾਰ ਉਰਫ ਵਿੱਕੀ ਨੂੰ ਕਾਬੂ ਕਰ ਕੇ ਉਸ ਕੋਲੋਂ ਮੋਟਰਸਾਈਕਲ ਹੀਰੋ ਸਪਲੈਂਡਰ ਬਰਾਮਦ ਕਰ ਲਿਆ ਗਿਆ ਹੈ, ਜਦਕਿ ਦੂਜੇ ਸਾਥੀ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

# ਡਿਪਟੀ ਕਮਿਸ਼ਨਰ ਵੱਲੋਂ ਗਿਣਤੀ ਕੇਂਦਰਾਂ ਤੇ ਸਟਰਾਂਗ ਰੂਮਾਂ ਦਾ ਨਿਰੀਖਣ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**-ਡਿਪਟੀ ਕਮਿਸ਼ਨਰ-ਕਮ-ਰਿਟਰਨਿੰਗ ਅਫ਼ਸਰ ਲੋਕ ਸਭਾ ਹਲਕਾ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਲੋਕ ਸਭਾ ਚੋਣਾਂ-2024 ਸੰਬੰਧੀ ਰਿਆਤ ਬਾਹਰਾ ਗਰੁੱਪ ਆਫ ਇੰਸਟੀਚਿਊਟਸ, ਹੁਸ਼ਿਆਰਪੁਰ ਵਿਖੇ ਸਥਾਪਿਤ ਕੀਤੇ ਗਏ ਗਿਣਤੀ ਕੇਂਦਰਾਂ ਅਤੇ ਸਟਰਾਂਗ ਰੂਮਾਂ ਦਾ ਨਿਰੀਖਣ ਕੀਤਾ।ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਵੋਟਿੰਗ ਮਸ਼ੀਨਾਂ ਦੀ ਪੂਰਨ ਸੁਰੱਖਿਆ ਅਤੇ ਗਿਣਤੀ ਵਾਲੇ ਦਿਨ ਵੋਟਾਂ ਦੀ ਪਾਰਦਰਸ਼ੀ ਢੰਗ ਨਾਲ ਗਿਣਤੀ ਸੰਬੰਧੀ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।ਇਸ ਤੋਂ ਇਲਾਵਾ ਉਨ੍ਹਾਂ ਲਗਾਏ ਜਾ ਰਹੇ ਗਿਣਤੀ ਟੇਬਲਾਂ, ਬੈਰੀਕੇਡਿੰਗ, ਸੁਰੱਖਿਆ, ਮੀਡੀਆ ਸੈਂਟਰ, ਪਾਰਕਿੰਗ, ਵਾਸ਼ਰੂਮਾਂ ਅਤੇ ਹੋਰਨਾਂ ਇੰਤਜ਼ਾਮਾਂ ਦਾ ਵੀ ਮੁਆਇਨਾ ਕੀਤਾ।ਉਨ੍ਹਾਂ ਦੱਸਿਆ ਕਿ ਲੋਕ ਸਭਾ ਚੋਣਾਂ-2024 ਤਹਿਤ ਲੋਕ ਸਭਾ ਹਲਕਾ ਹੁਸ਼ਿਆਰਪੁਰ ਵਿਖੇ 1 ਜੂਨ ਨੂੰ ਪੈਣ ਵਾਲੀਆਂ ਵੋਟਾਂ ਦੀ ਗਿਣਤੀ 4 ਜੂਨ 2024 ਨੂੰ ਹੋਵੇਗੀ।ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਲੋਕ ਸਭਾ ਹਲਕੇ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੀ ਵੋਟਾਂ ਦੀ ਗਿਣਤੀ ਲਈ ਦੋ ਥਾਵਾਂ 'ਤੇ ਗਿਣਤੀ ਕੇਂਦਰ ਬਣਾਏ ਗਏ ਹਨ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ, ਮੁਕੇਰੀਆਂ, ਦਸੂਹਾ, ਉੜਮੁੜ, ਚੱਬੇਵਾਲ, ਭੁਲੱਥ ਅਤੇ ਫਗਵਾੜਾ ਦੀ ਗਿਣਤੀ ਰਿਆਤ ਬਾਹਰਾ ਗਰੁੱਪ ਆਫ ਇੰਸਟੀਚਿਊਟਸ, ਹੁਸ਼ਿਆਰਪੁਰ ਵਿਖੇ ਹੋਵੇਗੀ ਜਦਕਿ ਵਿਧਾਨ ਸਭਾ ਹਲਕਾ ਸ੍ਰੀ ਹਰਗੋਬਿੰਦਪੁਰ ਅਤੇ ਸ਼ਾਮ ਚੌਰਾਸੀ ਦੀ ਗਿਣਤੀ ਮਲਟੀ ਸਕਿੱਲ ਡਿਵੈਲਪਮੈਂਟ ਸੈਂਟਰ ਹੁਸ਼ਿਆਰਪੁਰ ਵਿਖੇ ਹੋਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਹੁਸ਼ਿਆਰਪੁਰ ਰਾਹੁਲ ਚਾਬਾ, ਐਸ. ਡੀ. ਐਮ ਹੁਸ਼ਿਆਰਪੁਰ-ਕਮ-ਏ. ਆਰ. ਓ ਵਿਧਾਨ ਸਭਾ ਹਲਕਾ ਹੁਸ਼ਿਆਰਪੁਰ ਪ੍ਰੀਤਇੰਦਰ ਸਿੰਘ ਬੈਂਸ, ਐਸ. ਪੀ ਮਨੋਜ ਕੁਮਾਰ, ਤਹਿਸੀਲਦਾਰ ਚੋਣਾਂ ਸਰਬਜੀਤ ਸਿੰਘ, ਤਹਿਸੀਲਦਾਰ ਹੁਸ਼ਿਆਰਪੁਰ ਗੁਰਸੇਵਕ ਚੰਦ, ਜ਼ਿਲ੍ਹਾ ਸਿਸਟਮ ਮੈਨੇਜਰ ਚਰਨ ਕਮਲ ਸਿੰਘ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹਰਦੇਵ ਸਿੰਘ ਆਸੀ, ਕਾਨੂੰਗੋ ਚੋਣਾਂ ਦੀਪਕ ਕੁਮਾਰ ਤੇ ਹਰਪ੍ਰੀਤ ਕੌਰ, ਐਸ. ਡੀ. ਓ ਰਵਿੰਦਰ ਸਿੰਘ ਤੇ ਹੋਰ ਅਧਿਕਾਰੀ ਹਾਜ਼ਰ ਸਨ।

# ਧਾਲੀਵਾਲ ਨੇ ਉਂਕਾਰ ਨਗਰ 'ਚ ਕੀਤੀ ਚੋਣਾਂ ਸੰਬੰਧੀ ਮੀਟਿੰਗ

**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)** ਜ਼ਿਲ੍ਹਾ ਕਪੂਰਥਲਾ ਕਾਂਗਰਸ ਕਮੇਟੀ ਦੇ ਪ੍ਰਧਾਨ ਅਤੇ ਫਗਵਾੜਾ ਹਲਕੇ ਤੋਂ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਹਲਕਾ ਹੁਸ਼ਿਆਰਪੁਰ ਤੋਂ ਕਾਂਗਰਸ ਪਾਰਟੀ ਦੀ ਉਮੀਦਵਾਰ ਯਾਮਿਨੀ ਗੋਮਰ ਦੇ ਹੱਕ ਵਿੱਚ ਸ਼ਹਿਰ ਦੇ ਵਾਰਡ ਨੰਬਰ 28 ਮੁਹੱਲਾ ਉਂਕਾਰ ਨਗਰ ਵਿਖੇ ਚੋਣ ਮੀਟਿੰਗ ਕੀਤੀ।ਮੁਹੱਲਾ ਵਾਸੀਆਂ ਹਰਸ਼ ਸ਼ਰਮਾ ਅਤੇ ਸੁਨੀਲ ਪਾਂਡੇ ਦੀ ਅਗਵਾਈ ਹੇਠ ਹੋਈ ਮੀਟਿੰਗ ਦੌਰਾਨ ਵਿਧਾਇਕ ਧਾਲੀਵਾਲ ਨੇ ਕਿਹਾ ਕਿ ਪਿਛਲੇ ਦਸ ਸਾਲਾਂ ਵਿੱਚ ਮੋਦੀ ਸਰਕਾਰ ਨੇ ਸਿਰਫ਼ ਝੂਠ ਬੋਲ ਕੇ ਦੇਸ਼ ਦੀ ਜਨਤਾ ਨੂੰ ਗੁੰਮਰਾਹ ਕੀਤਾ ਹੈ।ਦੂਜੇ ਪਾਸੇ ਭ੍ਰਿਸ਼ਟਾਚਾਰ ਖਤਮ ਕਰਨ ਦੇ ਨਾਅਰੇ ਦੇ ਨਾਲ ਪੰਜਾਬ ਦੀ ਸੱਤਾ 'ਚ ਆਈ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਖੁਦ ਭ੍ਰਿਸ਼ਟਾਚਾਰ ਦੇ ਇਕ ਮਾਮਲੇ 'ਚ ਜੇਲ 'ਚ ਹਨ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਕੇਂਦਰ ਵਿੱਚ ਕਾਂਗਰਸ ਪਾਰਟੀ ਅਤੇ 'ਇੰਡੀਆ' ਗਠਜੋੜ ਦੀ ਸਰਕਾਰ ਬਣਾਉਣ ਵਿੱਚ ਸਹਿਯੋਗ ਕਰਦਿਆਂ 1 ਜੂਨ ਨੂੰ ਕਾਂਗਰਸ ਦੇ ਚੋਣ ਨਿਸ਼ਾਨ 'ਪੰਜੇ' ਵਾਲਾ ਬਟਨ ਦਬਾਅ ਕੇ ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਪਾਰਟੀ ਉਮੀਦਵਾਰ ਯਾਮਿਨੀ ਗੋਮਰ ਨੂੰ ਜੇਤੂ ਬਨਾਉਣ। ਧਾਲੀਵਾਲ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਆਪਣੇ ਚੋਣ ਮੈਨੀਫੈਸਟੋ ਵਿੱਚ ਜੋ ਵੀ ਵਾਅਦੇ ਕੀਤੇ ਹਨ, ਉਨ੍ਹਾਂ ਨੂੰ ਹਰ ਹਾਲਤ ਵਿੱਚ ਪੂਰਾ ਕੀਤਾ ਜਾਵੇਗਾ। ਉਨ੍ਹਾਂ ਕੇਂਦਰ ਵਿਚ ਕਾਂਗਰਸ ਦੀ ਸੱਤਾ ਵਿਚ ਵਾਪਸੀ 'ਤੇ ਤਾਨਾਸ਼ਾਹੀ ਕਾਨੂੰਨਾਂ ਅਤੇ ਮੋਦੀ ਸਰਕਾਰ ਦੁਆਰਾ



ਕੀਤੇ ਗਏ ਹਰ ਗਲਤ ਫੈਸਲੇ ਨੂੰ ਵਾਪਸ ਲੈਣ ਦੀ ਗੱਲ ਵੀ ਕਹੀ।ਸਮੂਹ ਮੁਹੱਲਾ ਨਿਵਾਸੀਆਂ ਦੀ ਤਰਫੋਂ ਹਰਸ਼ ਸ਼ਰਮਾ ਅਤੇ ਸੁਨੀਲ ਪਾਂਡੇ ਨੇ ਧਾਲੀਵਾਲ ਨੂੰ ਭਰੋਸਾ ਦੁਵਾਇਆ ਕਿ ਉਹ ਇਸ ਵਾਰ ਕਾਂਗਰਸ ਨੂੰ ਵੋਟ ਪਾ ਕੇ ਯਾਮਿਨੀ ਗੋਮਰ ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ ਤਾਂ ਜੋ ਕੇਂਦਰ ਵਿੱਚ ਮੁੜ ਕਾਂਗਰਸ ਅਤੇ ਸਹਿਯੋਗੀਆਂ ਦੀ ਸਰਕਾਰ ਬਣਾਈ ਜਾ ਸਕੇ। ਇਸ ਮੌਕੇ ਸਦਾਨੰਦ, ਜਗਤਾਰ ਸਿੰਘ, ਡਾ: ਗਿਰਜਾ ਰਾਮ, ਸੁਰਿੰਦਰ ਸ਼ਰਮਾ, ਰਾਕੇਸ਼ ਸ਼ਰਮਾ, ਪਵਨ ਕੁਮਾਰ ਪੰਮੀ, ਬਾਬੂ ਲਾਲ, ਹੁਕਮ ਚੰਦ, ਚੂਨੀ ਲਾਲ, ਕ੍ਰਿਸ਼ਨ ਸ਼ਰਮਾ ਅਤੇ ਵੱਡੀ ਗਿਣਤੀ ਵਿੱਚ ਮੁਹੱਲਾ ਵਾਸੀ ਹਾਜ਼ਰ ਸਨ।

# ਸਾਰੰਗਵਾਲ 'ਚ ਬਹੁਜਨ ਸਮਾਜ ਪਾਰਟੀ ਦੇ ਹੱਕ 'ਚ ਹੋਇਆ ਭਾਰੀ ਇਕੱਠ

**ਮਾਹਿਲਪੁਰ (ਸਫਰੀ)** - ਬਹੁਜਨ ਸਮਾਜ ਪਾਰਟੀ ਲੋਕ ਸਭਾ ਹਲਕਾ ਹੁਸ਼ਿਆਰਪੁਰ ਦੇ ਉਮੀਦਵਾਰ ਰਕੇਸ਼ ਸੁਮਨ ਦੇ ਹੱਕ 'ਚ ਹਲਕਾ ਚੱਬੇਵਾਲ ਦੇ ਪ੍ਰਧਾਨ ਜਸ ਭੱਟੀ ਦੀ ਪ੍ਰਧਾਨਗੀ ਹੇਠ ਪਿੰਡ ਸਾਰੰਗਵਾਲ ਦੇ ਪਿੰਡ ਵਿੱਚ ਵੱਡਾ ਇਕੱਠ ਹੋਇਆ, ਜਿਸ ਵਿੱਚ ਰਕੇਸ਼ ਸੁਮਨ ਲੋਕ ਸਭਾ ਹਲਕਾ ਹੁਸ਼ਿਆਰਪੁਰ ਨੇ ਪਹਿਲੀ ਜੂਨ ਨੂੰ ਆਪਣੀ ਇਕ ਇਕ ਕੀਮਤੀ ਵੋਟ ਹਾਥੀ ਦੇ ਨਿਸ਼ਾਨ 'ਤੇ ਪਾਉਣ ਦੀ ਬੇਨਤੀ ਕੀਤੀ। ਉਹਨਾਂ ਦੇ ਨਾਲ ਗੁਰਲਾਲ ਸੈਲਾ ਜਨਰਲ ਸਕੱਤਰ ਪੰਜਾਬ ਲੋਕ ਸਭਾ ਇੰਚਾਰਜ ਹੁਸ਼ਿਆਰਪੁਰ , ਠੇਕੇਦਾਰ ਰਜਿੰਦਰ ਸਿੰਘ ਜਨਰਲ ਸਕੱਤਰ ਪੰਜਾਬ ਇੰਚਾਰਜ ਹਲਕਾ ਚੱਬੇਵਾਲ, ਮਹਿੰਦਰ ਸੁਮਨ, ਹਰਬੰਸ ਸਿੰਘ ਢੰਡਾ, ਸਤਪਾਲ ਬੰਗਾ, ਭਾਈਸ ਪ੍ਰਧਾਨ ਮਾਸਟਰ ਹਰੀ ਸਿੰਘ ਬਾਮਸੇਫ ਆਗੂ ਆਦਿ ਨੇ ਸੰਬੋਧਨ ਵਿੱਚ ਰਕੇਸ਼ ਸੁਮਨ ਦੇ ਹੱਕ ਵਿੱਚ ਇੱਕ ਇੱਕ ਵੋਟ ਪਾਉਣ ਦੀ ਬੇਨਤੀ ਕੀਤੀ। ਟੀਮ 'ਚ ਜੈ ਪ੍ਰਕਾਸ਼, ਮਨਦੀਪ ਸਿੰਘ ਸੈਕਟਰ ਪ੍ਰਧਾਨ, ਮਾਸਟਰ ਓਮ ਪ੍ਰਕਾਸ਼ ਭੇੜੂਆ, ਪ੍ਰਿਥੀ ਨੱਸਰਾਂ, ਬਲਵੀਰ ਸਿੰਘ ਸੁਖਦੇਵ ਸਿੰਘ, ਬਿੱਲਾ ਅਤੇ ਮੰਗਾ ਆਦਿ ਹਾਜ਼ਰ ਸਨ।



# ਸਾਂਝਾ ਫਰੰਟ 15 ਤੋਂ 31 ਮਈ ਤੱਕ ਮੁਲਾਜ਼ਮ ਮਜ਼ਦੂਰ ਪੈਨਸ਼ਨਰ ਮਾਰੂ ਨੀਤੀਆਂ ਦਾ ਕਰੇਗਾ ਵਿਰੋਧ





**ਜਲੰਧਰ ( ਸ਼ੈਲੀ ਐਲਬਰਟ, ਰਾਜੇਸ਼ ਥਾਪਾ)** ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਜਲੰਧਰ ਸੂਬਾਈ ਕੰਨਵੈਨਸ਼ਨ ਵਿੱਚ ਦੇਸ਼ ਦੀ ਕੇਂਦਰੀ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਜ਼ਦੂਰ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਅਤੇ ਲੋਕਤੰਤਰਿਕ ਵਿਵਸਥਾਵਾਂ ਨੂੰ ਢਾਅ ਲਾਉਣ ਵਾਲੇ ਤਾਨਾਸ਼ਾਹੀ ਵਿਵਹਾਰ ਦੀ ਪੁਰ-ਜ਼ੋਰ ਨਿਖੇਧੀ ਕਰਦਿਆਂ ਕੇਂਦਰ ਸਰਕਾਰ ਨੂੰ ਗਦੀ ਤੋਂ ਲਾਹੁਣ ਤੇ ਰਾਜ ਸਰਕਾਰ ਨੂੰ ਇਨ੍ਹਾਂ ਲੋਕ ਸਭਾ ਚੋਣਾ ਵਿੱਚ ਸਬਕ ਸਿਖਾਉਣ ਦਾ ਮਤਾ ਪਾਸ ਕੀਤਾ ਗਿਆ।ਸਾਂਝੇ ਫਰੰਟ ਦੇ ਸੂਬਾਈ ਕਨਵੀਨਰ ਸਤੀਸ਼ ਰਾਣਾ ਵੱਲੋਂ ਰੱਖੇ ਮਤੇ ਤੇ ਅਤੇ ਸਟੇਜ ਦਾ ਸੰਚਾਲਨ ਕਰਦੇ ਹੋਏ ਸਵਿੰਦਰਪਾਲ ਸਿੰਘ ਮੋਲੋਵਾਲੀ ਵਲੋ ਰੱਖੇ ਵਿਚਾਰਾਂ ਤੇ ਭਜਨ ਸਿੰਘ ਗਿੱਲ, ਗਗਨਦੀਪ ਸਿੰਘ ਭੁੱਲਰ, ਕਰਮ ਸਿੰਘ ਧਨੋਆ, ਸੁਖਦੇਵ ਸੈਣੀ, ਪ੍ਰੇਮ ਚਾਵਲਾ, ਗੁਰਪ੍ਰੀਤ ਸਿੰਘ ਗੰਡੀਵਿੰਡ, ਅਮਰੀਕ ਸਿੰਘ ਕੰਗ, ਸਰਬਜੀਤ ਸਿੰਘ ਭਾਣਾ, ਰਾਧੇ ਸਿਆਮ, ਜਗਦੀਸ਼ ਸਿੰਘ ਚਾਹਲ, ਸ਼ਿਵ ਕੁਮਾਰ ਤਿਵਾੜੀ, ਜਸਵਿੰਦਰ ਕੌਰ ਟਾਹਲੀ ਨੇ ਰੱਖੇ ਮਤੇ 'ਤੇ ਗੱਲਬਾਤ ਕਰਦਿਆਂ ਕਿਹਾ ਕਿ ਦੇਸ਼ ਦੀ ਤਾਨਾਸ਼ਾਹ ਕੇਂਦਰ ਸਰਕਾਰ ਵੱਲੋਂ ਲਗਾਤਾਰ ਪਿਛਲੇ 10 ਸਾਲਾ ਵਿੱਚ ਅਕਾਰ ਘਟਾਈ ਦੇ ਪਾਖੰਡੀ ਦਾਅਵਿਆਂ ਸੁਰੱਖਿਆ ਸੈਨਾਵਾਂ ਸਮੇਤ ਸਾਰੇ ਹੀ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ/ਅਦਾਰਿਆਂ ਦੀਆਂ ਅਸਾਮੀਆਂ , ਵਿਸ਼ੇਸ਼ ਤੌਰ 'ਤੇ ਤੀਜੇ ਚੌਥੇ ਦਰਜੇ ਦੀਆਂ ਅਸਾਮੀਆਂ ਉੱਪਰ ਕਟੌਤੀ ਦੇ ਕੁਹਾੜੇ ਚਲਾਏ ਜਾ ਰਹੇ ਹਨ।ਹਰ ਸਾਲ ਖਾਲੀ ਹੁੰਦੀਆਂ ਆਸਾਮੀਆ ਅੱਧ ਪਚੱਧੀਆ ਖਤਮ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਬਾਕੀ ਰਹਿੰਦੀਆਂ ਨੂੰ ਰੈਗੂਲਰ ਭਰਤੀ ਕਰਨ ਦੀ ਬਜਾਏ ਠੇਕਾ /ਆਊਟ ਸ਼ੋਰਸ਼ ਭਰਤੀ ਰਾਹੀ ਡੰਗ ਟਪਾਈ ਕੂਤੀ ਜਾਂਦੀ ਹੈ।ਇਸ ਤਰ੍ਹਾਂ ਮੁਲਾਜ਼ਮ 'ਤੇ ਕੰਮ ਦਾ ਭਾਰ ਲਗਾਤਾਰ ਵਧਾਇਆ ਜਾ ਰਿਹਾ ਹੈ। ਕੰਨਵੈਨਸ਼ਨ ਇਹ ਫੈਸਲਾ ਕਰਦੀ ਹੋਈ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਦੇ ਖ਼ਿਲਾਫ਼ ਫ਼ਤਵਾ ਦਿੰਦੀ ਹੋਈ 15 ਮਈ ਤੋਂ 31 ਮਈ ਤੱਕ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਅੰਦਰ ਜਨ ਚੇਤਨਾ ਮੁਹਿੰਮ ਚਲਾਈ ਜਾਵੇਗੀ ਅਤੇ ਸਾਲ ਦੇ ਅਖੀਰ ਤੱਕ ਲਾਮਿਸਾਲ ਹੜਤਾਲ ਕੀਤੀ ਜਾਵੇਗੀ।ਇਸ ਮੌਕੇ ਤੀਰਥ ਸਿੰਘ ਬਾਸੀ, ਗੁਰਵਿੰਦਰ ਸਿੰਘ, ਐਨ ਡੀ ਤਿਵਾੜੀ,ਕੁਲਵਰਨ ਸਿੰਘ,ਹਰਚੰਦ ਸਿੰਘ ਪੰਜੋਲੀ, ਕਰਤਾਰ ਸਿੰਘ ਪਾਲ, ਹਰਪਿੰਦਰ ਸਿੰਘ ਚਾਹਲ, ਹਰਭਜਨ ਸਿੰਘ, ਹਰਨਿੰਦਰ ਕੌਰ ਨੇ ਕੰਨਵੈਨਸ਼ਨ ਨੂੰ ਸੰਬੋਧਿਤ ਕੀਤਾ।

# ਇਕਬਾਲ ਸਿੰਘ ਤੇ ਸੰਤੋਸ਼ ਬਾਲਾ ਨੇ ਸਰੀਰ ਦਾਨ ਫਾਰਮ ਭਰ ਕੇ ਕੀਤੀ ਮਿਸਾਲ ਕਾਇਮ : ਸੰਜੀਵ ਅਰੋੜਾ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)** ਜਿਸ ਤਰ੍ਹਾਂ ਨੇਤਰ ਦਾਨ ਇੱਕ ਅੰਦੋਲਨ ਦਾ ਰੂਪ ਲੈ ਚੁੱਕਾ ਹੈ ਉਸੀ ਤਰ੍ਹਾਂ ਮਰਨ ਉਪਰੰਤ ਸਰੀਰ ਦਾਨ ਨੂੰ ਲੈ ਕੇ ਵੀ ਲੋਕ ਜਾਗਰੂਕ ਹੋ ਰਹੇ ਹਨ।ਕਿਉਂਕਿ ਸਰੀਰ ਦਾਨ ਕਰਨ ਨਾਲ ਮੈਡੀਕਲ ਸਾਇੰਸ ਵਿੱਚ ਨਵੀਂ ਖੋਜ ਅਤੇ ਤਕਨੀਕ ਵਿਕਸਤ ਕਰਨ ਵਿੱਚ ਸਹਿਯੋਗ ਮਿਲਦਾ ਹੈ।ਇਹ ਵਿਚਾਰ ਰੋਟਰੀ ਆਈ ਬੈਂਕ ਦੇ ਪ੍ਰਧਾਨ ਅਤੇ ਉੱਘੇ ਸਮਾਜ ਸੇਵੀ ਸੰਜੀਵ ਅਰੋੜਾ ਨੇ ਸਰੀਰ ਦਾਨ ਕਰਨ ਦਾ ਫਾਰਮ ਭਰਨ ਵਾਲੇ ਜੋੜੇ ਇਕਬਾਲ ਸਿੰਘ ਅਤੇ ਉਹਨਾਂ ਦੀ ਧਰਮ ਪਤਨੀ ਸੰਤੋਸ਼ ਬਾਲਾ ਵਾਸੀ ਮਾਊਂਟ ਐਵਨਿਊ ਨੂੰ ਸਨਮਾਨਿਤ ਕਰਦੇ ਹੋਏ ਪ੍ਰਗਟ ਕੀਤੇ।ਇਸ ਮੌਕੇ ਸੰਤੋਸ਼ ਬਾਲਾ ਨੇ ਦੱਸਿਆ ਕਿ ਉਹਨਾਂ ਦੀ ਭੈਣ ਦੀ ਮੌਤ 17 ਸਾਲ ਪਹਿਲਾਂ ਲੀਵਰ ਦੀ ਬਿਮਾਰੀ ਕਾਰਨ ਹੋਈ ਸੀ, ਉਦੋਂ ਹੀ ਉਹਨਾਂ ਨੇ ਧਾਰ ਲਿਆ ਸੀ ਕਿ ਉਹ ਮਰਨ ਉਪਰੰਤ ਆਪਣਾ ਸਰੀਰ ਦਾਨ ਕਰਨਗੇ। ਉਹ ਆਪਣੇ ਪਤੀ ਸਮੇਤ ਮਰਨ ਉਪਰੰਤ ਸਰੀਰ ਦਾਨ ਕਰਨ ਦਾ ਫਾਰਮ ਭਰ ਕੇ ਰੋਟਰੀ ਆਈ ਬੈਂਕ ਦੇ ਪ੍ਰਧਾਨ ਸੰਜੀਵ ਅਰੋੜਾ ਅਤੇ ਹੋਰਾਂ ਨੂੰ ਸੌਂਪ ਰਹੇ ਹਨ।ਇਸ ਮੌਕੇ ਸੰਜੀਵ ਅਰੋੜਾ ਨੇ ਕਿਹਾ ਕਿ ਨੇਤਰਦਾਨ ਅਤੇ ਸਰੀਰ ਦਾਨ ਦੇ ਪ੍ਰਤੀ ਜਾਗਰੂਕਤਾ ਨਾਲ ਹੀ ਕੋਰਨੀਆ ਬਲਾਈਂਡਨੈਸ ਨੂੰ ਦੂਰ ਕਰਕੇ ਪੀੜਤ ਨੂੰ ਨਵੀਂ ਰੌਸ਼ਨੀ ਦੇਣਾ ਅਤੇ ਮੈਡੀਕਲ ਸਾਇੰਸ ਨੂੰ ਉਤਸ਼ਾਹਿਤ ਕਰਨ ਦਾ ਇਹ ਸਭ ਤੋਂ ਵਧੀਆ ਸਾਧਨ ਹੈ।ਇਸਦੇ ਨਾਲ ਜਿੱਥੇ ਕਈ ਲੋਕਾਂ ਨੂੰ ਨਵੀਂ ਰੌਸ਼ਨੀ ਮਿਲ ਰਹੀ ਹੈ ਉਥੇ ਹੀ ਮਰਨ ਉਪਰੰਤ ਸਰੀਰ ਦਾਨ ਕਰਨ ਨਾਲ ਮੈਡੀਕਲ ਦੀ ਪੜ੍ਹਾਈ ਕਰ ਰਹੇ ਬੱਚਿਆਂ ਨੂੰ ਮਦਦ ਮਿਲਦੀ ਹੈ।ਇਸ ਪੁੰਨ ਦੇ ਕੰਮ ਲਈ ਇਕਬਾਲ ਸਿੰਘ ਅਤੇ ਉਹਨਾਂ ਦੀ ਧਰਮ ਪਤਨੀ ਸੰਤੋਸ਼ ਬਾਲਾ ਨੇ ਸਮਾਜ ਦੇ ਸਾਹਮਣੇ ਇੱਕ ਮਿਸਾਲ ਪੇਸ਼ ਕੀਤੀ ਹੈ ਅਤੇ ਉਹਨਾਂ ਦੀ ਇਹ ਮਿਸਾਲ ਸਮਾਜ ਸੇਵਾ ਲਈ ਕੁਝ ਕਰਨ ਦਾ ਜਜ਼ਬਾ ਰੱਖਣ ਵਾਲਿਆਂ ਲਈ ਹਮੇਸ਼ਾ ਪ੍ਰੇਰਨਾ ਦਾ ਕੰਮ ਕਰੇਗੀ। ਸ਼੍ਰੀ ਅਰੋੜਾ ਨੇ ਜੋੜੇ ਨੂੰ ਦੱਸਿਆ ਕਿ ਹੁਣ ਤੱਕ ਰੋਟਰੀ ਆਏ ਬੈਂਕ ਦੀ ਪ੍ਰੇਰਨਾ ਨਾਲ 24 ਲੋਕ ਸਰੀਰ ਦਾਨ ਕਰ ਚੁੱਕੇ ਹਨ।

ਇਸ ਮੌਕੇ ਪ੍ਰੋ. ਦਲਜੀਤ ਸਿੰਘ, ਵੀਨਾ ਚੋਪੜਾ ਅਤੇ ਪ੍ਰੋ. ਜਸਵੰਤ ਸਿੰਘ ਨੇ ਦੱਸਿਆ ਕਿ ਨੇਤਰਦਾਨ ਅਤੇ ਸਰੀਰ ਦਾਨ ਇਕ ਅਜਿਹਾ ਦਾਨ ਹੈ ਜੋ ਮਰਨ ਉਪਰੰਤ ਕਰਨਾ ਹੁੰਦਾ ਹੈ । ਇਸ ਲਈ ਸਾਨੂੰ ਜਿਉਂਦੇ ਜੀ ਫਾਰਮ ਭਰ ਕੇ ਆਪਣੀ ਇੱਛਾ ਜਾਹਰ ਕਰਨੀ ਹੁੰਦੀ ਹੈ ਤਾਂ ਕਿ ਵਿਅਕਤੀ ਦੇ ਜਾਣ ਤੋਂ ਬਾਅਦ ਕੋਈ ਰੁਕਾਵਟ ਨਾ ਪੇਸ਼ ਆਏ ਅਤੇ ਸਮਾਜ ਸੇਵਾ ਦਾ ਮਨੋਰਥ ਵੀ ਪੂਰਾ ਹੋ ਸਕੇ। ਉਹਨਾਂ ਕਿਹਾ ਕਿ ਇਸ ਤਰ੍ਹਾਂ ਦੀ ਜਾਗਰੂਕਤਾ ਦੇ ਨਾਲ ਜਿੱਥੇ ਨੇਤਰਹੀਨਤਾ ਨੂੰ ਖਤਮ ਕੀਤਾ ਜਾ ਸਕਦਾ ਹੈ ਉਥੇ ਹੀ ਮੈਡੀਕਲ ਦੀ ਪੜ੍ਹਾਈ ਕਰ ਰਹੇ ਬੱਚਿਆਂ ਦੇ ਲਈ ਮਨੁੱਖੀ ਸਰੀਰ ਨਾਲ ਜੁੜੀ ਖੋਜ ਨੂੰ ਹੋਰ ਵਿਸਥਾਰ ਦੇ ਨਾਲ ਕਰਨ ਵਿੱਚ ਸਫਲਤਾ ਮਿਲੇਗੀ।ਇਸ ਮੌਕੇ ਪ੍ਰੋ. ਦਲਜੀਤ ਸਿੰਘ, ਵੀਨਾ ਚੋਪੜਾ ਅਤੇ ਪ੍ਰੋ. ਜਸਵੰਤ ਸਿੰਘ ਵੀ ਮੌਜੂਦ ਸਨ।

# ਲੋਕ ਸਭਾ ਚੋਣਾਂ ਸੰਬੰਧੀ ਪੋਲਿੰਗ ਅਮਲੇ ਦੀ ਹੋਈ ਪਹਿਲੀ ਰਿਹਰਸਲ

**ਨਵਾਂਸ਼ਹਿਰ, (ਮਨੋਜ ਲਾਡੀ, ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਲੋਕ ਸਭਾ ਚੋਣਾਂ ਸੰਬੰਧੀ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਅਤੇ ਜ਼ਿਲ੍ਹਾ ਚੋਣ ਅਫਸਰ ਕਮ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਦੀ ਨਿਗਰਾਨੀ ਵਿੱਚ ਵਿਧਾਨ ਸਭਾ ਹਲਕਾ ਨਵਾਂਸ਼ਹਿਰ ਦੇ ਪੋਲਿੰਗ ਅਮਲੇ ਦੀ ਸਬੰਧਤ ਏ ਆਰ ਓ ਕਮ ਐਸ.ਡੀ.ਐਮ ਅਕਸ਼ਿਤਾ ਗੁਪਤ ਦੀ ਪ੍ਰਧਾਨਗੀ ਹੇਠ ਪਹਿਲੀ ਰਿਹਰਸਲ ਕਰਵਾਈ ਗਈ।ਸਹਾਇਕ ਰਿਟਰਨਿੰਗ ਅਫਸਰ ਨਵਾਂਸ਼ਹਿਰ ਨੇ ਦੱਸਿਆ ਕਿ ਨਵਾਂਸ਼ਹਿਰ ਹਲਕੇ ਦੇ ਪੋਲਿੰਗ ਅਮਲੇ ਪਹਿਲੀ ਦੀ ਰਿਹਰਸਲ ਸ਼ਿਵਾਲਿਕ ਪਬਲਿਕ ਸਕੂਲ ਵਿਖੇ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਸਿਖਲਾਈ ਲੈਣ ਵਾਲੇ ਪੋਲਿੰਗ ਅਮਲੇ ਵਿਚ ਪ੍ਰੀਜ਼ਾਈਡਿੰਗ ਅਫ਼ਸਰ,



ਸਹਾਇਕ ਪ੍ਰੀਜ਼ਾਈਡਿੰਗ ਅਫ਼ਸਰ ਅਤੇ ਪੋਲਿੰਗ ਅਫ਼ਸਰ ਸ਼ਾਮਿਲ ਸਨ। ਉਨ੍ਹਾਂ ਦੱਸਿਆ ਕਿ ਇਸ ਦੌਰਾਨ ਪੋਲਿੰਗ ਸਟਾਫ ਨੂੰ ਚੋਣ ਪ੍ਰਕਿਰਿਆ ਸੁਚੱਜੇ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਗਈ ਹੈ।ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਿਕ ਪੋਲਿੰਗ ਪਾਰਟੀਆਂ ਨੂੰ ਵੋਟਿੰਗ ਵਾਲੇ ਦਿਨ ਹੋਣ ਵਾਲੀ ਇਕ-ਇਕ ਕਾਰਵਾਈ ਦਾ ਪਤਾ ਹੋਣਾ ਚਾਹੀਦਾ ਹੈ, ਇਸ ਲਈ ਡੰਮੀ ਮਸ਼ੀਨ ਰਾਹੀਂ ਵੋਟਿੰਗ ਦੇ ਸਮੁੱਚੇ ਪ੍ਰੋਸੈੱਸ ਬਾਰੇ ਜਾਣਕਾਰੀ ਦਿੱਤੀ ਗਈ।ਉਨ੍ਹਾਂ ਦੱਸਿਆ ਕਿ ਇਕ ਪੋਲਿੰਗ ਪਾਰਟੀ ਵਿਚ ਇਕ ਪ੍ਰੀਜ਼ਾਈਡਿੰਗ ਅਫ਼ਸਰ, ਇਕ ਸਹਾਇਕ ਪ੍ਰੀਜ਼ਾਈਡਿੰਗ ਅਫ਼ਸਰ ਅਤੇ ਦੋ ਪੋਲਿੰਗ ਅਫ਼ਸਰ ਹੁੰਦੇ ਹਨ ਅਤੇ ਹਰੇਕ ਦਾ ਆਪੋ-ਆਪਣਾ ਕੰਮ ਹੁੰਦਾ ਹੈ। ਇਸ ਮੌਕੇ ਮਾਸਟਰ ਟ੍ਰੇਨਰਾਂ ਵੱਲੋਂ ਪੋਲਿੰਗ ਅਮਲੇ ਨੂੰ ਟ੍ਰੇਨਿੰਗ ਦਿੱਤੀ ਗਈ।

# ਕਾਰਲ ਮਾਰਕਸ ਦਾ 206ਵਾਂ ਜਨਮ ਦਿਨ ਮਨਾਇਆ

**ਨੰਗਲ (ਸੁਰਜੀਤ ਸਿੰਘ)** ਸੀ ਪੀ ਆਈ ਐਮ ਦੀ ਸੂਬਾ ਕਮੇਟੀ ਦੇ ਸੱਦੇ 'ਤੇ ਦੁਨੀਆਂ ਦੇ ਮਹਾਨ ਵਿਗਿਆਨੀ, ਅਰਥ ਸ਼ਾਸਤਰੀ, ਦਾਰਸ਼ਨਿਕ, ਪੱਤਰਕਾਰ ਕਾਰਲ ਮਾਰਕਸ ਦਾ 206ਵਾਂ ਜਨਮ ਦਿਨ ਪੰਡਤ ਰਾਮ ਕਿਸ਼ਨ ਭੜੋਲੀਆਂ ਭਵਨ ਵਿੱਚ ਮਨਾਇਆ ਗਿਆ। ਇਸ ਮੌਕੇ ਸਾਬਕਾ ਪ੍ਰਿੰਸੀਪਲ ਰਾਜੀਵ ਮੇਜਰ ਨੇ ਆਪਣਾ ਕੁੰਜੀਵਤ ਭਾਸ਼ਣ ਦਿੱਤਾ।ਉਹਨਾਂ ਨੇ ਕਿਹਾ ਕਿ ਮਾਰਕਸ ਦਾ ਜਨਮ 1818 ਨੂੰ ਜਰਮਨੀ ਦੇ ਕਸਬਾ ਟਰੀਅਰ ਵਿੱਚ ਹੋਇਆ। ਇਹਨਾਂ ਦੇ ਪਿਤਾ ਪਤਵੰਤੇ ਵਕੀਲ ਸਨ।ਉਹ ਆਪਣੇ ਪੁੱਤਰ ਨੂੰ



ਵਕੀਲ ਬਣਾਉਣਾ ਚਾਹੁੰਦੇ ਸਨ।ਪਰ ਕਾਰਲ ਮਾਰਕਸ ਦੀ ਬਰਲਿਨ ਯੂਨੀਵਰਸਿਟੀ ਵਿੱਚ ਪੜ੍ਹਦਿਆਂ ਮਾਰਕਸ ਆਪਣੇ ਵੇਲੇ ਦੇ ਦਾਰਸ਼ਨਿਕ ਸੰਵਾਦਾਂ ਵਿੱਚ ਅਜਿਹਾ ਖੁੱਭਿਆ ਕਿ ਫਲਸਫੇ ਦਾ ਹੋ ਕੇ ਹੀ ਰਹਿ ਗਿਆ। ਉਹਨਾਂ ਨੇ ਕਿਹਾ ਮਾਰਕਸ ਦਾ ਮੱਤ ਸੀ ਕਿ ਕਿਸੇ ਵੀ ਦੌਰ ਦੇ ਸਮਾਜ ਨੂੰ ਸਮਝਣ ਦੀ ਕੁੰਜੀ ਉਸ ਸਮੇਂ ਦੇ ਅਰਥ ਚਾਰੇ ਵਿੱਚ ਹੁੰਦੀ ਹੈ।ਰਾਜੀਵ ਮੇਜਰ ਨੇ ਕਿਹਾ ਕਿ ਮਾਰਕਸ ਨੇ ਪੂੰਜੀਵਾਦ ਦੇ ਵਿਰੁੱਧ ਜੋ ਕੁਝ ਲਿਖਿਆ ਉਹਨੂੰ ਅੱਜ ਤੱਕ ਚਠਲਾਇਆ ਨਹੀਂ ਜਾ ਸਕਿਆ ਉਸ ਦਾ ਸਿਧਾਂਤ ਅੱਜ ਵੀ ਸਹੀ ਮੰਨਿਆ ਜਾ ਰਿਹਾ ਹੈ ਅੱਜ ਦੇਸ਼ ਦੇ ਅੰਦਰ ਹਾਕਮ ਸ੍ਰੇਣੀਆਂ ਕਮਿਊਨਿਸਟ ਇਨਕਲਾਬ ਦੀ ਗੂੰਜ ਤੋਂ ਕੰਬਦੀਆਂ ਹਨ।ਮਜ਼ਦੂਰਾਂ ਕੋਲ ਗੁਆਣ ਲਈ ਆਪਣੀਆਂ ਜੰਜੀਰਾਂ ਤੋਂ ਇਲਾਵਾ ਹੋਰ ਕੁਝ ਨਹੀਂ ਉਹਨਾਂ ਦੇ ਜਿੱਤਣ ਲਈ ਸਾਰੇ ਦੁਨੀਆ ਪਈ ਹੈ।ਮਾਰਕਸ ਦਾ ਨਾਹਰਾ ਸੀ, ਦੁਨੀਆਂ ਭਰ ਦੇ ਮਜ਼ਦੂਰੋ ਇੱਕ ਹੋ ਜਾਓ, ਅੱਜ ਮਾਰਕਸ ਸਿਧਾਂਤ ਦੀ ਮਹੱਤਤਾ ਹੋਰ ਵੱਧ ਗਈ ਹੈ।ਕਿਉਂਕਿ ਰੂਸ ਦੇ ਢਹਿ ਢੇਰੀ ਹੋਣ ਤੋਂ ਬਾਅਦ ਮਾਰਕਸਵਾਦ ਦੀ ਪ੍ਰਸੰਗਿਕਤਾ ਹੋਰ ਵੀ ਵੱਧ ਗਈ ਹੈ।

ਇਸ ਮੌਕੇ ਪਾਰਟੀ ਦੇ ਸੂਬਾ ਸਕੱਤਰੇਤ ਮੈਂਬਰ ਗੁਰਨੇਕ ਸਿੰਘ ਭੱਜਲ, ਹਿਮਾਚਲ ਪ੍ਰਦੇਸ਼ ਦੇ ਸੀਪੀਐਮ ਦੇ ਸੂਬਾ ਕਮੇਟੀ ਮੈਂਬਰ ਵਿਜੇ ਸ਼ਰਮਾ, ਜ਼ਿਲ੍ਹਾ ਸਕੱਤਰ ਸੁਰਜੀਤ ਸਿੰਘ ਢੇਰ ਮੈਂ ਵੀ ਆਪਣੇ ਵਿਚਾਰ ਰੱਖੇ।ਸਾਦੇ ਸਮਾਰੋਹ ਦੀ ਪ੍ਰਧਾਨਗੀ ਗੀਤਾ ਰਾਮ ਨੇ ਕੀਤੀ।ਇਸ ਮੌਕੇ ਸਾਬਕਾ ਲੈਕਚਰਾਰ ਕੁਲਵੰਤ ਪਾਠਕ, ਤਹਿਸੀਲ ਸਕੱਤਰ ਸੁਖਦੇਵ ਸਿੰਘ, ਬਜਿੰਦਰ ਪੰਡਤ, ਕਰਨੈਲ ਸਿੰਘ ਬਜਰੂੜ, ਪ੍ਰੇਮ ਚੰਦ ਜੱਟਪੁਰ, ਰਘਬੀਰ ਸਿੰਘ ਦਰਸ਼ੀ, ਸੋਮਨਾਥ ਅਜੋਲੀ, ਸ਼ੈਲੀ, ਕੇਵਲ ਕ੍ਰਿਸ਼ਨ ਦਬੇਟਾ, ਸ਼ਿਵ ਕੁਮਾਰ ਰਾਣਾ, ਦਿਲਬਾਗ ਸਿੰਘ ਰਾਣਾ, ਪੰਮਾ ਬ੍ਰਹਮਪੁਰ, ਜਗਤਾਰ ਸਿੰਘ ਜਿੰਦਬੜੀ ਵੀ ਹਾਜ਼ਰ ਸਨ।

# ਦੀਪਕ ਚਨਾਰਥਲ ਪੰਜਾਬ ਦੇ 50 ਤਾਕਤਵਰ ਵਿਅਕਤੀਆਂ 'ਚ ਸ਼ੁਮਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿੱਚ ਸਾਹਿਤਕ, ਸਮਾਜਿਕ ਅਤੇ ਪੱਤਰਕਾਰਤਾ ਦੇ ਖੇਤਰ ਵਿੱਚ ਚਰਚਿਤ ਨਾਂਅ ਦੀਪਕ ਸ਼ਰਮਾ ਚਨਾਰਥਲ ਨੂੰ ਪੰਜਾਬ, ਭਾਰਤ ਸਣੇ ਕੈਨੇਡਾ, ਅਮਰੀਕਾ ਵਰਗੇ ਮੁਲਕਾਂ ਵਿਚ ਵੀ ਪੰਜਾਬ ਦੀ ਆਵਾਜ਼ ਕਿਹਾ ਜਾਂਦਾ ਹੈ, ਦਾ ਨਾਂਅ ਪੰਜਾਬ ਦੇ 50 ਤਾਕਤਵਰ ਵਿਅਕਤੀਆਂ ਵਿਚ ਸ਼ੁਮਾਰ ਹੋ ਗਿਆ ਹੈ। ਕਿਸਾਨੀ ਅੰਦੋਲਨ 'ਚ ਪੰਜਾਬ ਦੀ ਅਵਾਜ਼ ਬਣ ਕੇ ਉਭਰੇ ਦੀਪਕ ਸ਼ਰਮਾ ਚਨਾਰਥਲ ਨੇ ਪੰਜਾਬ ਦੇ 50 ਤਾਕਤਵਰ ਵਿਅਕਤੀਆਂ ਵਿਚ ਥਾਂ ਬਣਾ ਕੇ ਇਕ ਮਿਸਾਲ ਕਾਇਮ ਕੀਤੀ ਹੈ। 'ਪੰਜਾਬ ਥਿੰਕਸ' ਮੈਗਜ਼ੀਨ ਵੱਲੋਂ ਜਾਰੀ '50 ਮੋਸਟ ਪਾਵਰਫੁੱਲ ਇਨ ਪੰਜਾਬ' ਸਿਰਲੇਖ ਹੇਠ ਸੂਚੀ ਵਿਚ ਦੀਪਕ ਸ਼ਰਮਾ ਚਨਾਰਥਲ ਦਾ ਨਾਂਅ ਵੀ ਦਰਜ ਹੈ।

ਸ੍ਰੀ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਸਭ ਤੋਂ ਵੱਡੇ ਪਿੰਡ ਚਨਾਰਥਲ ਕਲਾਂ ਦੇ ਸਰਕਾਰੀ ਸਕੂਲ 'ਚੋਂ ਵਿੱਦਿਆ ਹਾਸਲ ਕਰਕੇ, ਖਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਤੋਂ ਪੱਤਰਕਾਰਤਾ ਦਾ ਸਫਰ ਸ਼ੁਰੂ ਕਰਨ ਵਾਲੇ ਅਤੇ ਚੰਡੀਗੜ੍ਹ ਸ਼ਹਿਰ ਦੀ ਧੜਕਣ ਬਣ ਚੁੱਕੇ ਦੀਪਕ ਸ਼ਰਮਾ ਚਨਾਰਥਲ ਦੀ ਪਹਿਚਾਣ ਅੱਜ ਹਰ ਉਸ ਮੁਲਕ ਵਿਚ ਹੈ ਜਿੱਥੇ ਪੰਜਾਬੀ ਭਾਈਚਾਰਾ ਵਸਦਾ ਹੈ।

ਇਸ ਸਬੰਧੀ ਜਦੋਂ ਦੀਪਕ ਸ਼ਰਮਾ ਚਨਾਰਥਲ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਸਭ ਰਹਿਮਤਾਂ ਪ੍ਰਮਾਤਮਾ ਦੀਆਂ ਹਨ ਅਤੇ ਕੁਦਰਤ ਤੋਂ ਵੱਧ ਤਾਕਤਵਰ ਕੋਈ ਨਹੀਂ। ਉਨ੍ਹਾਂ ਆਖਿਆ ਕਿ ਇਸ ਕਤਾਰ ਵਿਚ ਖਲੋ ਕੇ ਅੰਦਰ ਇਕ ਖੁਸ਼ੀ ਵੀ ਹੈ ਅਤੇ ਅਹਿਸਾਸ ਵੀ ਕਿ ਪੰਜਾਬ ਪ੍ਰਤੀ ਮੇਰੀ ਜ਼ਿੰਮੇਵਾਰੀ ਹੋਰ ਕਿੰਨੀ ਵਧ ਗਈ ਹੈ।ਪਰ ਨਾਲ ਹੀ ਦੀਪਕ ਚਨਾਰਥਲ ਨੇ ਹੈਰਾਨੀ ਪ੍ਰਗਟਾਉਂਦਿਆਂ ਕਿਹਾ ਕਿ ਮੈਂ ਤਾਂ ਹੈਰਾਨ ਕਿ ਮੇਰਾ ਨਾਂ ਇਸ ਸੂਚੀ ਵਿਚ ਕਿਵੇਂ ਆ ਗਿਆ।ਪਰ ਮਾਣ ਹੈ ਕਿ ਜਿਸ ਸੂਚੀ ਵਿਚ ਦਲਜੀਤ ਦੁਸਾਂਝ, ਦਵਿੰਦਰ ਸ਼ਰਮਾ ਅਤੇ ਹਮੀਰ ਸਿੰਘ ਵਰਗੀਆਂ ਹਸਤੀਆਂ ਦੇ ਨਾਂਅ ਦਰਜ ਹੋਣ, ਉਨ੍ਹਾਂ ਦੀ ਕਤਾਰ ਵਿਚ ਮੈਨੂੰ ਵੀ ਖੜ੍ਹਾ ਕੀਤਾ ਗਿਆ ਹੈ। ਦੀਪਕ ਸ਼ਰਮਾ ਨੇ 'ਪੰਜਾਬ ਥਿੰਕਸ' ਮੈਗਜ਼ੀਨ ਦੀ ਪ੍ਰਬੰਧਕੀ ਟੀਮ ਦੇ ਨਾਲ ਨਾਲ ਸਰਵੇ ਵਿਚ ਉਨ੍ਹਾਂ ਦੇ ਨਾਂਅ ਦਾ ਜ਼ਿਕਰ ਕਰਨ ਵਾਲੇ ਵਿਅਕਤੀਆਂ ਦਾ ਵੀ ਧੰਨਵਾਦ ਕੀਤਾ।

ਜ਼ਿਕਰਯੋਗ ਹੈ ਕਿ 'ਪੰਜਾਬ ਥਿੰਕਸ' ਮੈਗਜ਼ੀਨ ਵੱਲੋਂ ਇਕ ਗੁਪਤ ਸਰਵੇ ਤਹਿਤ ਪੰਜਾਬ ਦੇ 50 ਤਾਕਤਵਰ ਵਿਅਕਤੀਆਂ ਦੀ ਸੂਚੀ ਪ੍ਰਕਾਸ਼ਿਤ ਕੀਤੀ ਗਈ ਹੈ। ਇਕ ਸਾਧਾਰਨ ਘਰੋਂ ਉਠ ਕੇ ਆਪਣੀ ਸੱਚਾਈ, ਆਪਣੀ ਕਿਰਤ ਅਤੇ ਪੰਜਾਬ ਦੇ ਹੱਕ ਹਕੂਕ ਦੀ ਲੜਾਈ ਲੜਨ ਦੇ ਆਧਾਰ 'ਤੇ ਦੀਪਕ ਸ਼ਰਮਾ ਚਨਾਰਥਲ ਦਾ ਨਾਂ ਵੀ ਇਸ 50 ਤਾਕਤਵਰਾਂ ਦੀ ਸੂਚੀ ਵਿਚ ਦਰਜ ਹੋਇਆ ਹੈ।

# ਸੀ ਟੀ ਗਰੁੱਪ ਵੱਲੋਂ ਅੰਮ੍ਰਿਤਸਰ ਵਿਖੇ ਵੀਕੈਂਡ ਆਫ਼ ਵੈੱਲਨੈਸ

**ਜਲੰਧਰ (ਸ਼ੈਲੀ ਐਲਬਰਟ)**:-ਸੀਟੀ ਗਰੁੱਪ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਅਤੇ ਇਸ ਦੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੰਪਨੀ ਬਾਗ ਅੰਮ੍ਰਿਤਸਰ ਵਿਖੇ ➡®➡-ਵੀਕਐਂਡ ਆਫ ਵੈਲਨੈਸ ਈਵੈਂਟ ਦੀ ਸਫਲ ਮੇਜ਼ਬਾਨੀ ਦਾ ਐਲਾਨ ਕਰਕੇ ਖੁਸ਼ ਹੈ।2000 ਹਾਜ਼ਰੀਨ ਦੇ ਸ਼ਾਨਦਾਰ ਮਤਦਾਨ ਦੇ ਨਾਲ, ਇਸ ਸਮਾਗਮ ਦਾ ਉਦੇਸ਼ ਲੋਕ ਸਭਾ ਚੋਣਾਂ ਤੋਂ ਪਹਿਲਾਂ ਵੋਟਿੰਗ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਅਤੇ ਭਾਈਚਾਰੇ ਵਿੱਚ ਸਿਹਤ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ ਸੀ।ਇਸ ਵਿੱਚ ਡਾਂਸ, ਐਰੋਬਿਕਸ, ਜ਼ੁੰਬਾ, ਯੋਗਾ ਅਤੇ ਬੱਚਿਆਂ ਦੇ ਕਾਰਨੀਵਲ ਸਮੇਤ ਕਈ ਤਰ੍ਹਾਂ ਦੀਆਂ ਦਿਲਚਸਪ ਗਤੀਵਿਧੀਆਂ ਪੇਸ਼ ਕੀਤੀਆਂ ਗਈਆਂ, ਜਿਸ ਨਾਲ ਉਤਸ਼ਾਹ ਅਤੇ ਉਤਸ਼ਾਹ ਨਾਲ ਭਰਿਆ ਇੱਕ ਜੀਵੰਤ ਮਾਹੌਲ ਬਣਿਆ। ਹਰ ਉਮਰ ਦੇ ਲੋਕ ਤੰਦਰੁਸਤ ਜੀਵਨ ਸ਼ੈਲੀ ਦੀ ਅਗਵਾਈ ਕਰਨ ਲਈ ਭਾਈਚਾਰੇ ਦੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ, ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਹੋਏ। ਇਸ ਸਮਾਗਮ ਵਿੱਚ ਐਸ ਬੀ ਸੀਨੀਅਰ ਸੈਕੰਡਰੀ ਸਕੂਲ, ਪਾਠਸ਼ਾਲਾ ਸੀਨੀਅਰ ਸੈਕੰਡਰੀ ਸਕੂਲ, ਸ਼ਜ਼ਾਦਾਨੰਦ ਸੀਨੀਅਰ ਸੈਕੰਡਰੀ ਸਕੂਲ, ਜਗਤ ਜੋਤੀ ਮਾਡਲ ਸਕੂਲ, ਐਸਐਸ ਸੀਨੀਅਰ ਸੈਕੰਡਰੀ ਸਕੂਲ, ਰਾਮ ਆਸ਼ਰਮ ਸੀਨੀਅਰ ਸੈਕੰਡਰੀ ਸਕੂਲ, ਖਾਲਸਾ ਸਮੇਤ ਕਈ ਸਨਮਾਨਿਤ ਸੰਸਥਾਵਾਂ ਦੇ ਪ੍ਰਿੰਸੀਪਲ, ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਹਾਜ਼ਰੀ ਭਰੀ। ਕਾਲਜ ਆਫ਼ ਵੂਮੈਨ ਅਤੇ ਅਮਨਦੀਪ ਨਰਸਿੰਗ ਕਾਲਜ।



ਡਾ: ਰਾਜਨ ਸ਼ਰਮਾ, ਗੁਰਜੀਤ ਟਰੈਕਟਰਜ਼ ਤੋਂ ਮਨਦੀਪ ਸਿੰਘ ਮਦਾਨ, 94.3 ਮਾਈ ਐਫ ਐਮ ਤੋਂ ਆਰਜੇ ਅਕਸ਼ਿਤਾ, ਅੰਮ੍ਰਿਤਸਰ ਤੋਂ ਸਮੀਰ, ਕੋਕਾ ਕੋਲਾ ਦੇ ਡਾਇਰੈਕਟਰ ਗੋਵਿਨ ਕੰਧਾਰੀ ਅਤੇ ਨੁਮਾਇੰਦਿਆਂ ਵਰਗੀਆਂ ਨਾਮਵਰ ਸ਼ਖਸੀਅਤਾਂ ਨੇ ਵੀ ਸ਼ਮੂਲੀਅਤ ਕੀਤੀ। ਅੰਮ੍ਰਿਤਸਰ ਕ੍ਰਿਕਟ ਐਸੋਸੀਏਟਸ ਅਤੇ ਵਾਰ ਹਾਕਸ ਤੋਂ।ਖਾਸ ਤੌਰ'ਤੇ, ਬਾਂਹ ਦੀ ਕੁਸ਼ਤੀ 'ਚ ਸੋਨ ਤਗਮਾ ਜੇਤੂ ਮਿਸਟਰ ਅਲੀ ਨੇ ਇਸ ਸਮਾਗਮ ਵਿੱਚ ਹੋਰ ਉਤਸ਼ਾਹ ਵਧਾਇਆ।ਸੀਟੀ ਗਰੁੱਪ ਅਮਨਦੀਪ ਗਰੁੱਪ ਆਫ਼ ਹਾਸਪਿਟਲਜ਼, ਮਾਈ ਐਫ ਐਮ, ਪਰਿੰਡੇ ਤੋਂ ਰਾਜਨ ਸਿਆਲ, ਕੋਕਾ-ਕੋਲਾ ਅਤੇ ਐਕਸਲਟਿਡ ਜਿਮ ਦਾ ਤਹਿ ਦਿਲੋਂ ਧੰਨਵਾਦ ਕਰਦਾ ਹੈ ਜੋ ਇਸ ਈਵੈਂਟ ਨੂੰ ਸਫਲ ਬਣਾਉਣ ਵਿੱਚ ਉਨ੍ਹਾਂ ਦੇ ਵੱਡਮੁੱਲੇ ਸਹਿਯੋਗ ਲਈ ਹਨ।

# ਪੰਜਾਬ 'ਚ ਸਿਰਫ਼ 67 ਫ਼ੀਸਦੀ ਬੱਚਿਆਂ ਨੂੰ ਮਿਲਦਾ ਹੈ ਛੇ ਮਹੀਨਿਆਂ ਤੱਕ ਮਾਂ ਦਾ ਦੁੱਧ

**ਮੋਹਾਲੀ (ਗੁਰਜੀਤ ਬਿੱਲਾ)** : ਸਥਾਨਕ ਮੈਡੀਕਲ ਕਾਲਜ ਵਿਖੇ ਸਤਨਪਾਨ ਸਬੰਧੀ ਦੋ-ਰੋਜ਼ਾ ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ, ਜਿਸ 'ਚ ਬਲਾਕ ਪ੍ਰਾਇਮਰੀ ਹੈਲਥ ਸੈਂਟਰ ਡੇਰਾਬੱਸੀ ਅਤੇ ਬੂਥਗੜ੍ਹ ਦੇ ਕਮਿਊਨਿਟੀ ਹੈਲਥ ਅਫ਼ਸਰਾਂ ਨੇ ਹਿੱਸਾ ਲਿਆ। ਸਿਖਲਾਈ ਪ੍ਰੋਗਰਾਮ ਦਾ ਮੰਤਵ ਸਤਨਪਾਨ ਦੌਰਾਨ ਵੱਖ-ਵੱਖ ਸਮੱਸਿਆਵਾਂ ਅਤੇ ਮਾਂ ਦੇ ਦੁੱਧ ਦੀ ਮਹੱਤਤਾ ਬਾਰੇ ਸੀ ਐਚ ਓ ਜ ਦੀ ਜਾਣਕਾਰੀ 'ਚ ਵਾਧਾ ਕਰਨਾ ਸੀ।ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਭਵਨੀਤ ਭਾਰਤੀ ਨੇ ਦੱਸਿਆ ਕਿ ਇਹ ਪ੍ਰੋਗਰਾਮ ਏਮਜ਼ ਮੋਹਾਲੀ ਦੇ ਡਿਪਾਰਟਮੈਂਟ ਆਫ਼ ਕਮਿਊਨਿਟੀ ਮੈਡੀਸਨ ਵੱਲੋਂ ਸਿਹਤ ਅਤੇ ਪਰਵਾਰ ਭਲਾਈ ਵਿਭਾਗ ਨਾਲ ਮਿਲ ਕੇ ਸ਼ੁਰੂ ਕੀਤਾ ਗਿਆ ਹੈ, ਜਿਸ ਦਾ ਮੰਤਵ ਦੁੱਧ ਪਿਲਾਉਣ ਵਾਲੀਆਂ ਮਾਂਵਾਂ ਨੂੰ ਸਤਨਪਾਨ ਦੇ ਸਮੇਂ ਦੌਰਾਨ ਵਿਸ਼ੇਸ਼ ਮਦਦ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਬੱਚੇ ਲਈ ਮਾਂ ਦਾ ਦੁੱਧ ਬੇਹੱਦ ਅਹਿਮ ਹੈ, ਖ਼ਾਸਕਰ ਪੰਜਾਬ ਜਿਹੇ ਖ਼ਿੱਤਿਆਂ 'ਚ, ਜਿਥੇ ਮਾਂ ਦਾ ਦੁੱਧ ਪਿਲਾਉਣ ਦੀ ਦਰ ਹਾਲੇ ਵੀ ਕਾਫ਼ੀ ਘੱਟ ਹੈ।ਉਨ੍ਹਾਂ ਦੱਸਿਆ ਕਿ ਕੌਮੀ ਪਰਵਾਰ ਸਿਹਤ ਸਰਵੇ ਮੁਤਾਬਕ ਪੰਜਾਬ ਵਿਚ ਸਿਰਫ਼ 51 ਫ਼ੀਸਦੀ ਬੱਚਿਆਂ ਨੂੰ ਜਨਮ ਦੇ ਇਕ ਘੰਟੇ ਅੰਦਰ ਮਾਂ ਦਾ ਦੁੱਧ ਮਿਲਦਾ ਹੈ ਅਤੇ ਅਜਿਹੇ ਬੱਚੇ ਸਿਰਫ਼ 67 ਫ਼ੀਸਦੀ ਹਨ ਜਿਨ੍ਹਾਂ ਨੂੰ ਛੇ ਮਹੀਨਿਆਂ ਤਕ ਮਾਂ ਦਾ ਦੁੱਧ ਮਿਲਦਾ ਹੈ।

ਟਰੇਨਿੰਗ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਨੇ ਕਿਹਾ ਕਿ ਮਾਂ ਦਾ ਦੁੱਧ ਬੱਚੇ ਦੀ ਤੰਦਰੁਸਤੀ ਲਈ ਬੇਹੱਦ ਜ਼ਰੂਰੀ ਹੈ ਕਿਉਂਕਿ ਇਹ ਕਈ ਬੀਮਾਰੀਆਂ ਤੋਂ ਬਚਾਅ ਕਰਦਾ ਹੈ। ਉਨ੍ਹਾਂ ਕਿਹਾ ਕਿ ਮਾਂ ਦੇ ਦੁੱਧ ਨਾਲ ਨਵਜਨਮੇ ਬੱਚਿਆਂ ਦੀਆਂ ਮੌਤਾਂ ਨੂੰ 20 ਫ਼ੀਸਦੀ ਤਕ ਘਟਾਇਆ ਜਾ ਸਕਦਾ ਹੈ।ਪ੍ਰਾਜੈਕਟ ਦੇ ਮੁੱਖ ਨਿਰੀਖਕ ਡਾ. ਅਨੁਰਾਧਾ ਨੱਡਾ ਨੇ ਸਤਨਪਾਨ ਦੌਰਾਨ ਮਾਂਵਾਂ ਨੂੰ ਦਰਪੇਸ਼ ਆਮ ਸਮੱਸਿਆਵਾਂ ਅਤੇ ਉਨ੍ਹਾਂ ਦੇ ਹੱਲ ਬਾਰੇ ਵਿਸਥਾਰ ਨਾਲ ਜਾਣਕਾਰੀ ਦਿਤੀ। ਉਨ੍ਹਾਂ ਕਿਹਾ ਕਿ ਮਾਂ ਅਪਣੇ ਬੱਚੇ ਦੇ ਜਨਮ ਦੇ ਪਹਿਲੇ ਦੋ ਤਿੰਨ ਦਿਨਾਂ ਦੌਰਾਨ ਅਪਣਾ ਪਹਿਲਾ ਗਾੜ੍ਹਾ ਜਾਂ ਪੀਲੇ ਰੰਗ ਦਾ ਦੁੱਧ ਜ਼ਰੂਰ ਪਿਲਾਵੇ। ਜਨਮ ਤੋਂ ਬਾਅਦ ਬੱਚੇ ਨੂੰ ਦੁੱਧ ਤੋਂ ਇਲਾਵਾ ਹੋਰ ਕੋਈ ਚੀਜ਼ ਨਹੀਂ ਦੇਣੀ ਚਾਹੀਦੀ। ਜੇ ਔਰਤਾਂ ਬੀਮਾਰ ਹਨ ਤਾਂ ਵੀ ਅਪਣੇ ਬੱਚੇ ਨੂੰ ਬਿਨਾਂ ਕਿਸੇ ਡਰ-ਭੈਅ ਦੁੱਧ ਪਿਲਾਉਣਾ ਜਾਰੀ ਰੱਖ ਸਕਦੀਆਂ ਹਨ। ਮਾਂ ਦੋ ਵਰ੍ਹਿਆਂ ਤਕ ਜਾਂ ਉਸ ਤੋਂ ਬਾਅਦ ਵੀ ਬੱਚੇ ਨੂੰ ਦੁੱਧ ਪਿਲਾ ਸਕਦੀ ਹੈ। ਬੱਚੇ ਨੂੰ ਕਦੇ ਵੀ ਬੋਤਲ ਨਾਲ ਦੁੱਧ ਨਾ ਪਿਲਾਉ ਕਿਉਂਕਿ ਇਹ ਨੁਕਸਾਨਦੇਹ ਹੋ ਸਕਦਾ ਹੈ।ਟਰੇਨਿੰਗ ਦੌਰਾਨ ਕਮਿਊਨਿਟੀ ਮੈਡੀਸਨ ਵਿਭਾਗ ਦੇ ਮੁਖੀ ਡਾ. ਅੰਮ੍ਰਿਤ ਵਿਰਕ, ਪੀਜੀਆਈ ਤੋਂ ਮੈਡੀਕਲ ਸੋਸ਼ਲ ਵਰਕਰ ਡਾ. ਸੁਮਨ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਗਿਰੀਸ਼ ਡੋਗਰਾ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਭਾਸ਼ ਕੁਮਾਰ, ਜ਼ਿਲ੍ਹਾ ਪਰਵਾਰ ਭਲਾਈ ਅਫ਼ਸਰ ਡਾ. ਤਮੰਨਾ, ਮੈਡੀਕਲ ਕਾਲਜ ਸੈਕਟਰ 32 ਤੋਂ ਡਾ. ਦੀਪਕ ਚਵਾਲ ਨੇ ਵੀ ਆਪੋ-ਅਪਣੇ ਕੀਮਤੀ ਵਿਚਾਰ ਰੱਖੇ।

## ਜਸਵੀਰ ਸਿੰਘ ਗੜ੍ਹੀ ਸ੍ਰੀ ਅਨੰਦਪੁਰ ਸਾਹਿਬ ਹੋਏ ਨਤਮਸਤਕ



**ਸ੍ਰੀ ਅਨੰਦਪੁਰ ਸ਼ਾਹਿਬ (ਅਰਵਿੰਦਰ ਸਿੰਘ ਬਿੰਦੀ)**-ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸਟੇਟ ਕਮੇਟੀ ਮੈਂਬਰ ਮਾਸਟਰ ਰਾਮ ਪਾਲ ਅਬਿਆਣਾ ਅਤੇ ਹਲਕਾ ਸਕੱਤਰ ਗੋਲਡੀ ਪੁਰਖਾਲੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੇ ਲੋਕ ਸਭਾ ਹਲਕਾ ਅਨੰਦਪੁਰ ਸਾਹਿਬ ਦੇ ਉਮੀਦਵਾਰ ਅਤੇ ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਸਾਥੀਆਂ ਸਮੇਤ ਸ੍ਰੀ ਆਨੰਦਪੁਰ ਸਾਹਿਬ ਮੱਥਾ ਟੇਕਿਆ ਤੇ ਗੁਰੂ ਸਾਹਿਬ ਦਾ ਆਸ਼ੀਰਵਾਦ ਲਿਆ ਅਤੇ ਕਿਹਾ ਕਿ ਹਲਕਾ ਸ੍ਰੀ ਅਨੰਦਪੁਰ ਸਾਹਿਬ ਦੇ ਵਾਸੀ ਮੈਨੂੰ ਸੇਵਾ ਕਰਨ ਦਾ ਮੌਕਾ ਦਿੰਦੇ ਹਨ ਤਾਂ ਮੇਰਾ ਗੁਰੂ ਘਰਾ ਨੂੰ ਆਉਂਦੀਆਂ ਟੁੱਟੀਆਂ ਸੜਕਾਂ ਨੂੰ ਦਰੁਸਤ ਕਰਕੇ ਚਾਰ ਮਾਰਗੀ ਸੜਕਾਂ ਬਣਾਉਣਾ ਹੋਵੇਗਾ।ਇਸ ਮੌਕੇ ਉਹਨਾਂ ਦੇ ਨਾਲ ਸਟੇਟ ਕਮੇਟੀ ਦੇ ਆਗੂ ਮਾਸਟਰ ਰਾਮਪਾਲ ਅਬਿਆਣਾ, ਗੋਲਡੀ ਪੁਰਖਾਲੀ, ਜਸਪਾਲ ਸਿੰਘ ਗੱਡੂ, ਸੁਖਵਿੰਦਰ ਸਿੰਘ, ਬਹਾਦਰ ਸਿੰਘ, ਕੁਲਦੀਪ ਸਿੰਘ, ਤਰਸੇਮ ਚੰਦ ਬੈਂਸ, ਪ੍ਰੇਮ ਚੰਦ ਸੈਣੀ, ਰਾਮ ਸਰੂਪ, ਜਗਤਾਰ ਸਿੰਘ, ਬੀਕਾਪੁਰ ਜਗਤਾਰ ਬੱਲੀ, ਜਸਵਿੰਦਰ ਬੈਂਸ, ਭਗਤ ਰਾਮ ਬੈਂਸ, ਦਵਿੰਦਰ ਸਿੰਘ, ਦਲਜੀਤ ਸਿੰਘ, ਜਸਵਿੰਦਰ, ਦੀਪੂ ਸਿੰਘਪੁਰਾ, ਜੋਗਾ ਸਿੰਘ, ਪ੍ਰੇਮ ਸੈਣੀ, ਗੁਰਚਰਨ ਸਿੰਘ ਖਾਲਸਾ ਮੌਜੂਦ ਸਨ।

## ਪ੍ਰਭ ਆਸਰਾ ਵਿਖੇ ਸਪੈਸ਼ਲ ਬੱਚਿਆਂ ਦੀਆਂ ਖੇਡਾਂ 'ਚ ਸੂਬਾ ਪੱਧਰੀ ਚੋਣ ਟਰਾਇਲ



**ਕੁਰਾਲੀ (ਮੋਹਨ ਅਗਰਵਾਲ)** ਆਪਣੀਆਂ ਸਮਾਜ ਸੇਵਾਵਾਂ ਖ਼ਾਸ ਕਰਕੇ ਬੇਸਹਾਰਾ 'ਤੇ ਲਾਚਾਰ ਨਾਗਰਿਕਾਂ ਦੇ ਇਲਾਜ, ਸਾਂਭ-ਸੰਭਾਲ ਅਤੇ ਮੁੜ-ਵਸੇਬੇ ਲਈ ਸੰਸਾਰ ਪ੍ਰਸਿੱਧ ਸੰਸਥਾ ਪ੍ਰਭ ਆਸਰਾ ਪਡਿਆਲਾ (ਕੁਰਾਲੀ) ਵਿਖੇ ਸ਼ਪੈਸ਼ਲ ਬੱਚਿਆਂ ਦੀਆਂ ਹੈਂਡਬਾਲ 'ਤੇ ਨੈੱਟਬਾਲ ਟੀਮਾਂ ਦੀ ਸੂਬਾ ਪੱਧਰੀ ਚੋਣ ਲਈ ਟਰਾਇਲ ਹੋਏ।ਸੰਸਥਾ ਮੁਖੀ ਸ਼ਮਸ਼ੇਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਨੇ ਦੱਸਿਆ ਕਿ ਸ਼ਪੈਸ਼ਲ ਓਲੰਪਿਕ ਭਾਰਤ ਪੰਜਾਬ ਵੱਲੋਂ ਇਹ ਟਰਾਇਲ ਜੂਨ ਮਹੀਨੇ ਹੋਣ ਵਾਲੀਆਂ ਨੈਸ਼ਨਲ ਖੇਡਾਂ ਲਈ ਕਰਵਾਏ ਗਏ।ਜਿਨ੍ਹਾਂ ਵਿੱਚ ਪੰਜਾਬ ਦੇ ਵੱਖੋ-ਵੱਖ ਜਿਲ੍ਹਿਆਂ ਤੋਂ ਟੀਮਾਂ ਆਪਣੇ ਕੋਚਾਂ ਸਮੇਤ ਇੱਥੇ ਪਹੁੰਚੀਆਂ।ਜਿਕਰਯੋਗ ਹੈ ਕਿ ਪ੍ਰਭ ਆਸਰਾ ਵੱਲੋਂ ਆਪਣੇ ਬੱਚਿਆਂ ਵਾਸਤੇ ਖੇਡਾਂ ਲਈ ਮੈਦਾਨ, ਕੋਚਾਂ ਅਤੇ ਖੁਰਾਕ ਦਾ ਉਚੇਚੇ ਤੌਰ 'ਤੇ ਪ੍ਰਬੰਧ ਕੀਤਾ ਹੋਇਆ ਹੈ।ਜਿਸ ਸਦਕਾ ਇਹ ਬੱਚੇ ਪਿਛਲੇ ਲੰਮੇ ਸਮੇਂ ਤੋਂ ਸੂਬਾਈ ਤੇ ਕੌਮੀ ਪੱਧਰੀ ਮੁਕਾਬਲਿਆਂ ਵਿੱਚ ਬਾਦਸਤੂਰ ਸ਼ਾਨਦਾਰ ਪ੍ਰਦਰਸ਼ਨ ਕਰ ਰਹੇ ਹਨ।ਇਸ ਮੌਕੇ ਸ਼ਪੈਸ਼ਲ ਓਲੰਪਿਕ ਭਾਰਤ ਦੇ ਪ੍ਰਧਾਨ ਅਸ਼ੋਕ ਕੁਮਾਰ ਅਰੋੜਾ, ਪ੍ਰੋਗਰਾਮ ਮੈਨੇਜਰ ਉਮਾ ਸ਼ੰਕਰ, ਏਰੀਆ ਡਾਇਰੈਕਟਰ ਪਰਮਜੀਤ ਸਿੰਘ ਸਚਦੇਵਾ, ਸਪੋਰਟਸ ਡਾਇਰੈਕਟਰ ਮਨਦੀਪ ਸਿੰਘ ਬਰਾੜ, ਜਿਲ੍ਹਾ ਪ੍ਰਧਾਨ ਪੂਨਮ ਲਾਲ ਚੌਧਰੀ, ਜਿਲ੍ਹਾ ਸਪੋਰਟਸ ਡਾਇਰੈਕਟਰ ਹਰਮਨਜੀਤ ਸਿੰਘ ਗਿੱਲ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

## ਝੁੱਗੀ ਝੌਂਪੜੀ ਵਾਲਿਆਂ ਨੂੰ ਰੇਲਵੇ ਨਿਯਮਾਂ ਬਾਰੇ ਦਿੱਤੀ ਜਾਣਕਾਰੀ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਏ ਐਸ ਆਈ ਜਗਜੀਤ ਸਿੰਘ ਚੌਂਕੀ ਇੰਚਾਰਜ ਸ੍ਰੀ ਅਨੰਦਪੁਰ ਸਾਹਿਬ ਰੇਲਵੇ ਪੁਲਸ ਵੱਲੋਂ ਆਪਣੀ ਟੀਮ ਸਮੇਤ ਰੇਲਵੇ ਏਰੀਆ ਦੀਆਂ ਝੁਗੀਆਂ ਵਿੱਚ ਜਾ ਕੇ ਲੋਕਾਂ ਨੂੰ ਰੇਲਵੇ ਦੇ ਕਾਨੂੰਨ ਵਾਰੇ ਜਾਗਰੂਕ ਕੀਤਾ ਗਿਆ। ਉਨਾਂ ਦਸਿਆ ਕੇ ਰੇਲ ਗੱਡੀ ਦੇ ਪੱਥਰਬਾਜੀ ਕਰਨਾ, ਚੈਨ ਪੁਲਿੰਗ ਅਤੇ ਰੇਲਵੇ ਲਾਈਨ ਕਰਾਸ ਕਰਨਾ ਅਤੇ ਬਿਨਾਂ ਟਿਕਟ ਸਫ਼ਰ ਕਰਨਾ ਜੁਰਮ ਹੈ, ਅਤੇ ਜੇਕਰ ਕੋਈ ਇਹ ਜੁਰਮ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਤੁਰੰਤ ਰੇਲਵੇ ਪੁਲਸ ਨੂੰ ਇਤਲਾਹ ਦਿੱਤੀ ਜਾਵੇ। ਚੌਂਕੀ ਇੰਚਾਰਜ ਜਗਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੇ ਵੱਖ-ਵੱਖ ਖੇਤਰਾਂ 'ਚ ਅਜਿਹੀਆਂ ਘਟਨਾਵਾਂ ਪਹਿਲਾਂ ਨਾਲੋਂ ਵੱਧ ਗਈਆਂ ਹਨ। ਜਿਸਨੂੰ ਮੱਦੇਨਜਰ ਰੱਖਦਿਆਂ ਅਜਿਹੀਆਂ ਘਟਨਾਵਾਂ ਨੂੰ ਠੱਲ੍ਹ ਪਾਉਣ ਲਈ ਰੇਲਵੇ ਵਿਭਾਗ ਦੇ ਜੀ ਆਰ ਪੀ ਪੁਲਸ ਮੁਲਾਜਮਾਂ ਨੇ ਹੁਣ ਮੁੱਖ ਰੂਪ 'ਚ ਰੇਲਵੇ ਲਾਇਨਾਂ ਦੇ ਨੇੜੇ ਸਥਿਤ ਕਾਲੋਨੀਆਂ ਅਤੇ ਸਕੂਲਾਂ ਵਰਗੇ ਸੰਵੇਦਨਸ਼ੀਲ ਖੇਤਰਾਂ 'ਤੇ ਨਜਰ ਰੱਖਣੀ ਸ਼ੁਰੂ ਕਰ ਦਿੱਤੀ ਹੈ। ਰੇਲਵੇ ਪੁਲਸ ਚੌਂਕੀ ਦੇ ਇੰਚਾਰਜ ਜਗਜੀਤ ਸਿੰਘ ਨੇ ਆਪਣੀ ਟੀਮ ਸਮੇਤ ਸਥਾਨਕ ਰੇਲਵੇ ਲਾਈਨ ਨੇੜਲੀਆਂ ਝੁੱਗੀਆਂ, ਬਸਤੀਆਂ- ਕਾਲੋਨੀਆਂ ਦਾ ਦੌਰਾ ਕਰਕੇ ਪਰਵਾਰਾਂ ਨੂੰ ਇਸ ਸੰਬੰਧੀ ਜਾਗਰੂਕ ਕਰਦਿਆਂ ਦੱਸਿਆ ਕਿ ਡੀ ਜੀ ਪੀ ਰੇਲਵੇ ਪੰਜਾਬ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਚਲਾਈ ਗਈ ਮੁਹਿੰਮ ਤਹਿਤ ਟਰੇਨਾਂ ਉੱਪਰ ਪੱਥਰ ਜਾਂ ਕੋਈ ਹੋਰ ਚੀਜ ਮਾਰਨ ਵਾਲੇ ਅਰੋਪੀਆਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਦੇ ਹੋਏ ਕੇਸ ਦਰਜ ਕੀਤੇ ਜਾਣਗੇ। ਇਸ ਮੌਕੇ ਕੁਲਦੀਪ ਸਿੰਘ, ਸੋਹਨ ਲਾਲ, ਹਰੀ ਸਿੰਘ ਰੇਲਵੇ ਪੁਲਿਸ ਮੁਲਾਜਮ ਵੀ ਹਾਜ਼ਰ ਸਨ।

# ਅੱਖਾਂ ਦਾ ਫ੍ਰੀ ਕੈਂਪ ਲਗਾਇਆ

**ਫਗਵਾੜਾ (ਡਾ. ਰਮਨ)** ਯੂਥ ਵਾਇਸ ਫਾਊਂਡੇਸ਼ਨ ਫਗਵਾੜਾ ਵਲੋਂ ਐਸ ਐਨ ਜੇ ਚੈਰੀਟੇਬਲ ਟਰੱਸਟ ਯੂ.ਕੇ ਦੇ ਸਹਿਯੋਗ ਨਾਲ ਅੱਖਾਂ ਦਾ ਫਰੀ ਚੈਕਅੱਪ ਅਤੇ ਆਪ੍ਰੇਸ਼ਨ ਕੈਂਪ ਰਾਮਗੜ੍ਹੀਆ ਇੰਸਟੀਚਿਊਟ ਆਫ ਹੈਲਥ ਸਾਇੰਸ ਐਂਡ ਰਿਸਰਚ ਸਤਨਾਮਪੁਰਾ ਵਿਖੇ ਲਗਾਇਆ ਗਿਆ।ਸ਼ੰਕਰਾ ਆਈ ਕੇਅਰ ਹਸਪਤਾਲ ਲੁਧਿਆਣਾ ਦੇ ਸਹਿਯੋਗ ਨਾਲ ਲਗਾਏ ਇਸ ਕੈਂਪ ਵਿਚ ਮੁੱਖ ਮਹਿਮਾਨ ਵਜੋਂ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੇ ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਅਤੇ ਡਾਇਰੈਕਟਰ ਵਯੋਮਾ ਭੋਗਲ ਢੱਟ ਨੇ ਸ਼ਿਰਕਤ ਕੀਤੀ।ਇਸ ਤੋਂ ਇਲਾਵਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਵੀ ਖਾਸ ਤੌਰ 'ਤੇ ਮੌਜੂਦ ਰਹੇ। ਉਹਨਾਂ ਨੇ ਫਾਊਂਡੇਸ਼ਨ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।ਮੁੱਖ ਮਹਿਮਾਨ ਮਨਪ੍ਰੀਤ ਕੌਰ ਭੋਗਲ ਨੇ ਕਿਹਾ ਕਿ ਮਨੁੱਖਤਾ ਦੀ ਭਲਾਈ ਲਈ ਅਜਿਹੇ ਕੈਂਪ ਬਹੁਤ ਹੀ ਲਾਹੇਵੰਦ ਬਣਦੇ ਹਨ।ਡਾਇਰੈਕਟਰ ਵਿਓਮਾ ਭੋਗਲ ਢੱਟ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ ਤੇ ਸਾਨੂੰ ਸਾਰਿਆਂ ਨੂੰ ਲੋਕ ਭਲਾਈ ਦੇ ਕੰਮਾਂ ਅਤੇ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।ਯੂਥ ਵਾਇਸ ਫਾਊਂਡੇਸ਼ਨ ਦੇ ਪ੍ਰਧਾਨ ਗਗਨਦੀਪ ਸਿੰਘ ਢੱਟ ਨੇ ਦੱਸਿਆ ਕਿ ਅੱਖਾਂ ਦੇ ਇਸ ਮੁਫ਼ਤ ਜਾਂਚ ਕੈਂਪ ਵਿੱਚ ਸ਼ੰਕਰਾ ਆਈ ਹਸਪਤਾਲ ਲੁਧਿਆਣਾ ਤੋਂ ਪਹੁੰਚੇ ਅੱਖਾ ਦੇ ਮਾਹਿਰ ਡਾਕਟਰਾਂ ਵਲੋਂ 830 ਤੋਂ ਵਧੇਰੇ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ 243 ਲੋੜਵੰਦਾਂ ਦੀਆਂ ਅੱਖਾਂ ਦੇ ਮੁਫ਼ਤ ਅਪ੍ਰੇਸ਼ਨ ਲਈ ਰਜਿਸਟ੍ਰੇਸ਼ਨ ਕੀਤੀ ਗਈ। ਕੈਂਪ ਦੌਰਾਨ ਚਾਹ, ਪਾਣੀ ਤੇ ਲੰਗਰ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ। ਇਸ ਮੌਕੇ ਪ੍ਰਿੰਸੀਪਲ ਨਵੀਨ, ਰਮਨ ਨੇਹਰਾ, ਗੁਰਪ੍ਰੀਤ, ਮਨਦੀਪ, ਮਨਜੀਤ, ਨੰਦ ਸੋਨੀ, ਮਲਕੀਅਤ ਸਿੰਘ ਰਘਬੋਤਰਾ, ਜਸਕੀਰਤ ਤੂਰ ਤੋਂ ਇਲਾਵਾ ਚੈਰੀਟੇਬਲ ਟਰੱਸਟ ਯੂ.ਕੇ ਤੋਂ ਜੋਸ਼ੀ ਪਰਵਾਰ ਦੇ ਮੈਂਬਰ ਹਾਜਰ ਸਨ।



## ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਲਾਲਚ ਬਦਲੇ ਵੋਟ ਨਾ ਪਾਉਣ ਦੀ ਅਪੀਲ

**ਚੰਡੀਗੜ੍ਹ (ਗੁਰਜੀਤ ਬਿੱਲਾ)** ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਵੱਲੋਂ ਸ਼ੁਰੂ ਕੀਤੇ ਗਏ ਪੋਡਕਾਸਟ ਦਾ ਤੀਜਾ ਐਪੀਸੋਡ ਸੋਸ਼ਲ ਮੀਡੀਆ ਦੇ ਅਧਿਕਾਰਤ ਪੇਜ਼ਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂ ਟਿਊਬ) 'ਤੇ ਰਿਲੀਜ਼ ਕਰ ਦਿੱਤਾ ਗਿਆ ਹੈ।ਇਸ ਐਪੀਸੋਡ ਵਿੱਚ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਚੋਣਾਂ ਦੌਰਾਨ ਵੰਡੀਆਂ ਜਾਣ ਵਾਲੀਆਂ ਮੁਫ਼ਤ ਦੀਆਂ ਵਸਤੂਆਂ, ਨਗਦੀ ਅਤੇ ਹੋਰ ਚੀਜ਼ਾਂ (ਫ੍ਰੀਬੀਜ) ਬਾਬਤ ਬਹੁਤ ਵਿਸਥਾਰ ਵਿਚ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਪੰਜਾਬ ਦੇ ਵੋਟਰਾਂ ਨੂੰ ਬਿਨਾਂ ਕਿਸੇ ਲਾਲਚ ਦੇ ਆਪਣਾ ਵੋਟ ਪਾਉਣ ਦੀ ਅਪੀਲ ਕੀਤੀ ਹੈ।ਇਸ ਤੋਂ ਇਲਾਵਾ ਸਿਬਿਨ ਸੀ ਨੇ 'ਨੋਟਾ' ਬਾਰੇ ਵੀ ਬਹੁਤ ਰੌਚਕ ਜਾਣਕਾਰੀ ਸਾਂਝੀ ਕੀਤੀ ਹੈ।ਉਨ੍ਹਾਂ ਕਿਹਾ ਕਿ ਇਸ ਵਾਰ ਪੋਲਿੰਗ ਬੂਥਾਂ 'ਤੇ ਵੋਟਰਾਂ ਦੀ ਸਹੂਲਤ ਲਈ ਜ਼ਿਲ੍ਹਾ ਅਧਿਕਾਰੀਆਂ ਵੱਲੋਂ ਬਹੁਤ ਸਾਰੇ ਬੰਦੋਬਸਤ ਕੀਤੇ ਜਾ ਰਹੇ ਹਨ ਅਤੇ ਵੋਟਰ ਵੀ ਆਪਣੀ ਵੋਟ ਦੀ ਵਰਤੋਂ ਜ਼ਰੂਰ ਕਰਨ।

ਸਿਬਿਨ ਸੀ ਨੇ ਪੋਡਕਾਸਟ ਵਿੱਚ ਲੋਕਾਂ ਵੱਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਵੀ ਬਹੁਤ ਸਪੱਸ਼ਟ ਸ਼ਬਦਾਂ ਵਿੱਚ ਦਿੱਤੇ ਹਨ।ਉਨ੍ਹਾਂ ਨੇ ਅਪੀਲ ਕੀਤੀ ਹੈ ਕਿ ਚੋਣਾਂ ਬਾਬਤ ਤਾਜ਼ੀ ਅਤੇ ਪੁਖਤਾ ਜਾਣਕਾਰੀ ਹਾਸਲ ਕਰਨ ਲਈ ਮੁੱਖ ਚੋਣ ਅਧਿਕਾਰੀ ਦੇ ਦਫਤਰ ਵੱਲੋਂ ਚਲਾਏ ਜਾ ਰਹੇ ਸੋਸ਼ਲ ਮੀਡੀਆ ਦੇ ਅਧਿਕਾਰਤ ਪੇਜ਼ਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂ ਟਿਊਬ) ਨੂੰ ਜ਼ਰੂਰ ਫਾਲੋ/ਸਬਸਕ੍ਰਾਈਬ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀਂ ਵਟਸਐਪ ਉੱਤੇ ਵੀ ਚੀਫ਼ ਇਲੈਕਟੋਰਲ ਆਫਿਸਰ, ਪੰਜਾਬ ਦੇ ਨਾਂਅ ਨਾਲ ਇਕ ਚੈਨਲ ਬਣਾਇਆ ਗਿਆ ਹੈ, ਜਿੱਥੇ ਲੋਕ ਸਭਾ ਚੋਣਾਂ 2024 ਨਾਲ ਸਬੰਧਤ ਅਹਿਮ ਜਾਣਕਾਰੀਆਂ ਸ਼ੇਅਰ ਕੀਤੀਆਂ ਜਾ ਰਹੀਆਂ ਹਨ।

## ਪਹਿਲੀ ਚੋਣ ਰਿਹਰਸਲ 'ਤੇ ਪਹੁੰਚੇ ਸਟਾਫ਼ ਦਾ ਚੋਣ ਮਸਕਟ ਸ਼ੇਰਾ ਨੇ ਕੀਤਾ ਸਵਾਗਤ

**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਲੋਕ ਸਭਾ ਚੋਣਾਂ-2024 ਲਈ ਪੋਲਿੰਗ ਸਟਾਫ਼ ਦੀ ਪਹਿਲੀ ਰਿਹਸਲ ਦੌਰਾਨ ਜਿੱਥੇ ਜ਼ਿਲ੍ਹਾ ਚੋਣ ਦਫ਼ਤਰ ਵੱਲੋਂ ਪੋਲਿੰਗ ਪਾਰਟੀਆਂ ਦੀ ਸਿਖਲਾਈ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ, ਉਥੇ ਲੋਕ ਸਭਾ ਚੋਣਾਂ ਦੌਰਾਨ ਮੁੱਖ ਚੋਣ ਅਫ਼ਸਰ, ਪੰਜਾਬ ਦੇ ਮਸਕਟ ਸ਼ੇਰਾ-2 ਦੇ ਆਦਮ ਕੱਦ ਬੁੱਤ ਚੋਣ ਸਟਾਫ਼ ਦਾ ਸਵਾਗਤ ਕਰ ਰਹੇ ਸਨ।ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ ਗੁਰਬਖਸ਼ੀਸ਼ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੇ ਦਿਸ਼ਾ ਨਿਰਦੇਸ਼ਾਂ ਤੇ ਵਿਧਾਨ ਸਭਾ ਹਲਕਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਚੋਣ ਰਿਹਸਲ ਸਕੂਲ ਆਫ਼ ਐਮੀਨੈਂਸ, 3ਬੀ 1, ਮੋਹਾਲੀ ਵਿਖੇ ਕਰਵਾਈ ਗਈ। ਸਹਾਇਕ ਰਿਟਰਨਿੰਗ ਅਫ਼ਸਰ-ਕਮ-ਉਪ ਮੰਡਲ ਮੈਜਿਸਟਰੇਟ ਦਿਪਾਂਕਰ ਗੁਪਤਾ ਦੀ ਟੀਮ ਵੱਲੋਂ ਸਿਖਲਾਈ ਕੇਂਦਰ ਉਪਰ ਸੈਲਫ਼ੀ ਪੁਆਇੰਟ ਬਣਾਏ ਗਏ ਸਨ, ਜਿਹਨਾਂ ਉਪਰ ਪੋਲਿੰਗ ਸਟਾਫ ਵੱਲੋਂ ਤਸਵੀਰਾਂ ਖਿਚਵਾਈਆਂ ਜਾ ਰਹੀਆਂ ਸਨ ਅਤੇ ਹੱਥਾਂ ਵਿਚ ਚੋਣਾਂ ਦਾ ਪਰਵ ਦੇਸ਼ ਦਾ ਗਰਵ ਦੇ ਬੈਨਰ ਚੱਕ ਕੇ ਨਾਅਰੇ ਲਗਾ ਰਹੇ ਸਨ, ਲੋਕਤੰਤਰ ਦਾ ਪਰਵ ਮਨਾਵਾਂਗੇ, ਅਸੀਂ ਪੋਸਟਲ ਬੈਲਟ ਪੇਪਰ ਨਾਲ ਵੋਟ ਪਾਵਾਂਗੇ।ਇਸ ਦੌਰਾਨ ਚੋਣ ਅਮਲੇ ਨੂੰ ਫਾਰਮ ਨੰਬਰ 12 ਭਰ ਕੇ ਪੋਸਟਲ ਬੈਲਟ ਪੇਪਰ ਨਾਲ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਗਿਆ ਅਤੇ ਚੋਣ ਡਿਊਟੀ ਸਰਟੀਫਿਕੇਟ ਲਈ 12 ਏ ਫਾਰਮ ਭਰਨ ਲਈ ਪ੍ਰੇਰਿਤ ਕੀਤਾ ਗਿਆ ਤਾਂ ਜੋ ਚੋਣ ਡਿਊਟੀ ਉਪਰ ਤਾਇਨਾਤ ਸਮੂਹ ਸਟਾਫ ਦੀ ਵੋਟ ਪਾਉਣੀ ਯਕੀਨੀ ਬਣਾਈ ਜਾ ਸਕੇ।ਇਸ ਮੌਕੇ ਚੋਣ ਕਾਨੂੰਗੋ ਜਗਤਾਰ ਸਿੰਘ, ਸਵੀਪ ਟੀਮ ਮੈਂਬਰ ਨੀਤੂ ਗੁਪਤਾ ਅਤੇ ਮਿਤੇਸ਼ ਕੁਮਾਰ ਚੋਣ ਅਮਲੇ ਨੂੰ ਪ੍ਰੇਰਿਤ ਕਰ ਰਹੇ ਸਨ।

# ਰਿਆਤ ਬਾਹਰਾ 'ਵਰਸਿਟੀ ਵਿਖੇ ਅਲੂਮਨੀ ਮੀਟ 'ਚ ਸਾਬਕਾ ਵਿਦਿਆਰਥੀਆਂ ਨੇ ਕੀਤੀ ਸ਼ਮੂਲੀਅਤ

**(ਕੁਰਾਲੀ ਮੋਹਨ ਅਗਰਵਾਲ)** ਰਿਆਤ ਬਾਹਰਾ ਯੂਨੀਵਰਸਿਟੀ ਦੇ ਸਕੂਲ ਆਫ਼ ਇਲੈਕਟ੍ਰੀਕਲ, ਇਲੈਕਟ੍ਰੋਨਿਕਸ ਅਤੇ ਕਮਿਊਨੀਕੇਸ਼ਨ ਇੰਜਨੀਅਰਿੰਗ ਅਤੇ ਯੂਨੀਵਰਸਿਟੀ ਸਕੂਲ ਆਫ਼ ਅਲਾਈਡ ਹੈਲਥ ਸਾਇੰਸਿਜ਼ ਵੱਲੋਂ ਵੱਖ-ਵੱਖ ਬੈਚਾਂ ਦੇ ਗ੍ਰੈਜੂਏਟਸ ਲਈ ਇੱਕ ਐਲੂਮਨੀ ਮੀਟ ਦਾ ਆਯੋਜਨ



ਕੀਤਾ ਗਿਆ।ਇਸ ਇਵੈਂਟ ਦਾ ਮੁੱਖ ਮਕਸਦ ਸਾਬਕਾ ਵਿਦਿਆਰਥੀਆਂ ਲਈ ਮੁੜ ਜੁੜਨ ਅਤੇ ਨਵੇਂ ਕਨੈਕਸ਼ਨ ਬਣਾਉਣ ਲਈ ਇੱਕ ਪਲੇਟਫਾਰਮ ਤਿਆਰ ਕਰਨਾ ਸੀ। ਇਸ ਮੀਟਿੰਗ ਦੀ ਪ੍ਰਧਾਨਗੀ ਆਰ ਬੀ ਯੂ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਵੀ ਮੌਜੂਦ ਸਨ।ਇਸ ਦੌਰਾਨ ਅਲੂਮਨੀ ਨੇ ਗ੍ਰੈਜੂਏਸ਼ਨ ਤੋਂ ਬਾਅਦ ਦੇ ਤਜ਼ਰਬੇ, ਸੂਝ ਅਤੇ ਕਰੀਅਰ ਦੇ ਮਾਰਗ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਇਨ੍ਹਾਂ ਵਿਦਿਆਰਥੀਆਂ ਵਿੱਚ ਬੈਚ 2011-2015 ਦੇ ਵਿਦਿਆਰਥੀਆਂ ਵਿੱਚੋਂ ਇੱਕ ਵਰਤਮਾਨ ਵਿੱਚ ਸੋਲਰ ਡੈਸਟੀਨੇਸ਼ਨ ਦਾ ਸੰਸਥਾਪਕ ਅਤੇ ਨਿਰਦੇਸ਼ਕ ਹੈ ਅਤੇ ਬੈਚ 2014-2018 ਦਾ ਇੱਕ ਹੋਰ ਵਿਦਿਆਰਥੀ ਮੁੰਬਈ ਵਿੱਚ ਐਲ ਐਂਡ ਟੀ ਵਿੱਚ ਚੀਫ ਇੰਜੀਨੀਅਰ ਹੈ।ਡੀਨ ਡਾ. ਅਨਮੋਲ ਗੋਇਲ, ਵਿਭਾਗ ਮੁਖੀ, ਈ ਆਰ ਸੋਨਲ ਸੂਦ, ਇਲੈਕਟ੍ਰੀਕਲ ਅਤੇ ਇਲੈਕਟ੍ਰੋਨਿਕਸ ਇੰਜੀਨੀਅਰਿੰਗ ਨੇ ਦੱਸਿਆ ਕਿ ਇਹ ਸਮਾਗਮ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਵਾਈਸ-ਚਾਂਸਲਰ ਡਾ. ਪਰਵਿੰਦਰ ਸਿੰਘ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ ਸੀ।ਇਸ ਦੌਰਾਨ ਯੂਨੀਵਰਸਿਟੀ ਸਕੂਲ ਆਫ ਅਲਾਈਡ ਹੈਲਥ ਸਾਇੰਸਿਜ਼ ਨੇ ਹਾਈਬ੍ਰਿਡ ਮੋਡ ਵਿੱਚ ਅਲੂਮਨੀ ਮੀਟ ਦਾ ਆਯੋਜਨ ਕੀਤਾ।ਅਲੂਮਨੀ ਮੀਟ ਦੀ ਸ਼ੁਰੂਆਤ ਯੂ ਐਸ ਏ ਐਚ ਐਸ ਦੇ ਡੀਨ ਡਾ. ਪੰਕਜ ਕੌਲ ਦੇ ਸੰਬੋਧਨ ਨਾਲ ਹੋਈ, ਜਿਸ 'ਚ ਉਨ੍ਹਾਂ ਨੇ ਸਾਬਕਾ ਵਿਦਿਆਰਥੀਆਂ ਦੀ ਮਹੱਤਤਾ ਅਤੇ ਸੰਸਥਾ ਅਤੇ ਸਮਾਜ ਵਿੱਚ ਉਨ੍ਹਾਂ ਦੇ ਯੋਗਦਾਨ 'ਤੇ ਜ਼ੋਰ ਦਿੱਤਾ।ਇਬਤਿਸਾਮ ਨਜ਼ੀਰ ਖਾਨ, ਜਨਰਲ ਸਕੱਤਰ, ਸਾਬਕਾ ਵਿਦਿਆਰਥੀ ਅਤੇ ਯੂ ਐਸ ਏ ਐਚ ਐਸ ਦੇ ਫੈਕਲਟੀ ਨੇ ਸੰਸਥਾ ਵਿੱਚ ਆਪਣੀ ਨਿੱਜੀ ਯਾਤਰਾ ਅਤੇ ਅਨੁਭਵ ਸਾਂਝੇ ਕੀਤੇ।ਉਸ ਦੇ ਪ੍ਰੇਰਨਾਦਾਇਕ ਭਾਸ਼ਣ ਨੇ ਸਿੱਖਿਆ ਦੀ ਪਰਿਵਰਤਨਸ਼ੀਲ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਅਤੇ ਅਲਾਈਡ ਹੈਲਥ ਸਾਇੰਸ ਦੇ ਵੱਖ-ਵੱਖ ਖੇਤਰਾਂ ਵਿੱਚ ਸਾਬਕਾ ਵਿਦਿਆਰਥੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਉਜਾਗਰ ਕੀਤਾ।ਇਸ ਦੇ ਨਾਲ ਹੀ ਵਰਸ਼ਦੀਪ ਕੌਰ, ਖਜ਼ਾਨਚੀ, ਯੂ ਐਸ ਏ ਐਚ ਐਸ ਦੇ ਸਾਬਕਾ ਵਿਦਿਆਰਥੀ ਅਤੇ ਫੈਕਲਟੀ, ਨੇ ਯੂ ਐਸ ਏ ਐਚ ਐਸ ਦੀ ਸ਼ੁਰੂਆਤ ਤੋਂ ਲੈ ਕੇ ਇਨ੍ਹਾਂ ਸਾਲਾਂ ਦੌਰਾਨ ਵਿਭਾਗ ਦੀਆਂ ਪ੍ਰਾਪਤੀਆਂ ਬਾਰੇ ਵਿਸਤ੍ਰਿਤ ਸੰਖੇਪ ਜਾਣਕਾਰੀ ਪੇਸ਼ ਕੀਤੀ।ਡਾ: ਲਲਿਤ ਕੁਮਾਰ ਗੁਪਤਾ, ਪ੍ਰੋਫੈਸਰ ਅਤੇ ਡੀਨ, ਯੂਨੀਵਰਸਿਟੀ ਸਕੂਲ ਆਫ਼ ਫਿਜ਼ੀਓਥੈਰੇਪੀ ਅਤੇ ਰੇਡੀਓਲੋਜੀ, ਨੇ ਸਾਰੇ ਹਾਜ਼ਰੀਨ, ਫੈਕਲਟੀ ਅਤੇ ਸਟਾਫ ਦਾ ਧੰਨਵਾਦ ਕੀਤਾ। ਫੋਟੋ ਕੈਪਸ਼ਨ:ਸਾਬਕਾ ਵਿਦਿਆਰਥੀਆਂ ਨਾਲ ਮੌਜੂਦ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਅਤੇ ਹੋਰ। ਵਿਦਿਆਰਥੀਆਂ ਨਾਲ ਆਨਲਾਈਨ ਵਿਚਾਰ ਸਾਂਝੇ ਕਰਦੇ ਹੋਏ ਸੀਨੀਅਰ ਅਧਿਕਾਰੀ।

# ਅਵਤਾਰ ਸਿੰਘ ਬੌਬੀ ਬਣੇ ਲਾਇਨਜ਼ ਕਲੱਬ ਟਾਂਡਾ ਫਤਿਹ ਦੇ ਨਵੇਂ ਪ੍ਰਧਾਨ

**ਟਾਂਡਾ ਉੜਮੁੜ (ਉਂਕਾਰ ਸਿੰਘ, ਜਸਵਿੰਦਰ ਸੰਧੂ)** ਲਾਇਨਜ਼ ਕਲੱਬ ਟਾਂਡਾ ਫਤਿਹ ਦੇ ਪ੍ਰਧਾਨ ਰਵੀ ਲਖਨਪਾਲ ਦੀ ਅਗਵਾਈ ਵਿੱਚ ਕਲੱਬ ਦੀ ਨਵੀ ਟੀਮ ਦੀ ਚੋਣ ਲਈ ਟਾਂਡਾ ਵਿਖੇ ਇਕ ਖਾਸ ਮੀਟਿੰਗ ਦਾ ਆਯੋਜਨ ਕੀਤਾ ਗਿਆ।ਜਿਸ ਦੌਰਾਨ ਲਾਇਨਜ਼ ਕਲੱਬ ਟਾਂਡਾ ਫਤਿਹ ਦੇ ਸਾਰੇ ਮੈਬਰ ਸ਼ਾਮਲ ਹੋਏ ਅਤੇ ਲਾਇਨਜ਼ ਕਲੱਬ ਟਾਂਡਾ ਫਤਿਹ ਵਲੋਂ ਸਾਲ 2024-2025 ਲਈ ਆਪਣੀ ਨਵੀ ਟੀਮ ਦੀ ਚੋਣ ਕੀਤੀ।ਇਸ ਦੌਰਾਨ ਸਮੂਹ ਮੈਂਬਰਾਂ ਦੀ ਸਹਿਮਤੀ ਨਾਲ ਅਵਤਾਰ ਸਿੰਘ ਬੌਬੀ ਮਾਲਵਾ ਨੂੰ ਲਾਇਨਜ਼ ਕਲੱਬ ਟਾਂਡਾ ਫਤਿਹ ਦਾ ਨਵਾਂ ਪ੍ਰਧਾਨ ਚੁਣਿਆ ਗਿਆ। ਇਸੇ ਤਰ੍ਹਾਂ ਹੀ ਜਸਦੇਵ ਸਿੰਘ ਜੱਸਾ ਚੱਟੋਵਾਲ ਨੂੰ ਉਪ ਪ੍ਰਧਾਨ-1, ਡਾਕਟਰ ਹਰੀਸ਼ ਭਾਟੀਆ ਉਪ ਪ੍ਰਧਾਨ-2, ਪ੍ਰਭ ਸਿੰਘ ਸੇਵਾ ਮੁਕਤ ਡੀ.ਐਸ.ਪੀ ਕਲੱਬ ਡਾਇਰੈਕਟਰ, ਕਰਨੈਲ ਸਿੰਘ ਕਲੱਬ ਡਾਇਰੈਕਟਰ, ਪ੍ਰੇਮਪਾਲ ਸਿੰਘ ਨੂੰ ਕਲੱਬ ਡਾਇਰੈਕਟਰ, ਪ੍ਰਿੰਸੀਪਲ ਰਾਜੇਸ਼ ਮਲਹੋਤਰਾ ਕਲੱਬ ਸਰਵਿਸ ਚੇਅਰਪਰਸਨ, ਗਗਨ ਵੈਦ ਕਲੱਬ ਮੈਬਰਸ਼ਿਪ ਚੇਅਰਪਰਸਨ, ਡਾ. ਰਮਨਦੀਪ ਸਿੰਘ ਕਲੱਬ ਐਲ ਸੀ ਆਈ ਐਫ ਕੋਡੀਨੇਟਰ, ਹਰਦੀਪ ਸਿੰਘ ਐਡਵੋਕੇਟ ਨੂੰ ਜਨਰਲ ਸਕੱਤਰ, ਸੁਖਵੀਰ ਸਿੰਘ ਮਾਲਵਾ ਨੂੰ ਜਆਇੰਟ ਸਕੱਤਰ, ਕਮਲਦੀਪ ਸਿੰਘ ਨੂੰ ਖਜਾਨਚੀ, ਸਨੀ ਗੋਲਾਟੀ ਨੂੰ ਸਹਾਇਕ ਖਜਾਨਚੀ ਅਤੇ ਅਧਿਆਪਕ ਨਰਿੰਦਰ ਅਰੋੜਾ ਪੀ ਆਰ ਓ 1 , ਅਮਰਿੰਦਰ ਸਿੰਘ ਸਾਬੀ ਪੀ ਆਰ ਓ 2 ਦੇ ਅਹੁਦੇ ਲਈ ਚੁਣਿਆ ਗਿਆ।ਇਸ ਦੌਰਾਨ ਨਵੇਂ ਚੁਣੇ ਹੋਏ ਪ੍ਰਧਾਨ ਅਵਤਾਰ ਸਿੰਘ ਬੌਬੀ ਮਾਲਵਾ ਵਲੋਂ ਜਾਣਕਾਰੀ ਦਿੰਦੇ ਕਿਹਾ ਕਿ ਕਲੱਬ ਵਲੋਂ ਆਉਣ ਵਾਲੇ ਦਿਨਾ ਵਿੱਚ ਸਮਾਜ ਨੂੰ ਸਮਰਪਿਤ ਅਤੇ ਆਮ ਲੋਕਾ ਦੀ ਭਲਾਈ ਨਾਲ ਸਬੰਧਤ ਇਲਾਕੇ ਵਿਚ ਸਕੂਲ ਵਿੱਦਿਆਰਥੀਆ, ਵਾਤਾਵਰਣ ਦੀ ਸੰਭਾਲ ਅਤੇ ਹੋਰ ਸਿਹਤ ਖੇਤਰ ਵਿਚ ਆਮ ਲੋਕਾ ਵੱਡੇ ਪੱਧਰ 'ਤੇ ਕਈ ਪ੍ਰੋਜੈਕਟ ਕੀਤੇ ਜਾਣਗੇ ਅਤੇ ਉਨ੍ਹਾ ਵੱਲੋਂ ਕਿਹਾ ਗਿਆ ਕਿ ਉਹ ਕਲੱਬ ਵੱਲੋਂ ਦਿੱਤੀ ਗਈ ਇਹ ਜੁੰਮੇਵਾਰੀ ਨੂੰ ਪੂਰੀ ਇਮਾਨਦਾਰੀ ਅਤੇ ਸਮਾਜ ਦੀ ਭਲਾਈ ਪ੍ਰਤੀ ਤੱਤਪਰ ਹੋ ਕੇ ਨਿਭਾਉਣਗੇ। ਇਸ ਮੌਕੇ ਮੌਜੂਦ ਸਾਰੇ ਮੈਂਬਰਾ ਨੇ ਨਵੀਂ ਚੁਣੀ ਸਮੂਹ ਟੀਮ ਨੂੰ ਵਧਾਈ ਦਿੱਤੀ ਗਈ।ਰਵੀ ਲਖਨਪਾਲ, ਅਵਤਾਰ ਸਿੰਘ ਬੌਬੀ ਕਲੱਬ, ਡਾਇਰੈਕਟਰ ਪ੍ਰਭ ਸਿੰਘ ਸੇਵਾ ਮੁਕਤ ਡੀ ਐਸ ਪੀ, ਕਲੱਬ ਡਾਇਰੈਕਟਰ ਕਰਨੈਲ ਸਿੰਘ ਮਾਲਵਾ, ਪ੍ਰੇਮਪਾਲ ਸਿੰਘ ਕਲੱਬ ਡਾਇਰੈਕਟਰ ਤੋਂ ਇਲਾਵਾ ਉਪ ਸਕੱਤਰ ਸੁਖਵੀਰ ਸਿੰਘ ਮਾਲਵਾ, ਪ੍ਰਦੀਪ ਸਿੰਘ, ਕਮਲਦੀਪ ਸਿੰਘ ਖਜਾਨਚੀ, ਅਧਿਆਪਕ ਮਨਜੀਤ ਕੌਰ ਪੀ ਆਰ ਓ, ਪ੍ਰਿੰਸੀਪਲ ਰਾਜੇਸ਼ ਮਲਹੋਤਰਾ, ਜਸਦੇਵ ਸਿੰਘ, ਸਟੇਟ ਐਵਾਰਡੀ ਅਧਿਆਪਕ ਨਰਿੰਦਰ ਅਰੋੜਾ, ਡਾ ਰਮਨਦੀਪ ਸਿੰਘ, ਡਾ ਗੀਤੂ ਸ਼ਰਮਾ, ਡਾ ਹਰੀਸ਼ ਭਾਟੀਆ, ਡਾ ਅਮੋਲਕ ਸਿੰਘ, ਸਨੀ ਗੁਲਾਟੀ, ਗਗਨ ਵੈਦ, ਮਨਜੋਤ ਸਿੰਘ, ਸਕੱਤਰ ਹਰਦੀਪ ਸਿੰਘ, ਰੁਪਿੰਦਰ ਸਿੰਘ, ਅਮਰਿੰਦਰ ਸਿੰਘ ਸਾਬੀ ਆਦਿ ਸ਼ਾਮਲ ਸਨ।



# ਰੋਮਾਣਾ ਅਲਬੇਲ ਦੇ ਡੇਰਾ ਮੁਖੀ ਨੇ ਕਿਸਾਨ ਜਥੇਬੰਦੀ ਨੂੰ ਵੰਗਾਰਿਆ



**ਕੋਟਕਪੂਰਾ (ਰਛਪਾਲ ਭੁੱਲਰ)**-ਜੈਤੋ ਦੇ ਕਿਸਾਨ ਰਾਜ ਸਿੰਘ ਨਾਲ ਰੋਮਾਣਾ ਅਲਬੇਲ ਸਿੰਘ ਦੇ ਡੇਰਾ ਮੁਖੀ ਧੀਰਾ ਬਾਬਾ ਵੱਲੋਂ 20 ਲੱਖ ਦੀ ਧੋਖਾਧੜੀ ਦਾ ਮਾਮਲਾ ਸਾਹਮਣੇ ਆਇਆ ਹੈ। ਜਦੋਂ ਪੀੜਤ ਪਰਵਾਰ ਜਥੇਬੰਦੀ ਕੋਲ ਪਹੁੰਚਿਆ ਤਾਂ ਉਨ੍ਹਾਂ ਦੱਸਿਆ ਕਿ ਉਕਤ ਡੇਰਾ ਮੁਖੀ ਵੱਲੋਂ ਉਸ ਦੇ ਬੇਟੇ ਨੂੰ ਕੈਨੇਡਾ ਵਿੱਚ ਪੀ ਪੀ ਆਰ ਦਿਵਾਉਣ ਲਈ 20 ਲੱਖ ਰੁਪਏ ਦੀ ਮੰਗ ਕੀਤੀ ਸੀ ਅਤੇ ਰਾਜ ਸਿੰਘ ਨੇ ਆਪਣੀ ਜ਼ਮੀਨ ਗਹਿਣੇ ਕਰ ਕੇ ਬਾਬੇ ਧੀਰੇ ਨੂੰ ਇਹ 20 ਲੱਖ ਦੇ ਦਿੱਤਾ ਸੀ ਅਤੇ ਬਾਬੇ ਨੇ ਕੈਨੇਡਾ ਜਾ ਕੇ ਰਾਜ ਸਿੰਘ ਦੇ ਲੜਕੇ ਦਾ ਵਿਆਹ ਕੈਨੇਡਾ ਦੀ ਪੱਕੀ ਲੜਕੀ ਨਾਲ ਕਰ ਦਿੱਤਾ ਸੀ, ਜਦੋਂ ਲੜਕੇ ਦੀ ਪੀ ਆਰ ਦੀ ਫਾਈਲ ਲੜਕੀ ਨੇ ਲਗਾਈ ਹੋਈ ਸੀ ਤਾਂ ਬਾਬੇ ਦੇ ਮਨ ਵਿੱਚ ਹੋਰ ਲਾਲਚ ਆ ਗਿਆ ਤੇ 5 ਲੱਖ ਦੀ ਹੋਰ ਮੰਗ ਕੀਤੀ, ਜਦੋਂ ਪੀੜਤ ਪਰਵਾਰ ਨੇ ਹੋਰ ਪੈਸੇ ਦੇਣ ਤੋਂ ਅਸਮਰਥਤਾ ਪ੍ਰਗਟਾਈ ਤਾਂ ਬਾਬੇ ਨੇ ਲੜਕੀ ਨੂੰ ਕਹਿ ਕੇ ਪੀ ਆਰ ਫਾਈਲ ਰੁਕਵਾ ਦਿੱਤੀ, ਜਦੋਂ ਜਥੇਬੰਦੀ ਦੇ ਆਗੂਆਂ ਨੇ ਬਾਬੇ ਨਾਲ ਸੰਪਰਕ ਕੀਤਾ ਤਾਂ ਉਨ੍ਹਾ 4 ਮਈ ਨੂੰ ਆਗੂਆਂ ਨੂੰ ਡੇਰੇ ਵਿੱਚ ਗੱਲਬਾਤ ਲਈ ਆਉਣ ਦਾ ਸੱਦਾ ਦਿੱਤਾ, ਮਿੱਥੇ ਸਮੇਂ 'ਤੇ ਜਦੋਂ ਪੀੜਤ ਪਰਵਾਰ ਤੇ ਜਥੇਬੰਦੀ ਦੇ ਆਗੂ ਡੇਰੇ ਪਹੁੰਚੇ ਤਾਂ ਬਾਬੇ ਨੇ ਪਹਿਲਾਂ ਤਾਂ ਆਗੂਆਂ ਨੂੰ ਰਿਵਾਲਵਰ ਦਿਖਾ ਕੇ ਜਾਨੋਂ ਮਾਰਨ ਦੀ ਧਮਕੀ ਦਿੱਤੀ, ਜਿਸ ਕਰਕੇ ਪੁਲਸ ਦੀ ਢਿੱਲੀ ਕਾਰਗੁਜ਼ਾਰੀ 'ਤੇ ਵੀ ਸ਼ੰਕਾ ਜਿਤਾਈ ਗਈ, ਕਿਉਂਕਿ ਚੋਣ ਜਾਬਤੇ ਦੌਰਾਨ ਬਾਬਾ ਸਰੇਆਮ ਅਸਲਾ ਲੈ ਕੇ ਘੁੰਮ ਰਿਹਾ ਹੈ। ਇਸ ਦਰਮਿਆਨ ਬਾਬਾ ਨੇ ਆਪਣੇ ਗੁੰਡਿਆਂ ਨੂੰ ਅਵਾਜ਼ ਦਿੱਤੀ ਤੇ ਉਸੇ ਵੇਲੇ ਦਸ-ਪੰਦਰਾਂ ਗੁੰਡੇ ਕਹੀਆਂ ਤੇ ਤੰਗਲੀਆਂ ਲੈ ਕੇ ਡੇਰੇ ਦੇ ਗੇਟ ਵਿੱਚ ਆ ਧਮਕੇ ਤੇ ਕਿਸਾਨਾਂ 'ਤੇ ਹਮਲਾ ਕੀਤਾ, ਜਿਸ ਵਿੱਚ ਰਾਜ ਸਿੰਘ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਫਰੀਦਕੋਟ ਵਿਖੇ ਰੈਫਰ ਕਰ ਦਿੱਤਾ ਗਿਆ ਅਤੇ ਕਿਸਾਨ ਆਗੂਆਂ ਦੇ ਵੀ ਸੱਟਾਂ ਲੱਗੀਆਂ ਅਤੇ ਉਨ੍ਹਾਂ ਦੀ ਨਕਦੀ ਤੇ ਮੋਬਾਈਲ ਖੋਹ ਲਏ ਗਏ।

ਇਸ ਪੂਰੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਜ਼ਿਲ੍ਹਾ ਪੱਧਰੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਨੰਗਲ ਮਿਉਂਸੀਪਲ ਪਾਰਕ ਕੋਟਕਪੂਰਾ ਵਿਖੇ ਰੱਖੀ ਗਈ। ਇਸ ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਜੇਕਰ ਇਸ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਸੰਘਰਸ਼ ਨੂੰ ਤਿੱਖਾ ਰੂਪ ਦਿੱਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਨੱਥਾ ਸਿੰਘ ਰੋੜੀ ਕਪੂਰਾ, ਜ਼ਿਲ੍ਹਾ ਆਗੂ ਨਿਰਮਲ ਸਿੰਘ ਜਿਉਣ ਵਾਲਾ, ਜ਼ਿਲ੍ਹਾ ਆਗੂ ਬਲਵਿੰਦਰ ਸਿੰਘ ਮੱਤਾ, ਜ਼ਿਲ੍ਹਾ ਆਗੂ ਜਸਪ੍ਰੀਤ ਸਿੰਘ ਜੈਤੋ, ਬਲਾਕ ਜੈਤੋ ਪ੍ਰਧਾਨ ਜਗਜੀਤ ਸਿੰਘ ਜੈਤੋ, ਛਿੰਦਾ ਸਿੰਘ ਦਲ ਸਿੰਘ ਵਾਲਾ, ਚਰਨਜੀਤ ਸਿੰਘ ਰਣ ਸਿੰਘ ਵਾਲਾ, ਨਾਜਰ ਸਿੰਘ ਮੱਤਾ, ਜੱਸੀ ਕੋਟਕਪੂਰਾ, ਜਸਵਿੰਦਰ ਸਿੰਘ ਮੋਰਾਂਵਾਲੀ, ਸੁਖਜੀਤ ਸਿੰਘ ਘੁਗਿਆਣਾ ਤੋਂ ਇਲਾਵਾ ਜ਼ਿਲ੍ਹੇ ਤੇ ਤਿੰਨੋ ਬਲਾਕਾਂ ਦੇ ਸਰਗਰਮ ਆਗੂ ਤੇ ਵਰਕਰ ਹਾਜ਼ਰ ਸਨ।

# ਵਿਦਿਆਰਥਣ ਦੀ ਖ਼ੁਦਕੁਸ਼ੀ ਦੇ ਮਾਮਲੇ 'ਚ ਭਰਾ ਤੇ ਭਰਜਾਈ ਵਿਰੁੱਧ ਕੇਸ ਦਰਜ



ਗ੍ਰਿਫਤਾਰ ਕੀਤੇ ਮ੍ਰਿਤਕਾ ਦੇ ਭਰਾ ਨੂੰ ਅਦਾਲਤ 'ਚ ਪੇਸ਼ ਕਰਨ ਲਿਜਾਂਦੀ ਪੁਲਸ ਪਾਰਟੀ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਪਿੰਡ ਨਲੀਨਾ ਖੁਰਦ ਦੀ 21 ਸਾਲਾ ਵਿਦਿਆਰਥਣ ਸੁਮਨਦੀਪ ਕੌਰ ਵੱਲੋਂ ਕੀਤੀ ਗਈ ਖ਼ੁਦਕੁਸ਼ੀ ਦੇ ਮਾਮਲੇ 'ਚ ਮ੍ਰਿਤਕਾ ਦੇ ਭਰਾ ਤੇ ਭਰਜਾਈ ਨੂੰ ਨਾਮਜ਼ਦ ਕਰਕੇ ਮੂਲੇਪੁਰ ਪੁਲਸ ਵੱਲੋਂ ਉਸ ਦੇ ਭਰਾ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ। ਮਾਮਲੇ ਦੀ ਤਫਤੀਸ਼ ਕਰ ਰਹੇ ਥਾਣਾ ਮੂਲੇਪੁਰ ਦੇ ਸਹਾਇਕ ਥਾਣੇਦਾਰ ਪ੍ਰਿਥਵੀਰਾਜ ਸਿੰਘ ਨੇ ਦੱਸਿਆ ਕਿ ਪੇਂਟਰ ਦਾ ਕੰਮ ਕਰਨ ਵਾਲੇ ਜਸਪਾਲ ਸਿੰਘ ਵਾਸੀ ਪਿੰਡ ਨਲੀਨਾ ਖੁਰਦ ਨੇ ਪੁਲਸ ਨੂੰ ਦਿੱਤੇ ਬਿਆਨਾਂ 'ਚ ਦੱਸਿਆ ਕਿ ਉਸ ਦੀ ਲੜਕੀ ਸੁਮਨਦੀਪ ਕੌਰ, ਜੋ ਨੈਸ਼ਨਲ ਪੱਧਰ ਦੀ ਹਾਕੀ ਖਿਡਾਰਨ ਸੀ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਐੱਮ. ਏ. ਦੀ ਪੜ੍ਹਾਈ ਕਰ ਰਹੀ ਸੀ, ਜਿਸ ਨੂੰ ਉਸ ਦਾ ਲੜਕਾ ਬਿਕਰਮਜੀਤ ਸਿੰਘ ਤੇ ਉਸ ਦੀ ਪਤਨੀ ਪਿੰਕੀ ਤੰਗ ਪ੍ਰੇਸ਼ਾਨ ਕਰਦੇ ਰਹਿੰਦੇ ਸਨ ਤੇ ਸੁਮਨਦੀਪ ਅਕਸਰ ਕਹਿੰਦੀ ਰਹਿੰਦੀ ਸੀ ਕਿ ਮੈਂ ਇਨ੍ਹਾਂ ਵੱਲੋਂ ਤੰਗ ਪ੍ਰੇਸ਼ਾਨ ਕੀਤੇ ਜਾਣ ਤੋਂ ਅਤੇ ਕੀਤੇ ਜਾਂਦੇ ਗਾਲੀ-ਗਲੋਚ ਤੋਂ ਬਹੁਤ ਦੁਖੀ ਹਾਂ ਤੇ ਮੈਂ ਆਤਮਹੱਤਿਆ ਕਰ ਲੈਣੀ ਹੈ। ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਨੇ ਤੇ ਉਸ ਦੇ ਗੁਆਂਢੀ ਨੇ ਬਿਕਰਮਜੀਤ ਸਿੰਘ ਤੇ ਉਸ ਦੀ ਪਤਨੀ ਪਿੰਕੀ ਨੂੰ ਸਮਝਾਇਆ ਵੀ, ਪਰ ਉਹ ਨਹੀਂ ਹਟੇ, ਜਿਨ੍ਹਾਂ ਤੋਂ ਤੰਗ ਆ ਕੇ ਸੁਮਨਦੀਪ ਕੌਰ 29 ਅਪ੍ਰੈਲ ਨੂੰ ਸਵੇਰੇ ਕਰੀਬ 8 ਵਜੇ ਘਰੋਂ ਚਲੀ ਗਈ, ਜਿਸ ਨੇ ਪਿੰਡ ਖੇੜੀ ਗੰਢਿਆਂ ਵਿਖੇ ਭਾਖੜਾ ਨਹਿਰ 'ਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ, ਜਿਸ ਦੀ ਲਾਸ਼ ਹੁਣ ਨਹਿਰ 'ਚੋਂ ਮਿਲੀ ਹੈ। ਸਹਾਇਕ ਥਾਣੇਦਾਰ ਪ੍ਰਿਥਵੀਰਾਜ ਸਿੰਘ ਨੇ ਦੱਸਿਆ ਕਿ ਜਸਪਾਲ ਸਿੰਘ ਦੀ ਸ਼ਿਕਾਇਤ 'ਤੇ ਥਾਣਾ ਮੂਲੇਪੁਰ ਵਿਖੇ ਬਿਕਰਮਜੀਤ ਸਿੰਘ ਤੇ ਪਿੰਕੀ ਵਿਰੁੱਧ ਮੁਕੱਦਮਾ ਦਰਜ ਕਰਦੇ ਹੋਏ ਬਿਕਰਮਜੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦੋਂ ਕਿ ਉਸ ਦੀ ਪਤਨੀ ਪਿੰਕੀ ਦੀ ਭਾਲ ਜਾਰੀ ਹੈ।

## ਹਰਜਸ ਸਕੂਲ ਦੇ ਵਿਦਿਆਰਥੀਆਂ ਵੱਲੋਂ ਬੋਰਡ ਪ੍ਰੀਖਿਆਵਾਂ 'ਚ ਸ਼ਾਨਦਾਰ ਪ੍ਰਦਰਸ਼ਨ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਅੱਠਵੀਂ, ਦਸਵੀਂ ਤੇ ਬਾਰਵੀਂ ਦੇ ਨਤੀਜਿਆਂ ਵਿੱਚ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ, ਝੜੌਦੀ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰ ਆਪਣੇ ਅਧਿਆਪਕਾਂ, ਮਾਤਾ-ਪਿਤਾ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਪ੍ਰਿੰਸੀਪਲ ਜਸਵਿੰਦਰ ਕੌਰ ਤੇ ਮੁੱਖ ਪ੍ਰਬੰਧਕ ਪਰਮਜੀਤ ਸਿੰਘ ਨੇ ਦੱਸਿਆ ਕਿ ਅੱਠਵੀਂ ਦੀ ਵਿਦਿਆਰਥਣ ਨਵਦੀਪ ਕੌਰ ਨੇ 577/600 ਅੰਕ ਲੈ ਕੇ ਪਹਿਲਾ, ਜਦਕਿ ਸਿਮਰਨਜੀਤ ਕੌਰ ਨੇ 576/600 ਅੰਕ ਲੈ ਕੇ ਦੂਸਰਾ ਤੇ ਸੁਖਪ੍ਰੀਤ ਕੌਰ ਨੇ 560/600 ਅੰਕਾਂ ਨਾਲ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਦਸਵੀਂ ਦੀ ਵਿਦਿਆਰਥਣ ਪ੍ਰਭਦੀਪ ਕੌਰ ਨੇ 588/650 ਅੰਕ ਨਾਲ ਪਹਿਲਾ, ਹਰਲੀਨ ਕੌਰ ਨੇ 578/600 ਅੰਕਾਂ ਨਾਲ ਦੂਸਰਾ ਤੇ ਬੱਬਲਪ੍ਰੀਤ ਸਿੰਘ ਨੇ 547/600 ਅੰਕ ਨਾਲ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਬਾਰਵੀਂ ਜਮਾਤ (ਆਰਟਸ ਗਰੁੱਪ) ਦੀ ਵਿਦਿਆਰਥਣ ਜਸਮੀਨ ਬਾਲੀ ਨੇ 464/500 ਅੰਕ ਪ੍ਰਾਪਤ ਕਰ ਪਹਿਲਾ, ਕਮਲਪ੍ਰੀਤ ਕੌਰ ਨੇ 457/500 ਅੰਕ ਪ੍ਰਾਪਤ ਕਰਕੇ ਦੂਜਾ ਤੇ ਰਵਨੀਤ ਕੌਰ ਨੇ 449/500 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਮਰਸ ਗਰੁੱਪ 'ਚ ਗੁਰਲੀਨ ਕੌਰ ਨੇ 458/500 ਅੰਕ ਲੈ ਕੇ ਪਹਿਲਾ, ਨਵਕੀਰਤ ਸਿੰਘ ਨੇ 452/500 ਅੰਕ ਲੈ ਕੇ ਦੂਜਾ ਤੇ ਅਰਸ਼ਦੀਪ ਕੌਰ ਨੇ 440/500 ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਅੱਠਵੀਂ, ਦਸਵੀਂ ਤੇ ਬਾਰਵੀਂ ਦੇ ਬਾਕੀ ਬੱਚੇ ਵੀ ਪਹਿਲੇ ਦਰਜੇ ਵਿੱਚ ਪਾਸ ਹੋਏ। ਸਕੂਲ ਪ੍ਰਬੰਧਕਾਂ ਤੇ ਸਮੂਹ ਸਟਾਫ਼ ਵੱਲੋਂ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਜਸਵਿੰਦਰ ਕੌਰ ਨੇ ਕਿਹਾ ਕਿ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਸਦਕਾ ਅਜਿਹੇ ਨਤੀਜੇ ਪ੍ਰਾਪਤ ਹੁੰਦੇ ਹਨ, ਜਿਸ ਵਿੱਚ ਅਧਿਆਪਕਾਂ ਦੀ ਸੁਚੱਜੀ ਅਗਵਾਈ ਤੇ ਬੱਚਿਆਂ ਦੇ ਮਾਤਾ-ਪਿਤਾ ਦਾ ਸਹਿਯੋਗ ਵੀ ਵੱਡਮੁੱਲਾ ਯੋਗਦਾਨ ਪਾਉਂਦਾ ਹੈ। ਇਸ ਮੌਕੇ ਹਰਮੀਤ ਕੌਰ, ਵੰਦਨਾ ਪ੍ਰੀਹਾਰ, ਸਤੀਸ਼ ਕੁਮਾਰ ਤੇ ਸਟਾਫ ਮੈਂਬਰ ਹਾਜ਼ਰ ਸਨ।

## ਕਾਤਰਾਂ

### ਸਰਕਾਰੀ ਸਕੂਲ ਛੌੜੀਆਂ ਬੇਟ ਦਾ ਨਤੀਜਾ ਸੌ ਫੀਸਦੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਰਕਾਰੀ ਮਿਡਲ ਸਕੂਲ ਛੌੜੀਆਂ ਬੇਟ ਦਾ ਅੱਠਵੀਂ ਦਾ ਨਤੀਜਾ 100 ਫੀਸਦੀ ਰਿਹਾ। ਸਕੂਲ ਇੰਚਾਰਜ ਸੋਨਾਲੀ ਡੋਡਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਦਿਆਰਥੀ ਕਮਲਜੀਤ ਸਿੰਘ ਨੇ 533/600 ਅੰਕ ਪ੍ਰਾਪਤ ਕਰ ਪਹਿਲਾ ਸਥਾਨ, ਗੁਰਲੀਨ ਕੌਰ ਨੇ 503 ਅੰਕ ਪ੍ਰਾਪਤ ਕਰਕੇ ਦੂਜਾ ਤੇ ਗੁਰਜੰਟ ਸਿੰਘ ਨੇ 488 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਮੈਡਮ ਸੋਨਾਲੀ ਡੋਡਾ ਕੇ ਰਾਮਪਾਲ ਕੌਰ ਨੇ ਬੱਚਿਆਂ ਨੂੰ ਵਧਾਈ ਦਿੰਦੇ ਹੋਏ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਚੰਗੇ ਭਵਿੱਖ ਦੀ ਪ੍ਰੇਰਨਾ ਦਿੱਤੀ।

### ਕੇਂਦਰੀ ਜੇਲ੍ਹ 'ਚੋਂ 3 ਮੋਬਾਇਲ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿਚ ਤਲਾਸ਼ੀ ਦੌਰਾਨ ਤਿੰਨ ਮੋਬਾਇਲ ਫੋਨ ਬਰਾਮਦ ਹੋਏ ਹਨ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 1 ਹਵਾਲਾਤੀ ਤੇ 2 ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 4851 ਰਾਹੀਂ ਸੁਖਜਿੰਦਰ ਸਿੰਘ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ 4 ਮਈ ਨੂੰ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਸਮੇਤ ਸਾਥੀ ਕਰਮਚਾਰੀਆਂ ਦੇ ਜਦੀਦ ਚੱਕੀਆਂ ਦੀ ਅਚਾਨਕ ਤਲਾਸ਼ੀ ਕੀਤੀ ਗਈ ਤੇ ਤਲਾਸ਼ੀ ਦੌਰਾਨ ਹਵਾਲਾਤੀ ਲਵਪ੍ਰੀਤ ਸਿੰਘ ਪੁੱਤਰ ਮੇਜਰ ਸਿੰਘ ਵਾਸੀ ਫੈਕਟਰੀ ਏਰੀਆ ਡੇਰਾ ਬਾਬਾ ਜੱਗਾ ਸ਼ਾਹ ਥਾਣਾ ਸਿਟੀ ਕਪੂਰਥਲਾ, ਹਾਲ ਕੇਂਦਰੀ ਜੇਲ੍ਹ ਫਿਰੋਜ਼ਪੁਰ ਕੋਲੋਂ 1 ਮੋਬਾਇਲ ਫੋਨ ਬਰਾਮਦ ਹੋਇਆ। 5 ਮਈ ਨੂੰ ਰੁਟੀਨ ਦੀ ਤਰ੍ਹਾਂ ਚੱਕਰ ਲਗਾਉਣ 'ਤੇ ਬਲਾਕ ਨੰਬਰ 2 ਦੀ ਬੈਰਕ ਨੰਬਰ 4 ਦੀ ਛੱਤ ਤੋਂ 2 ਮੋਬਾਇਲ ਫੋਨ ਬਰਾਮਦ ਹੋਏ।

### ਆਰੂਸ਼ਾ ਨੇ ਕਾਮਰਸ ਗਰੁੱਪ 'ਚੋਂ ਸਕੂਲ ਵਿੱਚੋਂ ਕੀਤਾ ਟਾਪ



**ਮਾਲੇਰਕੋਟਲਾ (ਅਸਗਰ ਪਰਿਹਾਰ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ 12ਵੀਂ ਜਮਾਤ ਦੇ ਨਤੀਜੇ 'ਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਲੇਰਕੋਟਲਾ ਦੀ ਵਿਦਿਆਰਥਣ ਆਰੂਸ਼ਾ (ਪੁੱਤਰੀ ਸਿਕੰਦਰ ਏ ਆਜ਼ਮ ਤੇ ਸ਼ਹਿਨਾਜ਼) ਨੇ ਕਾਮਰਸ ਗਰੁੱਪ ਵਿੱਚੋਂ 481 (96 ਫੀਸਦ) ਅੰਕਾਂ ਨਾਲ ਸਕੂਲ ਵਿੱਚੋਂ ਟਾਪ ਕਰਕੇ ਅਪਣਾ, ਅਪਣੇ ਮਾਤਾ-ਪਿਤਾ, ਸਕੂਲ ਤੇ ਅਧਿਆਪਕਾਂ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਖੁਸ਼ੀ ਦੇ ਮੌਕੇ ਮਾਤਾ-ਪਿਤਾ ਤੋਂ ਇਲਾਵਾ ਰਿਸ਼ਤੇਦਾਰਾਂ ਵੱਲੋਂ ਆਰੂਸ਼ਾ ਦਾ ਮੂੰਹ ਮਿੱਠਾ ਕਰਵਾ ਕੇ ਵਧਾਈਆਂ ਦਿੱਤੀਆਂ ਜਾ ਰਹੀਆਂ ਹਨ। ਇਸ ਮੌਕੇ ਵਿਦਿਆਰਥਣ ਆਰੂਸ਼ਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਸ ਨੂੰ ਬਹੁਤ ਖੁਸ਼ੀ ਮਹਿਸੂਸ ਹੋ ਰਹੀ ਹੈ ਕਿ ਉਸ ਨੇ ਸਕੂਲ ਵਿੱਚੋਂ ਟਾਪ ਕੀਤਾ ਹੈ। ਉਸ ਨੇ ਕਿਹਾ ਕਿ ਮੇਰੇ ਅਧਿਆਪਕਾਂ ਤੇ ਮਾਤਾ-ਪਿਤਾ ਦਾ ਮੈਨੂੰ ਬਹੁਤ ਸਹਿਯੋਗ ਰਿਹਾ, ਜਿਨ੍ਹਾਂ ਨੇ ਦਿਨ-ਰਾਤ ਇੱਕ ਕਰਕੇ ਮੈਨੂੰ ਪੜ੍ਹਾਇਆ-ਲਿਖਾਇਆ ਤੇ ਅੱਜ ਇਸ ਕਾਬਿਲ ਬਣਾਇਆ ਹੈ ਕਿ ਉਸ ਨੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਆਰੂਸ਼ਾ ਨੇ ਭਵਿੱਖ 'ਚ ਚਾਰਟਡ ਅਕਾਊਂਟੈਂਟ (ਸੀ ਏ) ਬਣ ਕੇ ਦੇਸ਼ ਤੇ ਸਮਾਜ ਦੀ ਸੇਵਾ ਕਰਨ ਦੀ ਇੱਛਾ ਪ੍ਰਗਟਾਈ। ਆਰੂਸ਼ਾ ਨੇ ਆਪਣੇ ਜੂਨੀਅਰਾਂ ਨੂੰ ਸੰਦੇਸ਼ ਦਿੱਤਾ ਕਿ ਮਿਹਨਤ ਤੇ ਲਗਨ ਕਦੇ ਵਿਅਰਥ ਨਹੀਂ ਜਾਂਦੀ, ਇਸ ਲਈ ਉਨ੍ਹਾਂ ਨੂੰ ਸਖਤ ਮਿਹਨਤ ਕਰਨੀ ਚਾਹੀਦੀ ਹੈ।

### ਘਰ 'ਚੋਂ ਨਕਦੀ ਤੇ ਗਹਿਣੇ ਚੋਰੀ, ਚਾਰ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਿੰਡ ਲੂੰਬੜੀ ਵਾਲਾ ਦੇ ਭੱਠਾ ਕਰਮ ਚੰਦ ਵਿਖੇ ਇੱਕ ਘਰ 'ਚੋਂ ਚਾਰ ਵਿਅਕਤੀਆਂ ਵੱਲੋਂ 23 ਹਜ਼ਾਰ 100 ਰੁਪਏ ਦੀ ਨਕਦੀ, 2 ਚਾਂਦੀ ਦੀਆਂ ਚੂੜੀਆਂ ਤੇ 1 ਚਾਂਦੀ ਦਾ ਕੜਾ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਚਾਰ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਸ਼ਿਵ ਰਾਣੀ ਪਤਨੀ ਸ਼ੀਸ਼ ਰਾਮ ਵਾਸੀ ਪਿੰਡ ਲਗੜਾ ਸ਼ਿਡ ਪੁਖਤਾ ਕੱਟੜਾ ਸਦਾਕਗੰਜ ਥਾਣਾ ਉਸੱਤ ਜ਼ਿਲ੍ਹਾ ਬਿਦਾਓ (ਯੂ.ਪੀ.) ਹਾਲ ਭੱਠਾ ਕਰਮ ਚੰਦ ਪਿੰਡ ਲੂੰਬੜੀ ਵਾਲਾ ਨੇ ਦੱਸਿਆ ਕਿ ਮਿਤੀ 17-18 ਅਪ੍ਰੈਲ 2024 ਦੀ ਦਰਮਿਆਨੀ ਰਾਤ ਨੂੰ ਉਹ ਤੇ ਉਸ ਦਾ ਪਤੀ ਭੱਠੇ 'ਤੇ ਕੰਮ ਕਰ ਰਹੇ ਸੀ, ਜਦ ਸਵੇਰੇ ਵਜੇ ਵਾਪਸ ਕਮਰੇ ਵਿੱਚ ਆਏ ਤਾਂ ਵੇਖਿਆ ਕਿ ਕਮਰੇ ਦਾ ਦਰਵਾਜ਼ਾ ਖੁੱਲ੍ਹਾ ਹੋਇਆ ਸੀ ਤੇ ਅੰਦਰ ਪਿਆ ਬਕਸਾ ਵੀ ਖੁੱਲ੍ਹਾ ਹੋਇਆ ਸੀ, ਜਦ ਉਨ੍ਹਾਂ ਨੇ ਚੈੱਕ ਕੀਤਾ ਤਾਂ ਬਕਸੇ ਵਿੱਚੋਂ 23 ਹਜ਼ਾਰ 100 ਰੁਪਏ, 2 ਚਾਂਦੀ ਦੀਆਂ ਚੂੜੀਆਂ ਤੇ 1 ਬੱਚੇ ਦਾ ਚਾਂਦੀ ਦਾ ਕੜਾ ਗਾਇਬ ਸੀ। ਸ਼ਿਵ ਰਾਣੀ ਨੇ ਦੱਸਿਆ ਕਿ ਅਗਲੇ ਦਿਨ ਦੋਸ਼ੀਆਨ ਧਰਮਪ੍ਰੀਤ ਉਰਫ ਧਰਮੀ, ਨਿਸ਼ਾਨ ਪੁੱਤਰ ਚੰਨਾ ਵਾਸੀਅਨ ਪਿੰਡ ਆਸਲ, ਗੁਰਪ੍ਰੀਤ ਉਰਫ ਗੋਰੀ ਵਾਸੀ ਪਿੰਡ ਸੋਢੇ ਵਾਲਾ ਤੇ ਧਰਮਪ੍ਰੀਤ ਵਾਸੀ ਬਸਤੀ ਖਾਨੂੰ ਭੱਠੇ 'ਤੇ ਕੰਮ 'ਤੇ ਨਹੀਂ ਆਏ, ਜੋ ਉਨ੍ਹਾਂ ਨੂੰ ਸ਼ੱਕ ਹੈ ਕਿ ਦੋਸ਼ੀਆਨ ਨੇ ਇਹ ਚੋਰੀ ਕੀਤੀ ਹੈ।

# ਪ੍ਰੈੱਸ ਦੀ ਆਜ਼ਾਦੀ ਲਈ ਵਧ ਰਹੀਆਂ ਚੁਣੌਤੀਆਂ ਚਿੰਤਾ ਦਾ ਵਿਸ਼ਾ : ਰਾਕੇਸ਼ ਮੋਹਨ



**ਮਲੋਟ (ਗੁਰਮੀਤ ਸਿੰਘ ਮੱਕੜ)**

ਪ੍ਰੈੱਸ ਕਲੱਬ ਮਲੋਟ ਵੱਲੋਂ ਸਥਾਨਕ ਸਿਟੀਜ਼ਨ ਕਲੱਬ ਵਿਖੇ ਕੌਮਾਂਤਰੀ ਪ੍ਰੈੱਸ ਆਜ਼ਾਦੀ ਦਿਵਸ 'ਤੇ ਇੱਕ ਸੰਖੇਪ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ ਨੇ ਸ਼ਿਰਕਤ ਕੀਤੀ। ਸਮਾਗਮ ਮੌਕੇ ਮੁੱਖ ਮਹਿਮਾਨ ਰਾਕੇਸ਼ ਮੋਹਨ ਮੱਕੜ ਨੇ ਅੰਤਰਰਾਸ਼ਟਰੀ, ਰਾਸ਼ਟਰੀ ਤੇ ਪੰਜਾਬ ਰਾਜ ਵਿੱਚ ਪ੍ਰੈੱਸ ਦੀ ਆਜ਼ਾਦੀ ਲਈ ਵਧ ਰਹੀਆਂ ਚੁਣੌਤੀਆਂ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਪੱਤਰਕਾਰ ਭਾਈਚਾਰੇ ਨੂੰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਆਪਸੀ ਸਹਿਯੋਗ ਨਾਲ ਕਰਨਾ ਚਾਹੀਦਾ ਹੈ। ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ ਨੇ ਕਿਹਾ ਕਿ ਪ੍ਰੈੱਸ ਨੂੰ ਹਮੇਸ਼ਾ ਤੋਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਤੇ ਅੱਜ ਵੀ ਕਰਨਾ ਪੈ ਰਿਹਾ ਹੈ। ਉਨ੍ਹਾ ਕਿਹਾ ਕਿ ਦੇਸ਼ ਵਿੱਚ ਚੱਲ ਰਹੀਆਂ ਜੰਗਾਂ ਦੌਰਾਨ ਦਰਜਨਾਂ ਪੱਤਰਕਾਰ ਸ਼ਹੀਦ ਹੋ ਗਏ। ਦੇਸ਼ ਦੀਆਂ ਅਜੋਕੀਆਂ ਸਥਿਤੀਆਂ ਵਿੱਚ ਜਮਹੂਰੀਅਤ ਨੂੰ ਬਚਾਉਣ ਲਈ ਪੱਤਰਕਾਰਾਂ ਨੂੰ ਜਾਗਰੂਕ ਹੋ ਕੇ ਆਪਣਾ ਰੋਲ ਨਿਭਾਉਣਾ ਚਾਹੀਦਾ ਹੈ। ਪ੍ਰੈੱਸ ਕਲੱਬ ਦੇ ਸਰਪ੍ਰਸਤ ਸਤੀਸ਼ ਗੋਇਲ ਤੇ ਮੀਤ ਪ੍ਰਧਾਨ ਹਰਪ੍ਰੀਤ ਸਿੰਘ ਹੈਪੀ ਨੇ ਕਿਹਾ ਕਿ ਦੇਸ਼ ਵਿੱਚ ਪੱਤਰਕਾਰੀ ਦੀ ਆਜ਼ਾਦੀ ਲਗਾਤਾਰ ਸੁੰਘੜਦੀ ਜਾ ਰਹੀ ਹੈ, ਇਸ ਲਈ ਪੱਤਰਕਾਰੀ ਨੂੰ ਬਚਾਉਣ ਲਈ ਹਰ ਹੀਲੇ ਯਤਨਸ਼ੀਲ ਰਹਿਣਾ ਚਾਹੀਦਾ ਹੈ। ਨੌਜਵਾਨ ਪੱਤਰਕਾਰ ਰੋਹਿਤ ਕਾਲੜਾ ਨੇ ਕਿਹਾ ਕਿ ਪ੍ਰੈੱਸ ਦੀ ਆਜ਼ਾਦੀ ਦੀ ਮੰਗ ਕਰਨ ਦੇ ਨਾਲ-ਨਾਲ ਸਾਨੂੰ ਆਪਣੇ ਆਪ ਦੇ ਅੰਦਰ ਝਾਕ ਮਾਰਨੀ ਚਾਹੀਦੀ ਹੈ ਅਤੇ ਪ੍ਰੈੱਸ ਦੀ ਆਜ਼ਾਦੀ ਦੀ ਵਰਤੋਂ ਲੋਕ ਹਿੱਤਾਂ ਵਾਸਤੇ ਕਰਨੀ ਚਾਹੀਦੀ ਹੈ ਅਤੇ ਨੈਤਿਕ ਕਦਰਾਂ ਕੀਮਤਾਂ ਦੇ ਧਾਰਨੀ ਬਣਨ ਦਾ ਸੱਦਾ ਦਿੱਤਾ ਤਾਂ ਜੋ ਪੱਤਰਕਾਰਾਂ 'ਤੇ ਕੋਈ ਵੀ ਉਂਗਲ ਨਾ ਚੁੱਕ ਸਕੇ। ਇਸ ਮੌਕੇ ਪੱਤਰਕਾਰ ਵਿਕਾਸ ਗੁਪਤਾ, ਸੰਦੀਪ ਮਲੂਜਾ, ਜੱਜ ਸ਼ਰਮਾ, ਚੇਤਨ ਭੂਰਾ, ਲਖਵਿੰਦਰ ਸਿੰਘ ਬਰਾੜ ਆਦਿ ਹਾਜ਼ਰ ਸਨ।

## 'ਕਰਮਜੀਤ ਅਨਮੋਲ ਜੀ! ਜਿਤਾਵਾਂਗੇ ਜ਼ਰੂਰ, ਪਰ ਸਾਡੀ ਰੇਲਵੇ ਲਾਇਨ ਨਾ ਭੁੱਲਿਓ'

**ਭਗਤਾ ਭਾਈ ਕਾ (ਰਾਜੀਵ ਗੋਇਲ)**-'ਅਨਮੋਲ ਜੀ! ਜਿਤਾਵਾਂਗੇ ਜ਼ਰੂਰ, ਪਰ ਸਾਡੀ ਰੇਲਵੇ ਲਾਇਨ ਨਾ ਭੁੱਲਿਓ।' ਇਸ ਗੱਲ ਦੀ ਮੰਗ ਕਰ ਰਹੇ ਹਨ ਭਗਤਾ ਬਲਾਕ ਦੇ ਵੋਟਰ। ਪਿਛਲੇ ਕਾਫੀ ਲੰਮੇ ਸਮੇਂ ਤੋਂ ਭਗਤਾ ਭਾਈਕਾ ਬਲਾਕ ਨਾਲ ਸੰਬੰਧਤ ਲੋਕਾਂ ਦੀ ਮੰਗ ਰਹੀ ਹੈ ਕਿ ਉਨ੍ਹਾਂ ਦੀ ਸਹੂਲਤ ਲਈ ਇੱਥੋਂ ਰੇਲਵੇ ਲਾਇਨ ਦਾ ਜਾਲ ਵਿਛਾਇਆ ਜਾਵੇ ਤਾਂ ਕਿ ਦੂਰ ਦੁਰਾਡੇ ਸਫਰ ਕਰਨ ਵਾਲੇ ਲੋਕਾਂ ਨੂੰ ਇਸ ਦਾ ਫਾਇਦਾ ਮਿਲ ਸਕੇ। ਇਹ ਮੰਗ ਸਾਬਕਾ ਸੰਸਦ ਮੈਂਬਰ ਮੁਹੰਮਦ ਸਦੀਕ ਅੱਗੇ ਵੀ ਰੱਖੀ ਗਈ ਸੀ, ਪਰ ਸ਼ਾਇਦ ਉਹ ਇਸ ਮੰਗ ਨੂੰ ਨੇਪਰੇ ਚਾੜ੍ਹਨ ਵਿੱਚ ਸਫਲ ਨਹੀਂ ਹੋ ਸਕੇ। ਆਮ ਲੋਕਾਂ ਦਾ ਕਹਿਣਾ ਹੈ ਕਿ ਭਗਤਾ ਬਲਾਕ ਨਾਲ ਸੰਬੰਧਤ ਜੇਕਰ ਕਿਸੇ ਨੇ ਟ੍ਰੇਨ ਰਾਹੀਂ ਸਫਰ ਕਰਨਾ ਹੋਵੇ ਤਾਂ ਉਸ ਨੂੰ ਕਰੀਬ 20-50 ਕਿਲੋਮੀਟਰ ਦਾ ਪੈਂਡਾ ਤੈਅ ਕਰਕੇ ਰੇਲਵੇ ਸਟੇਸ਼ਨ ਪਹੁੰਚਣਾ ਪੈਂਦਾ ਹੈ ਅਤੇ ਜੇਕਰ ਗੱਡੀ ਦਾ ਸਮਾਂ ਰਾਤ ਨੂੰ ਹੋਵੇ ਤਾਂ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ। ਭਗਤਾ ਬਲਾਕ ਨੂੰ ਜੈਤੋ, ਰਾਮਪੁਰਾ ਮੰਡੀ, ਬਰਨਾਲਾ ਤੇ ਬਠਿੰਡਾ ਰੇਲਵੇ ਸਟੇਸ਼ਨ ਪੈਂਦਾ ਹੈ, ਜਿਸ ਦੀ ਦੂਰੀ ਕਰੀਬ 20-50 ਕਿਲੋਮੀਟਰ ਤੱਕ ਬਣਦੀ ਹੈ। ਜੇਕਰ ਮਹਿਕਮੇ ਵੱਲੋਂ ਭਗਤਾ ਤੋਂ ਕਰਾਸ ਹੁੰਦੀ ਕੋਈ ਲਾਇਨ ਵਿਛਾਈ ਜਾਂਦੀ ਹੈ ਤਾਂ ਇਲਾਕੇ ਦੇ ਲੋਕਾਂ ਤੇ ਵਪਾਰੀਆਂ ਨੂੰ ਬਹੁਤ ਵੱਡੀ ਸਹੂਲਤ ਮਿਲ ਜਾਵੇਗੀ। ਇਸ ਕਰਕੇ ਆਮ ਆਦਮੀ ਪਾਰਟੀ ਦੀ ਤਰਫੋਂ ਲੋਕ ਸਭਾ ਹਲਕਾ ਫਰੀਦਕੋਟ ਤੋਂ ਚੋਣ ਲੜ ਰਹੇ ਉਮੀਦਵਾਰ ਕਰਮਜੀਤ ਅਨਮੋਲ ਤੋਂ ਇਲਾਕੇ ਦੇ ਲੋਕਾਂ ਵੱਲੋਂ ਇਹੀ ਮੰਗ ਸਾਹਮਣੇ ਰੱਖੀ ਗਈ ਹੈ ਅਤੇ ਕਿਹਾ ਹੈ ਕਿ ਅਸੀਂ ਤੁਹਾਨੂੰ ਜਿਤਾ ਕੇ ਸੰਸਦ ਵਿੱਚ ਜ਼ਰੂਰ ਭੇਜਾਂਗੇ, ਪਰ ਸਾਡੀ ਇਹ ਮੰਗ ਨਾ ਭੁੱਲਿਓ।

## ਸ਼ਸ਼ੀ ਬਾਲਾ ਦੀ ਮੌਤ 'ਤੇ ਵੱਖ-ਵੱਖ ਆਗੂਆਂ ਵੱਲੋਂ ਦੁੱਖ ਦਾ ਪ੍ਰਗਟਾਵਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਜੇਠੀ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਸ਼ਸ਼ੀ ਬਾਲਾ ਪਤਨੀ ਸੀਤਾ ਰਾਮ ਦੀਪਕ ਪ੍ਰਧਾਨ ਜਨ ਕਲਿਆਣ ਸਭਾ ਅਚਾਨਕ ਸਵਾਰਗ ਸੁਧਾਰ ਗਏ। ਸ਼ਸ਼ੀ ਬਾਲਾ ਪਰਿਵਾਰਕ ਜ਼ਿੰਮੇਵਾਰੀਆਂ ਦੇ ਨਾਲ ਨਾਲ ਆਪਣਾ ਸਾਦਾ ਜੀਵਨ ਬਤੀਤ ਕਰਕੇ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ। ਸ਼ਸ਼ੀ ਬਾਲਾ ਦੀ ਬੇਵਕਤੀ ਮੌਤ 'ਤੇ ਸਾਬਕਾ ਮੰਤਰੀ ਗੁਰਪ੍ਰੀਤ ਕਾਂਗੜ, ਖਾਦੀ ਉਦਯੋਗ ਬੋਰਡ ਦੇ ਚੇਅਰਮੈਨ ਇੰਦਰਜੀਤ ਮਾਨ, ਸੀਨੀਅਰ ਕਾਂਗਰਸੀ ਆਗੂ ਜਸ ਬੱਜੋਆਣਾ, ਨਰਿੰਦਰ ਭਲੇਰੀਆ, ਸੰਜੀਵ ਢੀਂਗਰਾ ਟੀਨਾ, ਕਰਮਜੀਤ ਸਿੰਘ ਖਾਲਸਾ, ਮੁਕੇਸ਼ ਭੱਠੇ ਵਾਲਾ, ਅਸ਼ੋਕ ਕੁਮਾਰ ਆੜ੍ਹਤੀਆ, ਰਾਮ ਕਿਸ਼ਨ ਲਾਲਾ, ਅਕਾਲੀ ਦਲ ਹਲਕਾ ਰਾਮਪੁਰਾ ਫੂਲ ਦੇ ਮੁੱਖ ਸੇਵਾਦਾਰ ਹਰਿੰਦਰ ਸਿੰਘ ਹਿੰਦਾ, ਜਸ ਪਿੱਪਲੀ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸੁਨੀਲ ਬਿੱਟਾ, ਸੁਰਜੀਤ ਐੱਮ ਸੀ, ਅਰੋੜਵੰਸ ਸਭਾ ਦੇ ਪ੍ਰਧਾਨ ਅਸ਼ੋਕ ਕੁਮਾਰ ਅਰੋੜਾ ਤੋਂ ਇਲਾਵਾ ਸ਼ਹਿਰ ਦੀਆਂ ਸਮੂਹ ਸਮਾਜ ਸੇਵੀ, ਧਾਰਮਿਕ ਤੇ ਰਾਜਨੀਤਕ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ਼ਸ਼ੀ ਬਾਲਾ ਨਮਿੱਤ ਰੱਖੇ ਪਾਠ ਦਾ ਭੋਗ 12 ਮਈ ਨੂੰ ਦੁਪਹਿਰ 1 ਵਜੇ ਸ਼ਾਂਤੀ ਹਾਲ, ਰਾਮਪੁਰਾ ਫੂਲ ਵਿਖੇ ਪਵੇਗਾ।

## ਗਿੱਦੜਬਾਹਾ ਦੇ ਕਈ ਪਰਵਾਰ ਅਕਾਲੀ ਦਲ 'ਚ ਸ਼ਾਮਲ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਬੀਤੇ ਦਿਨ ਹਲਕਾ ਗਿੱਦੜਬਾਹਾ ਦੇ ਮੁੱਖ ਸੇਵਾਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਲੋਕ ਸਭਾ ਹਲਕਾ ਫਰੀਦਕੋਟ ਦੇ ਅਕਾਲੀ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਦੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਗਿੱਦੜਬਾਹਾ ਪਿੰਡ ਦੇ ਵਰਕਰ ਸਾਹਿਬਾਨਾਂ ਦੀ ਮਿਹਨਤ ਸਦਕਾ ਟਕਸਾਲੀ ਕਾਂਗਰਸੀ ਪਰਵਾਰ ਭੋਲਾ ਸਿੰਘ ਢਿੱਲੋਂ, ਨਸੀਬ ਕੌਰ, ਬਲਰਾਜ ਸਿੰਘ, ਕੁਲਦੀਪ ਸਿੰਘ, ਕਿਰਨਜੀਤ ਕੌਰ, ਵੀਰਪਾਲ ਕੌਰ, ਜਸਦੀਪ ਸਿੰਘ ਤੇ ਰਸ਼ਦੀਪ ਸਿੰਘ ਕਾਂਗਰਸ ਪਾਰਟੀ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਡਿੰਪੀ ਢਿੱਲੋਂ ਵੱਲੋਂ ਜੀ ਆਇਆਂ ਨੂੰ ਆਖਦੇ ਹੋਏ ਪਾਰਟੀ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਅਤੇ ਪਾਰਟੀ 'ਚ ਬਣਦਾ ਮਾਣ ਸਨਮਾਨ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਡਿੰਪੀ ਢਿੱਲੋਂ ਨੇ ਕਿਹਾ ਕਿ ਹਲਕਾ ਗਿੱਦੜਬਾਹਾ ਦੇ ਲੋਕਾਂ ਵੱਲੋਂ ਬੇਹੱਦ ਪਿਆਰ ਸਤਿਕਾਰ ਮਿਲ ਰਿਹਾ ਹੈ, ਪਿਛਲੇ ਲੰਬੇ ਸਮੇਂ ਤੋਂ ਕਾਂਗਰਸ ਨਾਲ ਜੁੜੇ ਪਰਵਾਰ ਅੱਜ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋਏ, ਜਿਸ ਨਾਲ ਅਕਾਲੀ ਦਲ ਨੂੰ ਬਹੁਤ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਖਾਸ ਕਰਕੇ ਗਿੱਦੜਬਾਹਾ ਹਲਕੇ ਦੇ ਸੂਝਵਾਨ ਵੋਟਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਹੱਕ ਵਿੱਚ ਖੜ੍ਹਨ ਦਾ ਦ੍ਰਿੜ੍ਹ ਇਰਾਦਾ ਬਣਾ ਲਿਆ ਹੈ। ਇਸ ਮੌਕੇ ਸਰਕਲ ਪ੍ਰਧਾਨ ਬਲਰਾਜ ਸਿੰਘ ਮਾਨ, ਮਾਧੋਦਾਸ ਸਿੰਘ, ਜਸਵੀਰ ਸਿੰਘ ਜੈਲਦਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਕਾਲੀ ਵਰਕਰ ਹਾਜ਼ਰ ਸਨ।

## ਥਰਮਲ ਠੇਕਾ ਮੁਲਾਜ਼ਮ ਯੂਨੀਅਨ ਵੱਲੋਂ ਕਿਸਾਨ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

**ਕਿਸਾਨਾਂ ਦੀਆਂ ਸਮੂਹ ਮੰਗਾਂ ਪ੍ਰਵਾਨ ਕਰੇ ਕੇਂਦਰ ਤੇ ਸੂਬਾ ਸਰਕਾਰ : ਜਗਰੂਪ ਸਿੰਘ**



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਜੀ. ਐੱਚ. ਟੀ. ਪੀ. ਠੇਕਾ ਮੁਲਾਜ਼ਮ ਯੂਨੀਅਨ (ਆਜ਼ਾਦ) ਲਹਿਰਾ ਮੁਹੱਬਤ ਦੇ ਆਗੂਆਂ ਜਗਰੂਪ ਸਿੰਘ ਲਹਿਰਾ, ਜਗਸੀਰ ਸਿੰਘ ਭੰਗੂ, ਬਾਦਲ ਸਿੰਘ ਭੁੱਲਰ, ਬਲਜਿੰਦਰ ਸਿੰਘ ਮਾਨ, ਲਛਮਣ ਸਿੰਘ ਰਾਮਪੁਰਾ ਤੇ ਹਰਦੀਪ ਸਿੰਘ ਤੱਗੜ ਆਦਿ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਪਟਿਆਲਾ ਵਿਖੇ ਆਪਣੀਆਂ ਮੰਗਾਂ ਲਈ ਸੰਘਰਸ਼ ਰਹੇ ਕਿਸਾਨ ਸੁਰਿੰਦਰ ਸਿੰਘ ਦੀ ਹੋਈ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਕਿਸਾਨਾਂ-ਮਜ਼ਦੂਰਾਂ ਵੱਲੋਂ ਆਪਣੀਆਂ ਹੱਕੀ ਤੇ ਜਾਇਜ਼ ਮੰਗਾਂ ਐੱਮ. ਐੱਸ. ਪੀ. ਦੀ ਕਾਨੂੰਨੀ ਗਾਰੰਟੀ ਸਮੇਤ ਕਿਸਾਨੀ ਅੰਦੋਲਨ ਦੌਰਾਨ ਹੋਰ ਮੰਨੀਆਂ ਸਮੂਹ ਮੰਗਾਂ ਨੂੰ ਲਾਗੂ ਕਰਵਾਉਣ ਲਈ ਸੰਵਿਧਾਨਕ ਜਮਹੂਰੀ ਹੱਕ ਤਹਿਤ ਸ਼ਾਂਤਮਈ ਤਰੀਕੇ ਨਾਲ ਭਾਜਪਾ ਆਗੂਆਂ ਦਾ ਵਿਰੋਧ ਕੀਤਾ ਜਾ ਰਿਹਾ ਹੈ, ਪਰ ਕਿਸਾਨਾਂ ਦੇ ਸੰਘਰਸ਼ਾਂ ਨੂੰ ਕੁਚਲਣ ਦੀ ਨੀਅਤ ਨਾਲ ਕੇਂਦਰ ਦੀ ਫਾਸ਼ੀਵਾਦੀ 'ਭਾਜਪਾ ਹਕੂਮਤ' ਦੇ ਇਸ਼ਾਰਿਆਂ 'ਤੇ ਪੰਜਾਬ ਦੀ 'ਆਪ ਸਰਕਾਰ' ਵੱਲੋਂ ਸਮੁੱਚੇ ਪੰਜਾਬ ਵਿੱਚ ਰੋਜ਼ਾਨਾ ਪੁਲਸ ਪ੍ਰਸ਼ਾਸਨ ਦੁਬਾਰਾ ਕਿਸਾਨਾਂ-ਮਜ਼ਦੂਰਾਂ ਦੀ ਖਿੱਚ-ਧੂਹ ਕਰਵਾਈ ਜਾ ਰਹੀ ਹੈ, ਜਿਸ ਦੇ ਸਿੱਟੇ ਵਜੋਂ 4 ਮਈ ਨੂੰ ਪਟਿਆਲਾ ਵਿਖੇ ਸੰਘਰਸ਼ ਕਰ ਰਹੇ ਕਿਸਾਨ ਸੁਰਿੰਦਰ ਸਿੰਘ ਦੀ ਮੌਤ ਹੋਈ ਹੈ। ਜਥੇਬੰਦੀ ਇਸ ਦੁਖਦਾਈ ਘਟਨਾ 'ਤੇ ਸੂਬਾ ਤੇ ਕੇਂਦਰ ਸਰਕਾਰ ਦੀ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕਰਦੀ ਹੈ ਤੇ ਮੰਗ ਕਰਦੀ ਹੈ ਕਿ ਸੰਘਰਸ਼ਸ਼ੀਲ ਕਿਸਾਨ ਸੁਰਿੰਦਰ ਸਿੰਘ ਦੀ ਮੌਤ ਦੇ ਜ਼ਿੰਮੇਵਾਰ ਸਮੂਹ ਦੋਸ਼ੀਆਂ 'ਤੇ ਕੇਸ ਦਰਜ ਕਰਕੇ ਸਖ਼ਤ ਸਜ਼ਾ ਦਿੱਤੀ ਜਾਵੇ ਅਤੇ ਪੁਲਸ ਦੇ ਜਬਰ ਨਾਲ ਸੰਘਰਸ਼ਾਂ ਨੂੰ ਕੁਚਲਣ ਦੀ ਥਾਂ ਕਿਸਾਨਾਂ-ਮਜ਼ਦੂਰਾਂ ਦੀਆਂ ਸਮੂਹ ਮੰਗਾਂ ਨੂੰ ਪ੍ਰਵਾਨ ਕੀਤਾ ਜਾਵੇ।

## ਪੰਜਾਬੀ ਆਪਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਡਟ ਕੇ ਖੜਨ : ਹਰਜੋਤ ਸਿੰਘ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪੰਜਾਬ ਦੇ ਲੋਕ ਪੰਜਾਬੀਆਂ ਦੀ ਅਪਣੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਡੱਟ ਕੇ ਖੜ੍ਹੇ ਹਨ। ਸ਼੍ਰੋਮਣੀ ਅਕਾਲੀ ਦਲ ਹੀ ਪੰਜਾਬ ਦੇ ਹੱਕਾਂ ਦਾ ਅਸਲ ਪਹਿਰੇਦਾਰ ਹੈ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਮੋਗਾ ਦੇ ਜ਼ਿਲ੍ਹਾ ਪ੍ਰਧਾਨ ਹਰਜੋਤ ਸਿੰਘ ਡੇਮਰੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲੋਕ ਸਭਾ ਹਲਕਾ ਫਰੀਦਕੋਟ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਦੀ ਜਿੱਤ ਦਾ ਦਾਅਵਾ ਕਰਨ ਸਮੇਂ ਕੀਤਾ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਡੇਮਰੂ ਨੇ ਕਿਹਾ ਕਿ ਨੌਜਵਾਨ ਵਰਗ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਦੇ ਹੱਕ ਵਿੱਚ ਫਤਵਾ ਦੇਣਗੇ ਤੇ ਵੱਡੀ ਲੀਡ ਨਾਲ ਉਨ੍ਹਾਂ ਨੂੰ ਜਿਤਾ ਕੇ ਲੋਕ ਸਭਾ ਦੀਆਂ ਪੌੜੀਆਂ ਚੜ੍ਹਾਉਣਗੇ। ਇਸ ਮੌਕੇ ਉਨ੍ਹਾ ਕਿਹਾ ਕਿ ਉਨ੍ਹਾਂ ਜ਼ਿਲ੍ਹੇ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਦੇ ਹੱਕ ਵਿੱਚ ਨੌਜਵਾਨ ਵਰਗ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤੇ ਨੌਜਵਾਨ ਵਰਗ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਪੰਜਾਬ ਵਿੱਚ ਲਿਆਉਣ ਲਈ ਕਾਹਲਾ ਪਿਆ ਹੋਇਆ ਹੈ। ਇਸ ਮੌਕੇ ਉਨ੍ਹਾਂ ਇਹ ਵੀ ਕਿਹਾ ਕਿ ਇਸ ਵਾਰ ਫਰੀਦਕੋਟ ਵਾਸੀ ਬਾਹਰੀ ਉਮੀਦਵਾਰਾਂ ਨੂੰ ਦਰਕਿਨਾਰ ਕਰ ਕੇ ਲੋਕਲ ਉਮੀਦਵਾਰ ਰਾਜਵਿੰਦਰ ਸਿੰਘ ਧਰਮਕੋਟ ਨੂੰ ਆਪਣਾ ਇੱਕ ਇੱਕ ਕੀਮਤੀ ਵੋਟ ਪਾ ਕੇ ਕਾਮਯਾਬ ਕਰਨਗੇ। ਉਨ੍ਹਾਂ ਕਿ ਕਿਹਾ ਕਿ ਅੱਜ ਸ਼੍ਰੋਮਣੀ ਅਕਾਲੀ ਦਲ ਨੂੰ ਵਧੇਰੇ ਮਜ਼ਬੂਤ ਕਰਨ ਦੀ ਲੋੜ ਹੈ, ਕਿਉਂਕਿ ਕਿ ਕੇਂਦਰ (ਦਿੱਲੀ) ਤੋਂ ਚੱਲਣ ਵਾਲੀਆਂ ਰਾਜਨੀਤਕ ਪਾਰਟੀਆਂ ਨੇ ਕਦੇ ਵੀ ਪੰਜਾਬ ਦੇ ਹਿੱਤਾਂ 'ਤੇ ਪਹਿਰਾ ਨਹੀਂ ਦਿੱਤਾ, ਸਗੋਂ ਪੰਜਾਬ ਦੇ ਹੱਕਾਂ ਨੂੰ ਖੋਹਣ ਲਈ ਹੀ ਮੋਹਰੀ ਰੋਲ ਅਦਾ ਕੀਤਾ ਹੈ।

## ਕੋਟਾਂ ਕਾਲਜ ਦੇ ਪ੍ਰਿੰਸੀਪਲ ਤੇ ਵਿੱਦਿਆ ਸਕੱਤਰ ਨੇ ਬਕਾਇਆ ਤਨਖਾਹ ਦੇਣ ਲਈ ਕੀਤਾ ਧੰਨਵਾਦ



**ਦੋਰਾਹਾ (ਹਰਮਿੰਦਰ ਸੇਠ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਆਪਣੇ ਸੁਚੱਜੇ ਪ੍ਰਬੰਧ ਹੇਠ ਚੱਲ ਰਹੀ ਸੰਸਥਾ ਨੂੰ ਪਿਛਲੀਆਂ ਬਕਾਇਆ ਤਨਖਾਹਾਂ ਯਕਮੁਸਤ ਦੇ ਕੇ ਇੱਕ ਵੱਡਾ ਉਪਰਾਲਾ ਕੀਤਾ ਗਿਆ, ਜਿਸ ਲਈ ਮਾਤਾ ਗੰਗਾ ਖਾਲਸਾ ਕਾਲਜ, ਮੰਜੀ ਸਾਹਿਬ ਕੋਟਾਂ ਦੇ ਪ੍ਰਿੰਸੀਪਲ ਡਾਕਟਰ ਗਗਨਦੀਪ ਸਿੰਘ ਤੇ ਉਨ੍ਹਾਂ ਦੇ ਸਮੂਹ ਸਟਾਫ ਵੱਲੋਂ ਪ੍ਰਧਾਨ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਇੰਜੀਨੀਅਰ ਸੁਖਮਿੰਦਰ ਸਿੰਘ, ਸਕੱਤਰ ਵਿੱਦਿਆ ਤੇ ਗੁਰਮੀਤ ਸਿੰਘ ਬੁਹ, ਮੈਂਬਰ ਵਿੱਦਿਆ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਵਿੱਦਿਅਕ ਅਦਾਰਿਆਂ (ਸਕੂਲਾਂ ਤੇ ਕਾਲਜਾਂ) ਨੂੰ ਬਕਾਇਆ ਤਨਖਾਹਾਂ ਦੇ ਚੈੱਕ ਵੰਡ ਕੇ ਆਪਣੀਆਂ ਸੰਸਥਾਵਾਂ ਨੂੰ ਪੈਰਾਂ ਸਿਰ ਕਰਨ ਲਈ ਇੱਕ ਵੱਡੀ ਪੁਲਾਂਘ ਪੁੱਟੀ ਗਈ ਹੈ। ਇਸ ਤੋਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਵੱਲੋਂ ਕਾਲਜ ਵਿੱਚ ਸਮਾਰਟ ਕਲਾਸ ਬਣਵਾਈ ਗਈ ਤੇ ਕਾਲਜ ਦੇ ਰੰਗ ਰੋਗਨ ਲਈ ਵੀ ਆਰਥਿਕ ਮੱਦਦ ਦੇ ਕੇ ਸੰਸਥਾ ਨੂੰ ਸਮੇਂ ਦੇ ਹਾਣ ਦਾ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਗਈ ਹੈ। ਵਿੱਦਿਆ ਨੂੰ ਤਰਜੀਹ ਦੇਣ ਤੇ ਵਿੱਦਿਅਕ ਸੰਸਥਾਵਾਂ ਦੇ ਮਿਆਰ ਨੂੰ ਉੱਚਾ ਚੁੱਕਣ ਵਿੱਚ ਐੱਸਜੀਪੀਸੀ ਵੱਲੋਂ ਕੀਤੇ ਗਏ ਅਜਿਹੇ ਯਤਨ ਸ਼ਲਾਘਾਯੋਗ ਹਨ ਅਤੇ ਮਾਤਾ ਗੰਗਾ ਖਾਲਸਾ ਕਾਲਜ ਕੋਟਾਂ ਵੱਲੋਂ ਪ੍ਰਿੰਸੀਪਲ ਡਾਕਟਰ ਗਗਨਦੀਪ ਸਿੰਘ ਤੇ ਉਨ੍ਹਾਂ ਦੇ ਸਮੂਹ ਸਟਾਫ ਨੇ ਐੱਸਜੀਪੀਸੀ ਦੇ ਅਜਿਹੇ ਯਤਨਾਂ ਲਈ ਕੋਟਨਿ ਕੋਟਿ ਸ਼ੁਕਰਾਨਾ ਕੀਤਾ।

## ਪ੍ਰੀਜ਼ਾਈਡਿੰਗ, ਸਹਾਇਕ ਪ੍ਰੀਜ਼ਾਈਡਿੰਗ ਅਫਸਰਾਂ ਤੇ ਪੋਲਿੰਗ ਅਫਸਰਾਂ ਦੀ ਪਹਿਲੀ ਰਿਹਰਸਲ ਕਰਵਾਈ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਚੋਣ ਕਮਿਸ਼ਨ ਤੇ ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਦੇ ਦਿਸ਼ਾ-ਨਿਰਦੇਸ਼ਾਂ ਹੇਠ ਅੱਜ ਜ਼ਿਲ੍ਹੇ ਦੇ 4612 ਪ੍ਰੀਜ਼ਾਈਡਿੰਗ ਅਫ਼ਸਰਾਂ, ਸਹਾਇਕ ਪ੍ਰੀਜ਼ਾਈਡਿੰਗ ਅਫਸਰਾਂ ਤੇ ਪੋਲਿੰਗ ਅਫਸਰਾਂ ਦੀ ਪਹਿਲੀ ਰਿਹਰਸਲ ਕਰਵਾਈ ਗਈ। ਇਸ ਸਬੰਧੀ ਫਾਜ਼ਿਲਕਾ ਵਿਖੇ ਚੱਲ ਰਹੀ ਰਿਹਰਸਲ ਦਾ ਦੌਰਾ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਰਾਕੇਸ਼ ਕੁਮਾਰ ਪੋਪਲੀ ਨੇ ਦੱਸਿਆ ਕਿ ਫਾਜ਼ਿਲਕਾ, ਅਬੋਹਰ, ਜਲਾਲਾਬਾਦ ਤੇ ਬੱਲੂਆਣਾ ਦੇ ਏ.ਆਰ.ਓਜ਼. ਦੀ ਨਿਗਰਾਨੀ ਹੇਠ ਹੋਈ ਰਿਹਰਸਲ ਵਿੱਚ 1183 ਪ੍ਰੀਜ਼ਾਈਡਿੰਗ ਅਫ਼ਸਰਾਂ, 1183 ਸਹਾਇਕ ਪ੍ਰੀਜ਼ਾਈਡਿੰਗ ਅਫਸਰਾਂ ਤੇ 2246 ਪੋਲਿੰਗ ਅਫ਼ਸਰਾਂ ਨੇ ਭਾਗ ਲਿਆ। ਉਨ੍ਹਾਂ ਦੱਸਿਆ ਕਿ ਪੋਲਿੰਗ ਸਟਾਫ ਦੀ ਸਹੂਲਤ ਲਈ ਇਹ ਸਿਖਲਾਈ ਦੋ ਸ਼ਿਫਟਾਂ ਵਿੱਚ ਸਵੇਰੇ ਤੇ ਸ਼ਾਮ ਨੂੰ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਫ਼ਾਜ਼ਿਲਕਾ ਦੇ ਸਟਾਫ਼ ਲਈ ਸਰਕਾਰੀ ਸੈਕੰਡਰੀ ਸਕੂਲ ਲੜਕੇ ਫਾਜ਼ਿਲਕਾ, ਅਬੋਹਰ ਲਈ ਡੀ ਏ ਵੀ ਕਾਲਜ ਆਫ਼ ਐਜੂਕੇਸ਼ਨ, ਜਲਾਲਾਬਾਦ ਲਈ ਆਈ.ਟੀ.ਆਈ. ਤੇ ਬੱਲੂਆਣਾ ਦੇ ਸਟਾਫ਼ ਲਈ ਅਬੋਹਰ ਦੇ ਡੀ.ਏ.ਵੀ. ਕਾਲਜ ਦੇ ਆਡੀਟੋਰੀਅਮ ਵਿਖੇ ਇਹ ਰਿਹਰਸਲ ਕਰਵਾਈ ਗਈ, ਜਿਥੇ ਸਮੁੱਚੇ ਸਟਾਫ਼ ਨੂੰ ਚੋਣ ਪ੍ਰਕਿਰਿਆ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਚੋਣ ਕਮਿਸ਼ਨ ਦੀਆਂ ਹਦਾਇਤਾਂ ਮੁਤਾਬਕ ਪੋਲਿੰਗ ਪਾਰਟੀਆਂ ਨੂੰ ਵੋਟਿੰਗ ਵਾਲੇ ਦਿਨ ਹੋਣ ਵਾਲੀ ਇੱਕ-ਇੱਕ ਕਾਰਵਾਈ ਦਾ ਪਤਾ ਹੋਣਾ ਚਾਹੀਦਾ ਹੈ, ਇਸ ਲਈ ਨਕਲੀ (ਡਮੀ) ਮਸ਼ੀਨ ਰਾਹੀਂ ਵੋਟਿੰਗ ਦੇ ਪੂਰੇ ਪ੍ਰੋਸੈਸ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਕ ਪੋਲਿੰਗ ਪਾਰਟੀ ਵਿੱਚ ਇੱਕ ਪ੍ਰੀਜ਼ਾਈਡਿੰਗ ਅਫ਼ਸਰ, ਇੱਕ ਸਹਾਇਕ ਪ੍ਰੀਜ਼ਾਈਡਿੰਗ ਅਫਸਰ ਤੇ ਦੋ ਪੋਲਿੰਗ ਅਫ਼ਸਰ ਹੁੰਦੇ ਹਨ ਤੇ ਹਰੇਕ ਦਾ ਆਪੋ-ਆਪਣਾ ਕੰਮ ਹੁੰਦਾ ਹੈ। ਇਸ ਮੌਕੇ ਵੱਖ-ਵੱਖ ਮਾਸਟਰ ਟ੍ਰੇਨਰਾਂ ਵੱਲੋਂ ਪ੍ਰੀਜ਼ਾਈਡਿੰਗ ਅਫ਼ਸਰਾਂ, ਸਹਾਇਕ ਪ੍ਰੀਜ਼ਾਈਡਿੰਗ ਅਫਸਰਾਂ ਤੇ ਪੋਲਿੰਗ ਅਫ਼ਸਰਾਂ ਨੂੰ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ ਐੱਸ ਡੀ ਐੱਮ ਫਾਜ਼ਿਲਕਾ ਵਿਪਿਨ ਭੰਡਾਰੀ, ਨਾਇਬ ਤਹਿਸੀਲਦਾਰ (ਅੰਡਰ ਟ੍ਰੇਨਿੰਗ) ਹਰਪ੍ਰੀਤ ਸਿੰਘ, ਕਾਰਜ ਸਾਧਕ ਅਫ਼ਸਰ ਮੰਗਤ ਕੁਮਾਰ, ਮਾਸਟਰ ਟ੍ਰੇਨਰ ਸੰਦੀਪ ਅਨੇਜਾ ਆਦਿ ਅਧਿਕਾਰੀ ਮੌਜੂਦ ਸਨ।

## ਸ੍ਰੀ ਦੁਰਗਾ ਸੇਵਾ ਦਲ ਵੱਲੋਂ ਜਨਰਲ ਅਜਲਾਸ



**ਸੰਗਰੂਰ (ਪ੍ਰਵੀਨ ਸਿੰਘ)**-ਸ੍ਰੀ ਦੁਰਗਾ ਸੇਵਾ ਦਲ ਲੰਗਰ ਭਵਨ ਸਿਵਲ ਹਸਪਤਾਲ ਸੰਗਰੂਰ ਵੱਲੋਂ ਜਨਰਲ ਅਜਲਾਸ ਕੀਤਾ ਗਿਆ, ਜਿਸ ਵਿੱਚ ਜਨਰਲ ਸੈਕਟਰੀ ਡਿੰਪੀ ਜਿੰਦਲ ਨੇ ਪਿਛਲੇ ਸਾਲ 2023-2024 ਦਾ ਹਿਸਾਬ ਪੇਸ਼ ਕੀਤਾ, ਜਿਸ ਦੇ ਹਾਜ਼ਰ ਸਾਰੇ ਮੈਂਬਰ ਸਾਹਿਬਾਨਾਂ ਨੇ ਤਸੱਲੀ ਪ੍ਰਗਟ ਕੀਤੀ ਤੇ ਸੇਵਾ ਦਲ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਪ੍ਰਸੰਸਾ ਕੀਤੀ। ਇਸ ਮੌਕੇ ਸੰਸਥਾ ਦੇ ਪ੍ਰਧਾਨ ਅਰੂਪ ਸਿੰਗਲਾ ਨੇ ਦੱਸਿਆ ਕਿ ਸ੍ਰੀ ਦੁਰਗਾ ਸੇਵਾ ਦਲ ਵੱਲੋਂ ਸਵੇਰ ਤੋਂ ਲੈ ਕੇ ਸ਼ਾਮ ਤੱਕ ਸਿਵਲ ਹਸਪਤਾਲ ਸੰਗਰੂਰ ਵਿਖੇ ਪਿਛਲੇ 21 ਸਾਲਾਂ ਤੋਂ ਲਗਾਤਾਰ ਲੰਗਰ ਚਲਾਇਆ ਜਾ ਰਿਹਾ ਹੈ। ਮਰੀਜ਼ਾਂ ਦੀ ਦੇਖ-ਰੇਖ ਕਰਨ ਵਾਲੇ ਵਿਅਕਤੀਆਂ ਦੀ ਸਹੂਲਤ ਲਈ ਗੱਦੇ, ਕੰਬਲ, ਫਰਾਟੇ ਪੱਖੇ ਬਿਨਾਂ ਕਿਰਾਏ ਤੋਂ ਦਿੱਤੇ ਜਾਂਦੇ ਹਨ। ਅਜਲਾਸ ਦੌਰਾਨ ਅਗਲੇ 3 ਸਾਲਾਂ ਲਈ ਪ੍ਰਧਾਨ ਤੇ ਅਹੁਦੇਦਾਰਾਂ ਦੀ ਚੋਣ ਕਰਵਾਉਣ ਲਈ ਦੇਵੀ ਸਿੰਗਲਾ, ਮੋਹਨ ਲਾਲ ਗੋਇਲ ਤੇ ਕੈਲਾਸ਼ ਬਾਂਸਲ ਦੀ ਦੇਖ-ਰੇਖ ਹੇਠ ਕਮੇਟੀ ਦਾ ਗਠਨ ਕੀਤਾ ਗਿਆ। ਉਪਰੰਤ ਸਰਬ ਸੰਮਤੀ ਨਾਲ ਅਰੂਪ ਸਿੰਗਲਾ ਨੂੰ ਪ੍ਰਧਾਨ, ਦੇਵੀ ਸਿੰਗਲਾ ਨੂੰ ਚੇਅਰਮੈਨ, ਡਿੰਪੀ ਜਿੰਦਲ ਨੂੰ ਜਨਰਲ ਸਕੱਤਰ, ਸਤਪਾਲ ਸਿੰਗਲਾ ਨੂੰ ਕੈਸ਼ੀਅਰ ਤੇ ਗੋਪਾਲ ਦਾਸ ਗੋਇਲ ਨੂੰ ਵਾਇਸ ਪ੍ਰਧਾਨ ਚੁਣ ਲਿਆ ਗਿਆ। ਇਸ ਮੌਕੇ ਗੋਬਿੰਦਰਪਾਲ ਸ਼ਰਮਾ, ਮੰਗਲ ਸਿੰਘ ਰਾਣਾ, ਮੋਹਨ ਲਾਲ ਗੋਇਲ ਤੇ ਦਲੀਪ ਮਿਸ਼ਰਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਵੇਦ ਪ੍ਰਕਾਸ਼ ਸਿੰਗਲਾ, ਸੁਰਜੀਤ ਕੁਮਾਰ, ਗੁਰਮੀਤ ਸਿੰਘ, ਸੁਮੀਤ ਗੋਇਲ, ਪਵਨ ਕੁਮਾਰ, ਅਨਿਲ ਸਿੰਗਲਾ, ਹਕੀਕਤ ਗੋਇਲ, ਪਵਨ ਬਾਂਸਲ, ਗੋਬਿੰਦਰ ਸਿੰਘ, ਮਾਸਟਰ ਪ੍ਰੇਮ ਚੰਦ, ਮਾਸਟਰ ਗੋਬਿੰਦ ਲਾਲ, ਵਿਨੋਦ ਗੋਇਲ, ਪਵਨ ਜਿੰਦਲ, ਮੈਡਮ ਅਨੂੰ ਸਿੰਗਲਾ ਹਾਜ਼ਰ ਸਨ।

## ਬਾਬਾ ਪ੍ਰੀਤ ਨਾਥ ਦੀ ਬਰਸੀ ਮਨਾਈ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਰੋਪੜ ਰੋਡ 'ਤੇ ਸਥਿਤ ਨਾਥਾਂ ਦੀ ਕੁਟੀਆ ਵਿਖੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਬਾ ਪ੍ਰੀਤ ਨਾਥ ਜੀ ਦੀ 40ਵੀਂ ਬਰਸੀ ਗੱਦੀ ਨਸ਼ੀਨ ਬਾਬਾ ਰਵੀ ਨਾਥ ਦੀ ਅਗਵਾਈ ਵਿੱਚ ਮਨਾਈ ਗਈ। ਸਵੇਰੇ ਸ਼ੁਰੂਆਤ ਮੌਕੇ ਪੰਡਿਤ ਵਿਨੋਦ ਸ਼ਰਮਾ ਨੇ ਪੂਜਾ ਅਰਚਨਾ ਕਰਵਾਈ ਤੇ ਬ੍ਰਾਹਮਣ ਸਭਾ ਦੇ ਪ੍ਰਧਾਨ ਗੋਬਿੰਦ ਕੌਸ਼ਲ ਨੇ ਹਵਨ ਯੱਗ ਕਰਵਾਇਆ। ਇਸ ਤੋਂ ਬਾਅਦ ਗਾਇਕ ਮੀਨੂ ਐਂਡ ਪਾਰਟੀ ਦੇ ਵੀਨਾ ਸੂਦ, ਰਾਜ ਕਿਰਨ, ਵੀਨਾ ਰਾਣੀ, ਪਰਮਿੰਦਰ ਕੌਰ ਤੇ ਜਸਵੰਤ ਕੌਰ ਨੇ ਭਜਨ ਗਾ ਕੇ ਆਈ ਸੰਗਤ ਨੂੰ ਝੂਮਣ ਲਾ ਦਿੱਤਾ। ਬਰਸੀ ਸਮਾਗਮ ਦੌਰਾਨ ਬਾਬਾ ਰਘੂ ਨਾਥ, ਬਾਬਾ ਰਾਧੇ ਨਾਥ, ਸ਼ਿਵ ਨਾਥ ਕੋਠਾਰੀ, ਬਾਬਾ ਸ਼ੇਰ ਨਾਥ ਪਹੇਵਾ, ਮੀਆਂ ਭੂਰੇਸ਼ਾਹ ਖ਼ਲੀਫ਼ਾ ਤੇ ਡਾਇਰੈਕਟਰ ਗੁਰਮੁੱਖ ਦੀਪ ਵਿਸ਼ੇਸ਼ ਤੌਰ 'ਤੇ ਪੁੱਜੇ। ਇਸ ਮੌਕੇ ਸੇਵਾ ਕਰਨ ਵਾਲਿਆਂ ਵਿੱਚ ਜਗਪਾਲ ਸਿੰਘ ਜੱਗਾ, ਰਾਜ ਕੁਮਾਰ ਸੂਈ, ਪ੍ਰੇਮ ਸਿੰਘ, ਵੇਦ ਪ੍ਰਕਾਸ਼ ਭਗਤ, ਪਰਮਿੰਦਰ ਸਿੰਘ ਲਾਡੀ, ਜਗਦੀਪਕ ਵਿੱਕੀ ਸ਼ਰਮਾ, ਪੰਡਤ ਸੁਨੀਲ ਸ਼ਾਸਤਰੀ, ਪੰਡਤ ਰਾਧੇ ਸ਼ਾਮ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਸ਼ਰਧਾਲੂ ਔਰਤਾਂ ਵੀ ਮੌਜੂਦ ਸਨ। ਆਈਆਂ ਸੰਗਤਾਂ ਲਈ ਅਤੁੱਟ ਲੰਗਰ ਵੀ ਵਰਤਾਇਆ ਗਿਆ।

# ਅਰਾਈਆਂਵਾਲਾ ਵੱਲੋਂ ਸਾਥੀਆਂ ਸਮੇਤ ਭਾਈ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਦਾ ਐਲਾਨ



**ਮੱਖੂ (ਰਛਪਾਲ ਸਿੰਘ ਸੰਧੂ)**-ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਕੌਮੀ ਮੀਤ ਪ੍ਰਧਾਨ ਤੇ ਸਾਬਕਾ ਜ਼ਿਲ੍ਹਾ ਜਨਰਲ ਸਕੱਤਰ ਲਖਵਿੰਦਰ ਸਿੰਘ ਅਰਾਈਆਂਵਾਲਾ ਆਪਣੇ ਸਾਥੀ ਜਿਨ੍ਹਾਂ ਵਿੱਚ ਡਾ. ਮਲਕੀਅਤ ਸਿੰਘ ਮਖੂ, ਸੁਖਚੈਨ ਸਿੰਘ ਰਸੂਲਪੁਰ, ਸੇਵਾ ਸਿੰਘ ਸਰਪੰਚ ਬਹਿਕ ਫੱਤੂ, ਸ਼ਹੀਦ ਭਾਈ ਰੇਸ਼ਮ ਸਿੰਘ ਬੱਬਰ ਦੀ ਧਰਮ ਪਤਨੀ ਬੀਬੀ ਕੁਲਬੀਰ ਕੌਰ, ਸ਼ਹੀਦ ਭਾਈ ਦੁਰਗਾ ਸਿੰਘ ਦੀ ਬੇਟੀ ਬੀਬੀ ਸੁਰਜੀਤ ਕੌਰ, ਸੁਖਦੇਵ ਸਿੰਘ ਵਿੱਝੋਕੇ, ਸੁਖਚੈਨ ਸਿੰਘ ਅਰਾਈਆਂਵਾਲਾ ਵੱਲੋਂ ਪਿੰਡ ਜੱਲੂਪੁਰ ਖੇੜਾ ਨੇੜੇ ਖਡੂਰ ਸਾਹਿਬ ਵਿਖੇ ਭਾਈ ਅੰਮ੍ਰਿਤਪਾਲ ਸਿੰਘ ਦੇ ਗ੍ਰਹਿ ਵਿਖੇ ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ ਬੀਬੀ ਬਲਵਿੰਦਰ ਕੌਰ ਨੂੰ ਮਿਲ ਕੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਤਨੋਂ-ਮਨੋਂ ਭਾਈ ਅੰਮ੍ਰਿਤਪਾਲ ਸਿੰਘ ਦੇ ਨਾਲ ਹਾਂ ਤੇ ਲੋਕ ਸਭਾ ਚੋਣਾਂ ਵਿੱਚ ਡਟ ਕੇ ਉਨ੍ਹਾਂ ਦੀ ਹਮਾਇਤ ਕਰਨਗੇ। ਲਖਵਿੰਦਰ ਸਿੰਘ ਅਰਾਈਆਂਵਾਲਾ ਅਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਕਰਨ ਦਾ ਐਲਾਨ ਕਰਨ ਨਾਲ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ ਲੱਗਾ। ਲਖਵਿੰਦਰ ਸਿੰਘ ਅਰਾਈਆਂਵਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਨੂੰ ਲੋਕ ਸਭਾ ਹਲਕਾ ਖਡੂਰ ਸਾਹਿਬ ਦੀ ਸੀਟ ਭਾਈ ਅੰਮ੍ਰਿਤਪਾਲ ਸਿੰਘ ਵਾਸਤੇ ਛੱਡ ਦੇਣੀ ਚਾਹੀਦੀ ਹੈ। ਵਿਧਾਨ ਸਭਾ ਹਲਕਾ ਜ਼ੀਰਾ ਤੋਂ ਅਕਾਲੀ ਦਲ ਦੀ ਲੀਡਰਸ਼ਿਪ ਬਾਰੇ ਲਖਵਿੰਦਰ ਸਿੰਘ ਅਰਾਈਆਂਵਾਲਾ ਨੇ ਕਿਹਾ ਕਿ ਲੀਡਰਸ਼ਿਪ ਦੀਆਂ ਆਪਹੁਦਰੀਆਂ ਕਰਵਾਈਆਂ ਕਰਕੇ ਹਲਕੇ ਵਿੱਚ ਅਕਾਲੀ ਦਲ ਦਾ ਭਾਰੀ ਨੁਕਸਾਨ ਕੀਤਾ ਹੈ ਅਤੇ ਹਲਕੇ ਦੇ ਕਈ ਅਕਾਲੀ ਆਗੂ ਅਕਾਲੀ ਦਲ ਨੂੰ ਅਲਵਿਦਾ ਕਹਿ ਗਏ ਹਨ। ਇਸ ਮੌਕੇ ਮਾਤਾ ਬਲਵਿੰਦਰ ਕੌਰ ਨੇ ਲਖਵਿੰਦਰ ਸਿੰਘ ਅਰਾਈਆਂਵਾਲਾ ਸਮੇਤ ਸਾਰੇ ਸਾਥੀਆਂ ਨੂੰ ਸਰੋਪੇ ਪਾ ਕੇ ਸਨਮਾਨਿਤ ਕੀਤਾ ਗਿਆ। ਲਖਵਿੰਦਰ ਸਿੰਘ ਅਰਾਈਆਂਵਾਲਾ ਨੇ ਕਿਹਾ ਕਿ ਡਾ. ਅੰਗਰੇਜ ਸਿੰਘ ਕਿੱਲੀ ਬੋਦਲਾਂ, ਅਰਵਿੰਦਰ ਸਿੰਘ ਵਿੰਦਾ ਅਰਾਈਆਂਵਾਲਾ, ਜਗਤਾਰ ਸਿੰਘ ਸੱਧਰਵਾਲਾ, ਕੁਲਵਿੰਦਰ ਸਿੰਘ ਮਰੜ ਹਰੀਕੇ, ਦਰਸ਼ਨ ਸਿੰਘ ਵੜ੍ਹਿਆ, ਯੋਧਾ ਸਿੰਘ ਭੁੱਲਰ, ਬੂਟਾ ਸਿੰਘ ਢਿੱਲੋਂ, ਡਾ. ਕੁਲਦੀਪ ਸਿੰਘ ਮਖੂ, ਨਿਸ਼ਾਨ ਸਿੰਘ ਆਦਿ ਨੇ ਵੀ ਮਾਤਾ ਬਲਵਿੰਦਰ ਕੌਰ ਨੂੰ ਲੋਕ ਸਭਾ ਚੋਣਾਂ ਵਿੱਚ ਭਾਈ ਅੰਮ੍ਰਿਤਪਾਲ ਸਿੰਘ ਦੀ ਮਦਦ ਕਰਨ ਦਾ ਵਿਸ਼ਵਾਸ ਦਿਵਾਇਆ।

# ਡੰਮੀ ਦਾਖਲਿਆਂ ਦੇ ਪ੍ਰਚਲਨ ਕਰਕੇ ਮਾਰਿਆ ਜਾ ਰਿਹੈ ਹੋਣਹਾਰ ਵਿਦਿਆਰਥੀਆਂ ਦਾ ਹੱਕ !

**ਮਾਨਸਾ (ਰੀਤਵਾਲ)**

ਪਿਛਲੇ ਦਿਨੀਂ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ 12ਵੀਂ ਜਮਾਤ ਦੇ ਨਤੀਜਿਆਂ ਤੋਂ ਬਾਅਦ ਡੰਮੀ ਦਾਖਲਿਆਂ ਵਾਲੇ ਵਿਦਿਆਰਥੀਆਂ ਦੇ ਨਾਮ ਮੈਰਿਟ ਸੂਚੀ 'ਚ ਆਉਣ ਸਬੰਧੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਈਆਂ ਖਬਰਾਂ ਨੇ ਇਸ ਕਰੋੜਾਂ ਰੁਪਏ ਦੇ ਫਰਜ਼ੀਵਾੜੇ ਨੇ ਲੋਕਾਂ ਦਾ ਧਿਆਨ ਖਿੱਚਿਆ ਹੈ। ਦਸਵੀਂ ਤੋਂ ਬਾਅਦ ਗਿਆਰਵੀਂ ਤੇ ਬਾਰਵੀਂ ਜਮਾਤ ਲਈ ਡੰਮੀ ਦਾਖਲਿਆਂ ਦਾ ਪ੍ਰਚਲਨ ਦਿਨੋਂ ਦਿਨ ਵਧਦਾ ਜਾ ਰਿਹਾ ਹੈ, ਜਿਸ ਨਾਲ ਜਿੱਥੇ ਪ੍ਰਾਈਵੇਟ ਸਕੂਲ ਬਿਨਾਂ ਕਿਸੇ ਹਿੰਗ-ਫਟਕੜੀ ਲੱਗੇ ਤੋਂ ਮਾਲਾਮਾਲ ਹੋ ਰਹੇ ਹਨ, ਉਥੇ ਇਨ੍ਹਾਂ ਡੰਮੀ (ਫਰਜ਼ੀ) ਦਾਖਲਿਆਂ ਵਾਲੇ ਵਿਦਿਆਰਥੀਆਂ ਦੇ ਮੁਕਾਬਲੇ ਆਪਣੇ ਦਮ 'ਤੇ ਕੁਝ ਕਰਕੇ ਵਿਖਾਉਣਾ ਚਾਹੁੰਦੇ ਹੋਣਹਾਰ ਵਿਦਿਆਰਥੀਆਂ ਦਾ ਹੱਕ ਮਾਰਿਆ ਜਾ ਰਿਹਾ ਹੈ। ਇਸ ਸਾਰੇ ਗੋਲਮਾਲ ਦੇ ਜਾਣਕਾਰ ਕੁਝ ਸੁਹਿਰਦ ਵਿਅਕਤੀਆਂ ਨੇ ਦੱਸਿਆ ਕਿ ਕਹਿਣ ਨੂੰ ਤਾਂ ਕਈ ਕਹਿੰਦੇ ਕਹਾਉਂਦੇ ਸਕੂਲ ਨਰਸਰੀ ਜਮਾਤ ਤੋਂ 10ਵੀਂ ਤੱਕ ਦੀਆਂ ਕਲਾਸਾਂ ਦੇ ਵਿਦਿਆਰਥੀਆਂ ਦੀ 80 ਤੋਂ 90 ਫੀਸਦੀ ਕਲਾਸ ਹਾਜ਼ਰੀਆਂ ਜ਼ਰੂਰੀ ਹੋਣ ਜਿਹੀਆਂ ਸ਼ਰਤਾਂ ਦਾ ਦਮ ਭਰਦੇ ਨਹੀਂ ਥਕਦੇ, ਜਦਕਿ ਗਿਆਰਵੀਂ ਕਲਾਸ 'ਚ ਡੰਮੀ ਦਾਖਲਿਆਂ ਸਮੇਂ ਅਜਿਹੇ ਸਕੂਲ ਸਾਰੇ ਦੇ ਸਾਰੇ ਨਿਯਮ ਛਿੱਕੇ 'ਤੇ ਟੰਗ ਦਿੰਦੇ ਹਨ। ਜੇਕਰ ਡੰਮੀ ਦਾਖਲਿਆਂ ਦੀ ਅਸਲੀਅਤ ਦੇਖੀ ਜਾਵੇ ਤਾਂ ਇਸ ਲਈ ਸਬੰਧਤ ਵਿਦਿਆਰਥੀ ਦਾਖਲਾ ਲੈਣ ਤੋਂ ਬਾਅਦ ਇੱਕ ਦਿਨ ਲਈ ਵੀ ਸਕੂਲ ਨਹੀਂ ਵੜਦੇ, ਬਸ ਪੈਸੇ ਦੀ ਖੇਡ ਉਨ੍ਹਾਂ ਨੂੰ ਸਾਰਾ ਸਾਲ ਉਸ ਸਕੂਲ ਦੇ ਵਿਦਿਆਰਥੀ ਬਣਾ ਕੇ ਰੱਖਦੀ ਹੈ ਅਤੇ ਉਹ ਆਪਣੀ ਪੜ੍ਹਾਈ ਚੰਡੀਗੜ੍ਹ, ਪਟਿਆਲਾ ਜਾਂ ਬਾਹਰਲੇ ਰਾਜਾਂ ਦੇ ਮਹਾਂਨਗਰਾਂ ਦੇ ਵੱਡੇ, ਮਹਿੰਗੇ ਤੇ ਨਾਮੀ ਕੋਚਿੰਗ ਸੈਂਟਰਾਂ ਰਾਹੀਂ ਕਰਦੇ ਹਨ, ਜਿਸ ਕਰਕੇ ਉਨ੍ਹਾਂ ਵਿਦਿਆਰਥੀਆਂ ਦਾ ਨਤੀਜਾ ਵਧੀਆ ਜਾਂ ਉਨ੍ਹਾਂ ਦਾ ਮੈਰਿਟ 'ਚ ਆਉਣਾ ਸੁਭਾਵਿਕ ਹੀ ਹੈ ਅਤੇ ਡੰਮੀ ਦਾਖਲਿਆਂ ਵਾਲੇ ਸਕੂਲ ਉਨ੍ਹਾਂ ਬਾਹਰੀ ਨਤੀਜਿਆਂ ਨੂੰ ਆਪਣੇ ਦੱਸਦੇ ਹਨ। ਇਸ ਦੇ ਉਲਟ ਸਾਰਾ ਸਾਲ ਸਕੂਲ 'ਚ ਰਹਿ ਕੇ ਮਿਹਨਤ ਕਰਕੇ ਵਧੀਆ ਅੰਕ ਲੈਣ ਵਾਲੇ ਮੱਧ ਵਰਗੀ ਤੇ ਸਧਾਰਨ ਪਰਵਾਰਾਂ ਦੇ ਹੁਸ਼ਿਆਰ ਵਿਦਿਆਰਥੀ ਉਨ੍ਹਾਂ ਅਖੌਤੀ ਵਿਦਿਆਰਥੀਆਂ ਤੋਂ ਪਿੱਛੇ ਰਹਿ ਜਾਂਦੇ ਹਨ। ਮੁਕਦੀ ਗੱਲ, ਅਜਿਹੇ ਫਰਜ਼ੀ ਦਾਖਲਿਆਂ ਵਾਲੇ ਸਕੂਲ ਆਪਣੇ ਡੰਮੀ ਵਿਦਿਆਰਥੀਆਂ ਨੂੰ ਸਕੂਲ ਦੇ ਮੈਰਿਟ ਬੋਰਡਾਂ ਤੇ ਅਖਬਾਰਾਂ ਦਾ ਸ਼ਿੰਗਾਰ ਬਣਾਉਂਦੇ ਹਨ ਤੇ ਆਪਣੇ ਦਮ 'ਤੇ ਅੱਗੇ ਆਉਣ ਵਾਲੇ ਅਸਲੀ ਹੀਰੋ ਪਿੱਛੇ ਰਹਿ ਜਾਂਦੇ ਹਨ। ਸਰਕਾਰ ਤੇ ਵਿੱਦਿਅਕ ਭਲਾਈ ਦੇ ਨਾਮ 'ਤੇ ਬਣੀਆਂ ਅਨੇਕਾਂ ਭਲਾਈ ਸੰਸਥਾਵਾਂ ਤੇ ਵਿੱਦਿਅਕ ਟਰੱਸਟ ਵੀ ਅਜਿਹੇ ਫਰਜ਼ੀਵਾੜੇ ਨੂੰ ਰੋਕਣ ਲਈ ਅੱਗੇ ਤੱਕ ਨਹੀਂ ਆ ਰਹੇ। ਲੋਕਾਂ ਦੀ ਮੰਗ ਹੈ ਕਿ ਹਰ ਸ਼ਹਿਰ 'ਚ ਕਰੋੜਾਂ ਰੁਪਏ ਦੇ ਇਸ ਸਕੈਂਡਲ ਨੂੰ ਬੇ-ਨਕਾਬ ਕਰਨ ਲਈ ਸਰਕਾਰ ਨੂੰ ਕੋਈ ਕਦਮ ਉਠਾਉਂਦਿਆਂ ਅਸਲੀ ਯੋਗ ਵਿਦਿਆਰਥੀਆਂ ਦਾ ਹੱਕ ਮਾਰ ਰਹੇ ਇਸ ਵਰਤਾਰੇ ਦੀ ਜਾਂਚ ਕਰਵਾਈ ਜਾਣੀ ਚਾਹੀਦੀ ਹੈ।

**■ ਕਰੋੜਾਂ ਰੁਪਏ ਦੇ ਫਰਜ਼ੀਵਾੜੇ ਲਈ ਸਰਕਾਰ ਤੇ ਵਿੱਦਿਅਕ ਭਲਾਈ ਸੰਸਥਾਵਾਂ ਚੁੱਪ ਕਿਉਂ?**

## ਚੋਣਾਂ ਸੰਬੰਧੀ ਸ਼ਿਕਾਇਤਾਂ ਦਾ ਕੀਤਾ ਜਾ ਰਿਹੈ ਤੁਰੰਤ ਨਿਪਟਾਰਾ : ਡਾ. ਸੇਨੂ ਦੁੱਗਲ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ ਚੋਣ ਜ਼ਾਬਤਾ ਲੱਗਣ ਉਪਰੰਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚੋਣ ਕਮਿਸ਼ਨ ਦੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾ ਰਹੀ ਹੈ। ਜ਼ਿਲ੍ਹੇ ਵਿੱਚ ਚੋਣਾਂ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਉੱਪਰ ਨਜ਼ਰ ਰੱਖਣ ਲਈ ਢੁੱਕਵੇਂ ਸੈੱਲ ਬਣਾਏ ਜਾ ਚੁੱਕੇ ਹਨ, ਜਿਹੜੇ ਕਿ ਨਿਰੰਤਰ ਯਤਨਸ਼ੀਲ ਰਹਿ ਰਹੇ ਹਨ। ਚੋਣਾਂ ਨਾਲ ਸਬੰਧਤ ਵੱਖ ਵੱਖ ਮਾਧਿਅਮਾਂ ਜਿਵੇਂ ਕਿ ਕੰਪਲੇਂਟ ਸੈੱਲ ਤੋਂ, ਸੀ ਵਿਜ਼ਲ ਤੇ ਐੱਨ ਜੀ ਆਰ ਐੱਸ ਪੋਰਟਲ ਰਾਹੀਂ ਪ੍ਰਾਪਤ ਹੋਈਆਂ ਸ਼ਿਕਾਇਤਾਂ ਦਾ ਤੁਰੰਤ ਨਿਪਟਾਰਾ ਯਕੀਨੀ ਬਣਾਇਆ ਜਾ ਰਿਹਾ ਹੈ। ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਜਾਂ ਆਦਰਸ਼ ਚੋਣ ਜ਼ਾਬਤੇ ਦੀ ਉਲੰਘਣਾ ਬਰਦਾਸ਼ਤ ਨਹੀਂ ਕੀਤੀ ਜਾ ਰਹੀ। ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਫਾਜ਼ਿਲਕਾ ਡਾ. ਸੇਨੂ ਦੁੱਗਲ ਨੇ ਦੱਸਿਆ ਕਿ ਚੋਣਾਂ ਨਾਲ ਸਬੰਧਤ ਹੁਣ ਤੱਕ ਐਨਜੀਆਰਐੱਸ ਪੋਰਟਲ 'ਤੇ 34, ਸੀਵਿਜ਼ਲ ਪੋਰਟਲ 'ਤੇ 55 ਤੇ ਕੰਪਲੇਂਟ ਸੈੱਲ ਤੇ ਸੀਈਓ ਪੰਜਾਬ ਦੀਆਂ 34 ਅਤੇ 18 ਲੋਕਲ ਸ਼ਿਕਾਇਤਾਂ ਜੋ ਕਿ ਕੁੱਲ 141 ਬਣਦੀਆਂ ਹਨ, ਜਿਨ੍ਹਾਂ ਦਾ ਨਿਪਟਾਰਾ ਹੋ ਚੁੱਕਾ ਹੈ। ਇਸ ਤੋਂ ਇਲਾਵਾ ਵੋਟਰ ਹੈਲਪਲਾਈਨ ਟੋਲ ਫਰੀ ਨੰਬਰ 1950 'ਤੇ ਜ਼ਿਲ੍ਹੇ ਦੇ ਲਗਭਗ 340 ਲੋਕਾਂ ਨੂੰ ਵੋਟਾਂ ਨਾਲ ਸਬੰਧਤ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਚੋਣਾਂ ਨੂੰ ਸਫ਼ਲਤਾ ਪੂਰਵਕ ਤਰੀਕੇ ਨਾਲ ਨੇਪਰੇ ਚੜ੍ਹਾਉਣ ਲਈ ਜ਼ਿਲ੍ਹੇ ਵਿੱਚ ਵੱਖ-ਵੱਖ ਤਰ੍ਹਾਂ ਦੀਆਂ ਟੀਮਾਂ ਦਾ ਗਠਨ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਲੋਕ ਸਭਾ ਚੋਣਾਂ 2024 ਸਬੰਧੀ ਜ਼ਿਲ੍ਹੇ ਨਾਲ ਸਬੰਧਤ ਕੋਈ ਵੀ ਜ਼ਿਲ੍ਹਾ ਵਾਸੀ ਆਪਣੀ ਸ਼ਿਕਾਇਤ ਸੀ-ਵਿਜੀਲ ਐਪਲੀਕੇਸ਼ਨ ਨੂੰ ਗੂਗਲ ਪਲੇਅ ਸਟੋਰ ਤੋਂ ਡਾਊਨਲੋਡ ਕਰਕੇ ਕਿਸੇ ਵੀ ਤਰ੍ਹਾਂ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ ਸ਼ਿਕਾਇਤ ਦਰਜ ਕਰਵਾ ਸਕਦਾ ਹੈ ਅਤੇ ਇਸ ਸ਼ਿਕਾਇਤ ਉੱਪਰ ਜਲਦ ਤੋਂ ਜਲਦ ਕਾਰਵਾਈ ਕੀਤੀ ਜਾਂਦੀ ਹੈ।

7-MAY-PAGE-11-2024.qxd 5/6/2024 10:59 PM Page 1



# ਅੱਜ ਤੋਂ ਲੋਕ ਸਭਾ ਚੋਣਾਂ ਲਈ ਕਾਗਜ਼ ਭਰ ਸਕਣਗੇ ਉਮੀਦਵਾਰ: ਜ਼ਿਲ੍ਹਾ ਚੋਣ ਅਧਿਕਾਰੀ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਅੰਮ੍ਰਿਤਸਰ ਲੋਕ ਸਭਾ ਹਲਕੇ ਦੀਆਂ ਚੋਣਾਂ ਲੜਨ ਲਈ ਕੱਲ ਭਾਵ 7 ਮਈ ਤੋਂ ਲੈ ਕੇ 14 ਮਈ ਤੱਕ ਉਮੀਦਵਾਰ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕਰਵਾ ਸਕਣਗੇ।ਇਹ ਨਾਮਜ਼ਦਗੀ ਡਿਪਟੀ ਕਮਿਸ਼ਨਰ ਦਫਤਰ ਦੇ ਕਮਰਾ ਨੰਬਰ 103 ਵਿਚ ਸਵੇਰੇ 11ਤੋਂ ਸ਼ਾਮ 3 ਵਜੇ ਤੱਕ ਜਮ੍ਹਾ ਕਰਵਾਏ ਜਾ ਸਕਣਗੇ।ਉਕਤ ਜਾਣਕਾਰੀ ਦਿੰਦੇ ਜ਼ਿਲ੍ਹਾ ਚੋਣ ਅਧਿਕਾਰੀ ਕਮ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਦੱਸਿਆ ਕਿ ਇਸ ਬਾਬਤ ਸਾਰੀਆਂ ਪਾਰਟੀਆਂ ਦੇ ਪ੍ਰਤੀਨਿਧੀਆਂ ਨੂੰ ਜਾਣੂੰ ਕਰਵਾ ਦਿੱਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਕੋਈ ਵੀ ਉਮੀਦਵਾਰ ਕਾਗਜ਼ ਦਾਖਲ ਕਰਵਾਉਣ ਮੌਕੇ ਆਪਣੇ ਸਮੇਤ 5 ਵਿਅਕਤੀ ਤੋਂ ਵੱਧ ਕਿਸੇ ਨੂੰ ਨਾਲ ਲੈ ਕੇ ਜ਼ਿਲ੍ਹਾ ਚੋਣ ਅਧਿਕਾਰੀ ਦੇ ਦਫਤਰ ਦੇ 100 ਮੀਟਰ ਘੇਰੇ ਦੇ ਅੰਦਰ ਨਹੀਂ ਆ ਸਕਦੇ।ਉਨ੍ਹਾਂ ਸਾਰੀ ਪ੍ਰਤੀਨਿਧੀਆਂ ਨੂੰ ਹੋਰ ਜ਼ਰੂਰੀ ਜਾਣਕਾਰ ਦਿੰਦੇ ਦੱਸਿਆ ਕਿ ਇਸ ਵਾਰ ਅੰਮ੍ਰਿਤਸਰ ਵਿਚ 19.91 ਲੱਖ ਵੋਟਰ ਆਪਣੇ ਵੋਟ ਹੱਕ ਦੀ ਵਰਤੋਂ ਕਰਨਗੇ, ਜਿਨ੍ਹਾਂ ਵਿਚ 1045018 ਮਰਦ ਅਤੇ 946434 ਔਰਤਾਂ, 74 ਟਰਾਂਸਜੈਂਡਰ ਵੋਟਰ ਸ਼ਾਮਿਲ ਹਨ।ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦੇ ਦੱਸਿਆ ਕਿ 15 ਮਈ ਨੂੰ ਕਾਗਜ਼ਾਂ ਦੀ ਪੜਤਾਲ ਹੋਵੇਗੀ ਅਤੇ 17 ਤੱਕ ਕਾਗਜ਼ ਵਾਪਸ ਲਏ ਜਾ ਸਕਣਗੇ। ਵੋਟਾਂ 1 ਜੂਨ ਨੂੰ ਪੈਣਗੀਆਂ ਤੇ ਗਿਣਤੀ 4 ਜੂਨ ਨੂੰ ਹੋਵੇਗੀ।ਇਸ ਮੌਕੇ ਉਨਾਂ ਦੱਸਿਆ ਕਿ ਉਮੀਦਵਾਰ 95 ਲੱਖ ਰੁਪਏ ਤੱਕ ਖਰਚਾ ਕਰ ਸਕਣਗੇ ਅਤੇ ਨਾਮਜ਼ਦਗੀ ਫੀਸ ਜਨਰਲ ਲਈ 25 ਹਜ਼ਾਰ ਤੇ ਰਿਜ਼ਰਵ ਲਈ 12.5 ਹਜ਼ਾਰ ਰੁਪਏ




ਹੋਵੇਗੀ।ਉਨ੍ਹਾਂ ਕਿਹਾ ਕਿ 85 ਤੋਂ ਵੱਧ ਉਮਰ ਅਤੇ ਦਿਵਿਆਂਗ ਵੀ ਘਰ ਬੈਠੇ ਆਪਣੀ ਵੋਟ ਦੀ ਵਰਤੋਂ ਕਰ ਸਕਣਗੇ, ਜਿਨ੍ਹਾਂ ਦੀ ਗਿਣਤੀ ਕ੍ਰਮਵਾਰ 18321 ਅਤੇ 17098 ਹੈ।ਉਨ੍ਹਾਂ ਦੱਸਿਆ ਕਿ ਇਸ ਵਾਰ 50221 ਵੋਟਰ ਪਹਿਲੀ ਵਾਰ ਆਪਣੇ ਵੋਟ ਹੱਕ ਦੀ ਵਰਤੋਂ ਕਰਨਗੇ।

ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿਚ 1122 ਥਾਵਾਂ ਉਤੇ 2134 ਬੂਥ ਬਣਾਏ ਗਏ ਹਨ। ਉਨਾਂ ਦੱਸਿਆ ਕਿ ਹਰੇਕ ਹਲਕੇ ਵਿਚ 10-10 ਮਾਡਰਨ ਬੂਥ ਵੀ ਬਣਾਏ ਜਾਣਗੇ ਅਤੇ ਹਰੇਕ ਬੂਥ ਉਤੇ ਲੋੜੀਂਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਵੋਟਾਂ ਲਈ ਸਾਡੇ ਕੋਲ ਸਟਾਫ ਦੀ ਕੋਈ ਘਾਟ ਨਹੀਂ ਹੈ ਅਤੇ ਅਸੀਂ ਲੋੜ ਅਨੁਸਾਰ ਟੀਮਾਂ ਦੀ ਤਾਇਨਾਤੀ ਕਰ ਰਹੇ ਹਾਂ।

# ਕਾਰ ਦੀ ਟੱਕਰ ਵੱਜਣ ਨਾਲ 76 ਸਾਲਾ ਬਜ਼ੁਰਗ ਦੀ ਮੌਤ, ਇਕ ਜ਼ਖ਼ਮੀ

**ਗੁਰਦਾਸਪੁਰ (ਜਨਕ ਮਹਾਜਨ)**-ਤੇਜ਼ ਰਫ਼ਤਾਰ ਕਾਰ ਦੀ ਟੱਕਰ ਵੱਜਣ ਨਾਲ ਸਕੂਟਰੀ ਸਵਾਰ 76 ਸਾਲਾ ਬਜ਼ੁਰਗ ਦੀ ਮੌਤ ਅਤੇ ਇਕ ਦੇ ਗੰਭੀਰ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਅਵਤਾਰ ਸਿੰਘ ਪੁੱਤਰ ਮਲਕੀਤ ਸਿੰਘ ਵਾਸੀ ਚੱਕ ਯਕੂਬ ਨੇ ਦੱਸਿਆ ਕਿ ਮੇਰੇ ਪਿਤਾ ਮਲਕੀਤ ਸਿੰਘ ਅਤੇ ਚਾਚਾ ਖਜਾਨ ਸਿੰਘ ਸਕੂਟਰੀ ਐਕਟਿਵਾ ਨੰਬਰੀ ਪੀਬੀ.-06-ਬੀ.ਡੀ.-7797 'ਤੇ ਸਵਾਰ ਹੋ ਕੇ ਨਿੱਜੀ ਕੰਮ ਕਰਕੇ ਆਪਣੇ ਪਿੰਡ ਨੂੰ ਜਾ ਰਹੇ ਸੀ। ਜਦ ਉਹ ਪਿੰਡ ਨੈਨੇਕੋਟ ਮੋੜ ਤੋਂ ਮੁੜਨ ਲੱਗੇ ਤਾਂ ਸਠਿਆਲੀ ਵਾਲੀ ਸਾਈਡ ਤੋਂ ਇੱਕ ਕਾਰ ਸਵਿਫਟ ਡਿਜ਼ਾਇਰ ਨੰਬਰੀ ਪੀਬੀ-10-ਏ.ਐੱਚ. 0084 ਆਈ ਜਿਸ ਨੂੰ ਹਰਪ੍ਰੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਪਿੰਡ ਭੱਟੀ ਵਾਲ ਚਲਾ ਰਿਹਾ ਸੀ, ਨੇ ਆਪਣੀ ਕਾਰ ਤੇਜ਼ ਰਫਤਾਰ ਨਾਲ ਬਿਨਾਂ ਹਾਰਨ ਦਿੱਤੇ ਮੇਰੇ ਪਿਤਾ ਦੀ ਸਕੂਟਰੀ ਵਿੱਚ ਮਾਰ ਦਿੱਤੀ ਜਿਸ ਨਾਲ ਉਹ ਸੜਕ 'ਤੇ ਡਿੱਗ ਗਏ। ਗੰਭੀਰ ਸੱਟਾਂ ਲੱਗਣ ਕਰਕੇ ਮੇਰੇ ਪਿਤਾ ਦੀ ਮੌਤ ਹੋ ਗਈ ਹੈ ਅਤੇ ਚਾਚਾ ਖਜਾਨ ਸਿੰਘ ਅਬਰੋਲ ਹਸਤਪਾਲ ਗੁਰਦਾਸਪੁਰ ਵਿਖੇ ਜ਼ੇਰੇ ਇਲਾਜ ਹੈ। ਪੁਲਸ ਨੇ ਉਕਤ ਦੋਸ਼ੀ ਖ਼ਿਲਾਫ਼ ਜ਼ੇਰੇ ਧਾਰਾ 304 ਏ, 279, 337, 338 ਅਤੇ 427 ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# 9 ਨੂੰ ਭੱਠਿਆਂ 'ਤੇ ਅਣਮਿੱਥੇ ਸਮੇਂ ਦੀ ਹੜਤਾਲ ਦਾ ਐਲਾਨ

**ਪਠਾਨਕੋਟ (ਦਵਿੰਦਰ ਸਿੰਘ)**-ਲਾਲ ਝੰਡਾ ਪੰਜਾਬ ਲੇਬਰ ਯੂਨੀਅਨ ਸਬੰਧਤ ਸੀਟੀਯੂ ਪੰਜਾਬ ਜ਼ਿਲ੍ਹਾ ਪਠਾਨਕੋਟ ਵਲੋਂ ਭੱਠਾ ਮਜ਼ਦੂਰਾਂ ਦੀਆਂ ਮੰਗਾਂ ਜਿਵੇਂ ਵਧ ਰਹੀ ਮਹਿੰਗਾਈ ਅਨੁਸਾਰ ਮਜ਼ਦੂਰੀ ਵਿੱਚ ਵਾਧਾ, ਮਿੱਟੀ ਪੁਟਾਈ ਤੇ ਬਿਜਲੀ ਬਿੱਲ ਵਸੂਲਣੇ ਬੰਦ ਕੀਤੇ ਜਾਣ, ਲੇਬਰ ਦਾ ਇੰਤਜ਼ਾਮ ਕਰਨ ਵਾਲੇ ਜਮਾਂਦਾਰਾਂ ਨੂੰ ਸਰਕਾਰ ਵਲੋਂ ਜਾਰੀ ਮਿਨੀਮਮ ਵੇਜ਼ ਅਨੁਸਾਰ ਪੂਰੀ ਜਮਾਂਦਾਰੀ ਕਮਿਸ਼ਨ, ਬਿਜਲੀ ਪਾਣੀ ਅਤੇ ਸ਼ੌਚਾਲਯ ਸਮੇਤ ਰਿਹਾਇਸ਼ ਦਾ ਪੱਕਾ ਪ੍ਰਬੰਧ ਕੀਤਾ ਜਾਵੇ, ਹਾਈ ਡਰਾਫਟ ਭੱਠਿਆਂ ਉਪਰ ਕੰਮ ਕਰਦੇ ਸਾਰੀਆਂ ਪੱਕੀਆਂ ਇੱਟਾਂ ਦੀ ਨਿਕਾਸੀ, ਭਰਾਈ ਅਤੇ ਕੇਰੀ ਮਿੱਟੀ ਦਾ ਕੰਮ ਕਰਦੇ ਮਜ਼ਦੂਰਾਂ ਨੂੰ 35% ਵਾਧਾ ਦਿੱਤਾ ਜਾਵੇ ਅਤੇ ਹੋਰ ਮੰਗਾਂ ਨੂੰ ਲੈ ਕੇ ਦੋ ਅਪ੍ਰੈਲ ਨੂੰ ਭੱਠਾ ਮਾਲਕ ਐਸੋਸੀਏਸ਼ਨ ਜ਼ਿਲ੍ਹਾ ਪਠਾਨਕੋਟ ਅਤੇ ਉਸ ਤੋਂ ਬਾਅਦ ਅਸਿਸਟੈਂਟ ਲੇਬਰ ਕਮਿਸ਼ਨਰ ਜ਼ਿਲ੍ਹਾ ਪਠਾਨਕੋਟ ਨੂੰ ਮੰਗ ਪੱਤਰ ਦਿੱਤਾ ਗਿਆ ਸੀ।ਮੰਗ ਪੱਤਰ ਦੇ ਨਿਪਟਾਰੇ ਲਈ ਅਸਿਸਟੈਂਟ ਲੇਬਰ ਕਮਿਸ਼ਨਰ ਵੱਲੋਂ 18 ਅਪ੍ਰੈਲ, 25 ਅਪ੍ਰੈਲ ਅਤੇ 02 ਮਈ ਸਮਝੌਤੇ ਵਾਸਤੇ ਸਮਾਂ ਦੇ ਕੇ ਆਪਣੇ ਦਫਤਰ ਦੋਵਾਂ ਧਿਰਾਂ ਨੂੰ ਬੁਲਾਇਆ ਗਿਆ ਸੀ ਪਰ ਭੱਠਾ ਮਾਲਕਾਂ ਵਲੋਂ ਤਿੰਨ ਚਾਰ ਮਾਲਕ ਹਾਜ਼ਰ ਹੋਏ, ਬਹੁਤੇ ਭੱਠਾ ਮਾਲਕਾਂ ਮੀਟਿੰਗ ਵਿੱਚ ਆਉਣਾ ਮੁਨਾਸਿਬ ਨਹੀਂ ਸਮਝਿਆ। ਦੋ ਮਈ ਦੀ ਮੀਟਿੰਗ ਵਿੱਚ ਲੇਬਰ ਵਿਭਾਗ ਦੇ ਦਫਤਰ ਕੋਈ ਵੀ ਭੱਠਾ ਮਾਲਕ ਹਾਜ਼ਰ ਨਹੀਂ ਹੋਇਆ।ਸੀ ਟੀ ਯੂ ਪੰਜਾਬ ਦੇ ਵਿੱਤ ਸਕੱਤਰ ਅਤੇ ਲਾਲ ਝੰਡਾ ਪੰਜਾਬ ਲੇਬਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਸ਼ਿਵ ਕੁਮਾਰ ਨੇ ਲਿਖਤੀ ਪ੍ਰੈੱਸ ਬਿਆਨ ਵਿਚ ਦੱਸਿਆ ਕਿ ਅਸਿਸਟੈਂਟ ਲੇਬਰ ਕਮਿਸ਼ਨਰ ਵਲੋਂ ਦੁਬਾਰਾ ਗੱਲਬਾਤ ਲਈ 9 ਮਈ ਦਾ ਸਮਾਂ ਦਿੱਤਾ ਗਿਆ ਹੈ।ਜੇਕਰ 9 ਮਈ ਨੂੰ ਸਮਝੌਤਾ ਸਿਰੇ ਨਹੀਂ ਚੜ੍ਹਿਆ ਤਾਂ ਸੰਘਰਸ਼ ਨੂੰ ਤਿੱਖਾ ਕਰਦਿਆਂ ਅਣਮਿੱਥੇ ਸਮੇਂ ਲਈ ਭੱਠਿਆਂ ਉਪਰ ਹੜਤਾਲ ਕਰਕੇ ਜ਼ਿਲ੍ਹਾ ਹੈਡਕੁਆਟਰ ਪਠਾਨਕੋਟ ਵਿਖੇ ਧਰਨਾ ਦਿੱਤਾ ਜਾਵੇਗਾ।ਇਸ ਮੌਕੇ ਲਾਲ ਝੰਡਾ ਪੰਜਾਬ ਲੇਬਰ ਯੂਨੀਅਨ ਜ਼ਿਲ੍ਹਾ ਪ੍ਰਧਾਨ ਕਾਮਰੇਡ ਜਸਵੰਤ ਸਿੰਘ, ਮੀਤ ਪ੍ਰਧਾਨ ਦਰਸ਼ਨ ਸਿੰਘ ਅਤੇ ਜਾਇੰਟ ਸਕੱਤਰ ਮਨਹਰਨ ਹਾਜ਼ਰ ਸੀ।



# ਸ਼ੈਰੀ ਕਲਸੀ ਵੱਡੀ ਲੀਡ ਨਾਲ ਜਿੱਤ ਹਾਸਲ ਕਰਨਗੇ: ਹੈਪੀ ਮਸੀਹ

**ਨੌਸਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)**-ਲੋਕ ਸਭਾ ਚੋਣਾਂ ਵਿੱਚ ਹਲਕਾ ਗੁਰਦਾਸਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਡੀ ਲੀਡ ਨਾਲ ਜਿੱਤ ਹਾਸਲ ਕਰਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜ਼ਿਲ੍ਹਾ ਗੁਰਦਾਸਪੁਰ ਤੋ ਸੀਨੀਅਰ ਆਪ ਆਗੂ ਹੈਪੀ ਮਸੀਹ ਮੋਮਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਹੈਪੀ ਮਸੀਹ ਨੇ ਕਿਹਾ ਕਿ ਕਲਸੀ ਅੱਜ ਦੀ ਨੌਜਵਾਨ ਪੀੜ੍ਹੀ ਨੂੰ ਇੱਕ ਵੱਖਰੀ ਦਿਸ਼ਾ ਦਿਖਾਉਣ ਵਾਲੇ ਬੜੇ ਹੀ ਮਿਲਾਪੜੇ ਸੁਭਾਅ ਦੇ ਇਨਸਾਨ ਹਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਕਾਬਲੀਅਤ, ਮਿਹਨਤ ਇਮਾਨਦਾਰੀ ਅਤੇ ਸਾਫ-ਸੁਥਰੀ ਛਵੀ ਨੂੰ ਦੇਖਦੇ ਹੋਏ ਪਾਰਟੀ ਨੇ ਉਨ੍ਹਾਂ ਨੂੰ ਟਿਕਟ ਦੇ ਕੇ ਨਿਵਾਜਿਆ ਹੈ। ਉਨ੍ਹਾਂ ਦੱਸਿਆ ਕਿ ਸ਼ੈਰੀ ਕਲਸੀ ਵੱਲੋਂ ਦੋ ਸਾਲਾਂ ਵਿਚ ਹੀ ਬਟਾਲੇ ਦੀ ਨੁਹਾਰ ਨੂੰ ਬਦਲਣ ਲਈ ਕੀਤੇ ਜਾ ਰਹੇ ਵਿਕਾਸ ਦੇ ਕੰਮ ਲਗਾਤਾਰ ਜਾਰੀ ਹਨ ਅਤੇ ਲੋਕਾਂ ਦੇ ਸੁੱਖ-ਦੁੱਖ ਵਿਚ ਹਮੇਸ਼ਾ ਹਾਜ਼ਰ ਰਹਿੰਦੇ ਹਨ। ਸ਼ੈਰੀ ਕਲਸੀ ਦੀ ਜਿੱਤ ਨੂੰ ਇਤਿਹਾਸਕ ਬਣਾਉਣ ਲਈ ਗੁਰਦਾਸਪੁਰ ਹਲਕੇ ਦੇ ਆਗੂਆਂ ਵੱਲੋਂ ਕਮਰਕੱਸ ਕੇ ਦਿਨ-ਰਾਤ ਮਿਹਨਤ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕ ਸ਼ੈਰੀ ਕਲਸੀ ਨੂੰ ਵੱਡੀ ਲੀਡ ਨਾਲ ਜਿਤਾ ਕੇ ਲੋਕ ਸਭਾ ਵਿੱਚ ਭੇਜਣਗੇ।

# ਸੜਕ ਕੰਢੇ ਲੱਗੇ ਬਿਜਲੀ ਦੇ ਪੋਲ ਦੇ ਰਹੇ ਨੇ ਹਾਦਸਿਆਂ ਨੂੰ ਸੱਦਾ, ਮਹਿਕਮਾ ਸੁੱਤਾ ਕੁੰਭਕਰਨੀ ਨੀਂਦ



**ਗੁਰਦਾਸਪੁਰ, (ਜਨਕ ਮਹਾਜਨ)**-ਜਹਾਜ਼ ਚੌਂਕ ਗੁਰਦਾਸਪੁਰ ਤੋਂ ਪੰਚਾਇਤ ਭਵਨ ਨੂੰ ਜਾਂਦੀ ਸੜਕ ਵਿਚਕਾਰ ਬਿਜਲੀ ਦੇ ਸੀਮੈਂਟ ਵਾਲੇ ਪੋਲ ਲੱਗੇ ਹੋਣ ਕਾਰਨ ਇਕ ਤਾਂ ਸੜਕ ਦੀ ਚੌੜਾਈ ਘੱਟ ਗਈ ਹੈ, ਦੂਜੇ ਹਰ ਵੇਲੇ ਕੋਈ ਹਾਦਸਾ ਹੋਣ ਦਾ ਡਰ ਬਣਿਆ ਰਹਿੰਦਾ ਹੈ। ਇਹ ਸਭ ਕੁਝ ਲੋਕ ਨਿਰਮਾਣ ਵਿਭਾਗ ਤੇ ਬਿਜਲੀ ਵਿਭਾਗ ਦੀ ਅਣਗਹਿਲੀ ਕਾਰਨ ਹੋ ਰਿਹਾ ਹੈ। ਇਸ ਸਬੰਧੀ ਕੁਝ ਇਲਾਕਾ ਵਾਸੀਆਂ ਨੇ ਦੱਸਿਆ ਕਿ ਇਹ ਬਿਜਲੀ ਦੇ ਸੀਮੈਂਟ ਨਾਲ ਬਣੇ ਪੋਲ ਪਿਛਲੇ ਲਬੇਂ ਸਮੇਂ ਤੋਂ ਲੋਕਾਂ ਲਈ ਹਾਦਸਿਆਂ ਪ੍ਰਤੀ ਖਤਰਾ ਬਣੇ ਹੋਏ ਹਨ, ਕਈ ਵਾਰ ਤਾਂ ਰਾਤ ਵੇਲੇ ਸਾਹਮਣੇ ਤੋਂ ਰੌਸ਼ਨੀ ਪੈਣ ਕਾਰਨ ਪੋਲ ਨਜ਼ਰ ਨਾ ਆਉਣ ਕਾਰਨ ਹਾਦਸੇ ਵਾਪਰ ਜਾਂਦੇ ਹਨ ਅਤੇ ਵਾਹਨ ਚਾਲਕ ਸੱਟਾਂ ਲਗਵਾ ਬੈਠਦੇ ਹਨ। ਇਸ ਸੜਕ ਵਿਚਕਾਰ ਡਿਵਾਈਡਰ ਲਗਣ ਕਾਰਨ ਸੜਕ ਦੀ ਚੌੜਾਈ ਘੱਟ ਹੋਣ ਤੋਂ ਇਲਾਵਾ 4-5 ਫੁੱਟ ਜਗ੍ਹਾ ਇਨ੍ਹਾਂ ਬਿਜਲੀ ਦੇ ਪੋਲਾਂ ਨੇ ਘੇਰੀ ਹੋਈ ਹੈ ਜਿਸ ਨੂੰ ਸੰਬੰਧਿਤ ਵਿਭਾਗ ਵਲੋਂ ਹਟਾ ਕੇ ਸੜਕ ਕੰਢੇ ਲਗਾ ਦੇਣਾ ਚਾਹੀਦਾ ਹੈ ਜਿਸ ਨਾਲ ਸੜਕ ਦੀ ਚੌੜਾਈ ਵਧ ਜਾਵੇਗੀ ਅਤੇ ਹਾਦਸੇ ਹੋਣ ਦਾ ਖ਼ਤਰਾ ਵੀ ਘੱਟ ਜਾਵੇਗਾ। ਲੋਕਾਂ ਦੀ ਲੋਕ ਨਿਰਮਾਣ ਵਿਭਾਗ ਤੇ ਬਿਜਲੀ ਵਿਭਾਗ ਪਾਸੋਂ ਮੰਗ ਕੀਤੀ ਕਿ ਇਨ੍ਹਾਂ ਪੋਲਾਂ ਨੂੰ ਸੜਕ ਵਿਚਕਾਰੋਂ ਪੁੱਟ ਕੇ ਸੜਕ ਕੰਡੇ ਕੀਤੇ ਜਾਵੇ ਜਿਸ ਨਾਲ ਦੁਰਘਟਨਾਵਾਂ ਤੋਂ ਬਚਿਆ ਜਾ ਸਕੇ।

# ਸਮਾਜਿਕ ਨਿਆਂ, ਅਧਿਕਾਰਤਾ ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਇਕੱਤਰਤਾ



ਵੇਰਕਾ (ਰਾਣਾ)-ਸਮਾਜਿਕ ਨਿਆਂ, ਅਧਿਕਾਰਤਾ ਸਸਕਤੀਕਰਨ ਵੈੱਲਫੇਅਰ ਸੋਸੀਏਸਨ ਦੀ ਹੰਗਾਮੇਦਾਰ ਮਾਸਿਕ ਮੀਟਿੰਗ ਜ਼ਿਲ੍ਹਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ ਦੀ ਪ੍ਰਧਾਨਗੀ ਹੇਠ ਦਫਤਰ ਕੰਪਲੈਕਸ ਜ਼ਿਲ੍ਹਾ ਪ੍ਰੀਸ਼ਦ ਅੰਮ੍ਰਿਤਸਰ ਵਿਖੇ ਹੋਈ ਜਿਸ ਵਿੱਚ ਵੱਖ-ਵੱਖ ਜਥੇਬੰਦਕ ਆਗੂਆਂ ਨੇ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਅਜੋਕੇ ਸਮੇਂ ਮੁਲਾਜਮ ਵਰਗ, ਪੈਨਸ਼ਨਰਾਂ, ਸਕੂਲ/ਕਾਲਜ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਆਉਂਦੀਆਂ ਮੁਸ਼ਕਲਾਂ, ਮਜ਼ਦੂਰ ਸ਼੍ਰੇਣੀ ਦੀ ਹੁੰਦੀ ਲੁੱਟ-ਖਸੁੱਟ, ਮਹਿੰਗਾਈ ਅਤੇ ਨਿਰੰਤਰ ਵੱਧਦੀ ਬੇਰੁਜ਼ਗਾਰੀ, ਨਸ਼ਿਆਂ ਦੀ ਵੱਧਦੀ ਭਰਮਾਰ ਸੰਬੰਧੀ ਡੂੰਘੀ ਚਿੰਤਾ ਦਾ ਇਜ਼ਹਾਰ ਕਰਦੇ ਹੋਏ ਸਾਸਨ-ਪ੍ਰਸ਼ਾਸਨ ਪਾਸੋਂ ਫੌਰੀ ਢੁੱਕਵਾਂ ਹੱਲ ਕਰਨ ਦੀ ਪੁਰਜ਼ੋਰ ਮੰਗ ਕੀਤੀ। ਮੀਟਿੰਗ ਦੌਰਾਨ ਸ: ਐਲੀ: ਸਕੂਲ ਫਤਿਹਗੜ੍ਹ ਸ਼ੁਕਰਚੱਕ ਬਲਾਕ ਅੰਮ੍ਰਿਤਸਰ-2 ਦੀ ਸਕੂਲ ਮੁਖੀ ਵੱਲੋਂ ਬੀਪੀਓ (ਐਲੀ:) ਅੰਮ੍ਰਿਤਸਰ-2 ਅਤੇ ਸੈਂਟਰ ਹੈੱਡਟੀਚਰ ਸ: ਐਲੀ: ਸਕੂਲ ਜੇਠੂਵਾਲ ਨਾਲ ਕਥਿਤ ਮਿਲੀਭੁਗਤ ਕਰਕੇ ਸਕੂਲੋਂ ਨਜਾਇਜ਼ ਢੰਗ ਨਾਲ ਰੁੱਖ ਵਢਾਉਣ ਦੀ ਸਖਤ ਸ਼ਬਦਾ ਵਿਚ ਨਿੰਦਾ ਕੀਤੀ ਗਈ। ਇਸ ਮੌਕੇ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸਨ ਅੰਮ੍ਰਿਤਸਰ (ਪੰਜਾਬ) ਦੇ ਜਥੇਬੰਦਕ ਆਗੂਆਂ ਵੱਲੋਂ ਸਰਬਸੰਮਤੀ ਨਾਲ ਮਤਾ ਕਰਦੇ ਹੋਏ, ਜ਼ਿਲਾ ਮੈਜਿਸਟ੍ਰੇਟ , ਅੰਮ੍ਰਿਤਸਰ ਅਤੇ ਐੱਸਐੱਸਪੀ, ਜ਼ਿਲਾ ਅੰਮ੍ਰਿਤਸਰ (ਦਿਹਾਤੀ) ਨਾਲ ਛੇਤੀ ਹੀ ਜਥੇਬੰਦਕ ਮੁਲਾਕਾਤ ਕਰਕੇ ਇਨ੍ਹਾਂ ਉਕਤ ਅਸੱਭਿਅਕ, ਵਾਤਾਵਰਨ ਦੋਖੀ ਅਤੇ ਸਕੂਲ ਦੇ ਬੱਚਿਆਂ ਨੂੰ ਤਿੱਖੀ ਧੁੱਪ/ਗਰਮੀ ਤੋਂ ਰਾਹਤ ਦੇਣ ਵਾਲੀ ਠੰਢੀ ਛਾਂ ਤੋਂ ਵਿਰਵੇ ਕਰਨ ਵਾਲਿਆਂ ਖਿਲਾਫ ਮੁਕੱਦਮਾ ਦਰਜ ਕਰਵਾਉਣ ਬਾਬਤ ਅਗਲੀ ਯੋਜਨਾ ਵੀ ਉਲੀਕੀ ਗਈ। ਇਸ ਦੌਰਾਨ ਹੀ ਸਕੂਲਾਂ ਵਿੱਚ ਬੱਚਿਆਂ ਦੇ ਦਾਖ਼ਲੇ ਵਧਾਉਣ ਸੰਬੰਧੀ ਅਧਿਕਾਰੀਆਂ ਵੱਲੋਂ ਅਧਿਆਪਕਾਂ ਤੇ ਬੇਲੋੜੇ ਪਾਏ ਜਾ ਰਹੇ ਦਬਾਅ ਦੀ ਸਖਤ ਆਲੋਚਨਾ ਕੀਤੀ ਗਈ। ਜਥੇਬੰਦਕ ਆਗੂਆਂ ਨੇ ਸਮੂਹ ਅਧਿਆਪਕ ਵਰਗ ਨੂੰ ਸਕੂਲਾਂ ਵਿੱਚ ਪਿਛਲੇ ਸਾਲਾਂ ਵਾਂਗੂੰ ਬੋਗਸ/ਜਾਅਲੀ ਵਿਦਿਆਰਥੀ ਦਾਖਲ ਨਾ ਕਰਨ ਦੀ ਅਪੀਲ ਕੀਤੀ। ਮੀਟਿੰਗ ਦੌਰਾਨ ਬਲਾਕ ਮਜੀਠਾ-1 ਅਤੇ ਬਲਾਕ ਮਜੀਠਾ-2 ਦੇ ਸਰਕਾਰੀ ਸਕੂਲਾਂ ਅੰਦਰ ਨਿਰੰਤਰ, ਸਮਾਂਨਤਰ ਸਰਕਾਰ ਵੱਲੋਂ ਹੀ ਚਲਾਏ ਜਾਂਦੇ ਏਅਰਟੈੱਲ ਸਕੂਲਾਂ ਕਾਰਨ ਘਟ ਗਈ ਬੱਚਿਆਂ ਦੀ ਗਿਣਤੀ ਤੋਂ ਪ੍ਰਭਾਵਿਤ ਅਧਿਆਪਕਾਂ ਨੇ ਦਰਪੇਸ਼ ਸਮੱਸਿਆ ਦਾ ਹੱਲ ਕਰਨ ਦੀ ਸਰਕਾਰ ਤੋਂ ਗੁਹਾਰ ਲਗਾਈ। ਇਸ ਮੌਕੇ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸਨ ਪੰਜਾਬ ਦੇ ਚੀਫ ਆਰਗੇਨਾਈਜ਼ਰ ਕਰਨਰਾਜ ਸਿੰਘ ਗਿੱਲ, ਸੀਨੀ: ਮੀਤ ਪ੍ਰਧਾਨ ਤੇਜਿੰਦਰ ਸਿੰਘ ਸੋਹੀ, ਸੂਬਾਈ ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸ਼ੀਪੁਰ) ਸੂਬਾਈ ਕਾਰਜਕਾਰੀ ਮੈਂਬਰ ਲੈਕ: ਮੁਖਤਿਆਰ ਸਿੰਘ, ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਜਨਰਲ ਸਕੱਤਰ ਕੁਲਜੀਤ ਸਿੰਘ ਵੇਰਕਾ, ਸਲਾਹਕਾਰ ਹਰਮਨਦੀਪ ਸਿੰਘ ਛੀਨਾ, ਵਿੱਤ ਸਕੱਤਰ ਹਰਪਾਲ ਸਿੰਘ ਓਠੀਆ, ਸੀਨੀ:ਪ੍ਰਧਾਨ ਜਗਜੀਤ ਸਿੰਘ ਹਰੀਪੁਰਾ, ਮੀਤ ਪ੍ਰਧਾਨ ਮਨਜੀਤ ਸਿੰਘ ਸੋਹੀਆਂ ਖੁਰਦ, ਸਕੱਤਰ ਅਮਰਿੰਦਰ ਸਿੰਘ ਛੀਨਾ, ਸੀ.ਐੱਚ.ਟੀ ਵਰਿੰਦਰ ਸਿੰਘ ਸੈਂਸਰਾ ਕਲਾਂ, ਪ੍ਰਿੰ. ਜਗਤਾਰ ਸਿੰਘ, ਕਸ਼ਮੀਰ ਸਿੰਘ ਸੋਹੀਆਂ ਖੁਰਦ, ਕਰਨਵੀਰ ਗੰਗਾਨਗਰ, ਸੀਐੱਚਟੀ ਹਰਵਿੰਦਰ ਸਿੰਘ ਕੱਥੂਨੰਗਲ, ਦਰਸ਼ਨ ਲਾਲ ਕਲੋਤਰਾ ਸੇਵਾਮੁਕਤ ਬੀਪੀਓ, ਸੁਪਰਡੈਂਟ ਪਲਵਿੰਦਰ ਸਿੰਘ ਲੁੱਧੜ ਆਦਿ ਆਗੂ ਵੀ ਹਾਜ਼ਰ ਸਨ।

# ਕਾਮਰੇਡ ਰਣਜੀਤ ਕੌਰ ਲੋਕ ਸੇਵਕ ਸੀ: ਦਵਿੰਦਰ ਸੋਹਲ



ਝਬਾਲ, (ਹਰਜਿੰਦਰ ਸਿੰਘ ਸੋਨੀ)-ਪਿੰਡ ਢੰਡ ਦੇ ਵਸਨੀਕ ਤੇ ਭਾਰਤੀ ਕਮਿਊਨਿਸਟ ਪਾਰਟੀ ਇਲਾਕਾ ਕਮੇਟੀ ਦੇ ਸਹਾਇਕ ਸਕੱਤਰ ਕਾਮਰੇਡ ਮਨਜੀਤ ਸਿੰਘ ਢੰਡ ਦੀ ਪਤਨੀ ਕਾਮਰੇਡ ਰਣਜੀਤ ਕੌਰ ਦਾ ਦਿਹਾਂਤ ਪਿਛਲੇ ਦਿਨੀਂ ਹੋ ਗਿਆ ਸੀ ਜਿਸਦੀ ਅੰਤਿਮ ਅਰਦਾਸ ਪਿੰਡ ਢੰਡ ਦੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਕੀਤੀ ਗਈ। ਇਸ ਮੌਕੇ ਬੀਬੀ ਰਣਜੀਤ ਕੌਰ ਨੂੰ ਸ਼ਰਧਾਂਜਲੀ ਦਿੰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾਂ ਸਕੱਤਰ ਕਾਮਰੇਡ ਦਵਿੰਦਰ ਸੋਹਲ ਨੇ ਕਿਹਾ ਕਿ ਇਹ ਪਰਿਵਾਰ ਕਾਮਰੇਡ ਕਰਮ ਸਿੰਘ ਤੋਂ ਲੈ ਕੇ ਪਾਰਟੀ ਨਾਲ ਜੁੜਿਆ ਹੈ।

ਬੀਬੀ ਰਣਜੀਤ ਕੌਰ ਵੀ ਪੰਜਾਬ ਇਸਤਰੀ ਸਭਾ ਅਤੇ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਸਰਗਰਮ ਭੂਮਿਕਾਂ ਨਿਭਾਉਂਦੀ ਸੀ। ਉਹ ਆਪਣੇ ਜੀਵਨ ਸਾਥੀ ਕਾਮਰੇਡ ਮਨਜੀਤ ਸਿੰਘ ਨਾਲ ਪੂਰਾ ਸਾਥ ਦਿੰਦੀ ਸੀ। ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ ਜਨਰਲ ਸਕੱਤਰ ਬਲਕਾਰ ਸਿੰਘ ਵਲਟੋਹਾ ਨੇ ਕਿਹਾ ਕਿ ਕਾਮਰੇਡ ਰਣਜੀਤ ਕੌਰ ਵੱਲੋਂ ਲੋਕ ਸੰਘਰਸ਼ਾਂ ਵਿੱਚ ਪਾਇਆ ਯੋਗਦਾਨ ਸਦਾ ਯਾਦ ਰਹੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾਂ ਏਰੀਆ ਸਕੱਤਰ ਕਾਮਰੇਡ ਸੁਰਿੰਦਰ ਸਿੰਘ ਬਿੱਲਾ, ਕਾਮਰੇਡ ਪੰਜਾਬ ਸਿੰਘ ਕਸੇਲ, ਸਰਪੰਚ ਸੁਰਜੀਤ ਸਿੰਘ ਸਮੇਤ ਕਈ ਪਤਵੰਤੇ ਸੱਜਣ ਹਾਜ਼ਰ ਸਨ।

# ਅਕਾਲੀ ਦਲ ਤੇ ਕਾਂਗਰਸ ਨੂੰ ਅਲਵਿਦਾ ਕਹਿ ਕੇ ਕਈ ਪਰਵਾਰ 'ਆਪ' 'ਚ ਸ਼ਾਮਿਲ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਆਮ ਆਦਮੀ ਪਾਰਟੀ ਨੂੰ ਉਸ ਸਮੇਂ ਵੱਡਾ ਬਲ ਮਿਲਿਆ ਜਦੋਂ ਤਰਨ ਤਾਰਨ ਦੇ ਵਿਧਾਇਕ ਡਾ. ਕਸ਼ਮੀਰ ਸਿੰਘ ਸੋਹਲ ਦੀ ਅਗਵਾਈ ਵਿੱਚ ਪਿੰਡ ਕੱਕਾ ਕੰਡਿਆਲਾ ਤੋਂ 50 ਪਰਿਵਾਰ ਅਕਾਲੀ ਦਲ ਅਤੇ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿੰਦੇ ਹੋਏ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਗਏ। ਪਿੰਡ ਦੇ 'ਆਪ' ਵਲੰਟੀਅਰ ਰਣਬੀਰ ਸਿੰਘ, ਬਲਵਿੰਦਰ ਸਿੰਘ, ਅਵਤਾਰ ਸਿੰਘ ਅਤੇ ਕੁਲਦੀਪ ਸਿੰਘ ਦੀ ਪ੍ਰੇਰਨਾ ਸਦਕਾ ਆਪ ਵਿੱਚ ਸ਼ਾਮਿਲ ਹੋਣ ਵਾਲਿਆਂ ਵਿੱਚ ਅਕਾਲੀ ਦਲ ਨਾਲ ਸੰਬੰਧਿਤ ਤਰਸੇਮ ਸਿੰਘ ਸਾਬਕਾ ਸਰਪੰਚ, ਹਰਦੇਵ ਸਿੰਘ ਅਤੇ ਹਰਦੀਪ ਸਿੰਘ ਸਾਬਕਾ ਮੈਂਬਰ ਪੰਚਾਇਤ ਤੋਂ ਇਲਾਵਾ ਹਰਜਿੰਦਰ ਸਿੰਘ ਦੇਬੀ, ਅਮਰੀਕ ਸਿੰਘ, ਬਲਕਾਰ ਸਿੰਘ, ਗੁਰਦੀਪ ਸਿੰਘ, ਜੋਗਿੰਦਰ ਸਿੰਘ, ਸੁਰਿੰਦਰਪਾਲ ਸਿੰਘ, ਮੇਹਰ ਸਿੰਘ, ਗੁਰਵਿੰਦਰ ਸਿੰਘ, ਤਰਲੋਚਨ ਸਿੰਘ, ਯੂਸਫ ਮਸੀਹ, ਰਸਪਾਲ ਸਿੰਘ ਬਿੱਟੂ, ਕਸ਼ਮੀਰ ਸਿੰਘ, ਰਾਮ ਸਿੰਘ, ਸੁਖਵਿੰਦਰ ਸਿੰਘ, ਰਾਜਵਿੰਦਰ ਸਿੰਘ ਦੋਧੀ, ਬਲਵਿੰਦਰ ਸਿੰਘ ਸ਼ਾਹ, ਮਨਜੀਤ ਸਿੰਘ ਦੋਧੀ, ਸਿਮਰਨਜੀਤ ਸਿੰਘ ਅਤੇ ਇਨ੍ਹਾਂ ਦੇ ਪਰਿਵਾਰਿਕ ਮੈਂਬਰ ਸ਼ਾਮਿਲ ਹਨ।

ਇਸ ਮੌਕੇ ਵਿਧਾਇਕ ਸੋਹਲ ਨੇ ਸ਼ਾਮਿਲ ਪਰਿਵਾਰਾਂ ਨੂੰ ਜੀ ਆਇਆਂ ਕਹਿੰਦੇ ਪਾਰਟੀ ਵਿੱਚ ਉਨ੍ਹਾਂ ਨੂੰ ਪੂਰਾ ਸਨਮਾਨ ਦੇਣ ਦੀ ਗੱਲ ਆਖੀ।

# ਇੱਕ ਕਿੱਲੋ ਹੈਰੋਇਨ ਸਮੇਤ ਵਿਅਕਤੀ ਕਾਬੂ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਕਲਾਨੌਰ ਪੁਲਸ ਨੇ ਹੈਰੋਇਨ ਸਮੇਤ ਇਕ ਵਿਅਕਤੀ ਨੂੰ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਰੀ ਦਿੰਦੇ ਹੋਏ ਏਐੱਸਆਈ ਗੁਰਨਾਮ ਸਿੰਘ ਨੇ ਦੱਸਿਆ ਕਿ ਉਨ੍ਹਾਂ ਮੁਖਬਰ ਦੀ ਇਤਲਾਹ 'ਤੇ ਸਰਬਜੀਤ ਸਿੰਘ ਸਾਬੀ ਪੁੱਤਰ ਪਲਵਿੰਦਰ ਸਿੰਘ ਵਾਸੀ ਮੁਹੱਲਾ ਨਵਾਂ ਕੱਟੜਾ ਕਲਾਨੌਰ ਦੇ ਘਰ ਰੇਡ ਕੀਤਾ।

ਤਫਤੀਸ਼ੀ ਅਫਸਰ ਨੇ ਉਕਤ ਦੋਸ਼ੀ ਦੇ ਹੱਥ ਵਿੱਚ ਫੜੀ ਜੈਕੇਟ ਦੀ ਤਲਾਸ਼ੀ ਕੀਤੀ ਤਾਂ ਜੈਕੇਟ ਵਿਚੋਂ ਇਕ ਪੈਕਟ ਪਲਾਸਟਿਕ ਬਰਾਮਦ ਹੋਇਆ ਜਿਸ ਨੂੰ ਖੋਲ੍ਹ ਕੇ ਚੈੱਕ ਕੀਤਾ ਤਾਂ ਉਸ ਵਿਚੋਂ 1 ਕਿਲੋਗ੍ਰਾਮ ਹੈਰੋਇਨ ਬਰਾਮਦ ਹੋਈ।

ਥਾਣਾ ਕਲਾਨੌਰ ਦੀ ਪੁਲਸ ਨੇ ਉਕਤ ਦੋਸ਼ੀ ਨੂੰ ਐੱਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ ਹੈ।

# ਟਰੇਡ ਸੈੱਲ/ਸੀਨੀਅਰ ਸਿਟੀਜ਼ਨ ਸੈੱਲ ਦੇ ਆਗੂਆਂ ਦੀ ਅਹਿਮ ਮੀਟਿੰਗ



ਬਟਾਲਾ (ਤਰਲੋਕ ਬੱਗਾ)-ਭਾਰਤੀ ਜਨਤਾ ਪਾਰਟੀ ਦੇ ਸਥਾਨਕ ਜਲੰਧਰ ਰੋਡ ਦੇ ਦਫਤਰ ਵਿਖੇ ਇਕ ਅਹਿਮ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਟਰੇਡ ਸੈੱਲ ਅਤੇ ਸੀਨੀਅਰ ਸਿਟੀਜ਼ਨ ਸੈੱਲ ਦੇ ਆਗੂ ਪਹੁੰਚੇ ਜਿਸ ਦੀ ਪ੍ਰਧਾਨਗੀ ਕਪਿਲ ਅੱਗਰਵਾਲ ਵਲੋ ਕੀਤੀ ਗਈ। ਇਸ ਮੌਕੇ ਜ਼ਿਲਾ ਪ੍ਰਧਾਨ ਹੀਰਾ ਵਾਲੀਆ ਨੇ ਜਾਣਕਾਰੀ ਦਿੰਦੇ ਕਿਹਾ ਕਿ ਭਾਜਪਾ ਵਲੋਂ ਹਰ ਵਰਗ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਲਈ ਸਮੇਂ-ਸਮੇਂ 'ਤੇ ਅਹਿਮ ਉਪਰਾਲੇ ਕੀਤੇ ਜਾਂਦੇ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੇ ਗੁਰਦਾਸਪੁਰ ਤੋਂ ਲੋਕਸਭਾ ਚੋਣਾਂ ਲੜ ਰਹੇ ਉਮੀਦਵਾਰ ਦਿਨੇਸ਼ ਬੱਬੂ ਇਕ ਸੂਝਵਾਨ, ਤਜਰਬੇਕਾਰ ਅਤੇ ਜ਼ਮੀਨ ਨਾਲ ਜੁੜੇ ਹੋਏ ਲੀਡਰ ਹਨ। ਉਨ੍ਹਾਂ ਕਿਹਾ ਕਿ ਟਰੇਡ ਅਤੇ ਸੀਨੀਅਰ ਸਿਟੀਜ਼ਨ ਸੈੱਲ ਨਾਲ ਕਈ ਅਹਿਮ ਮੁੱਦੇ ਵਿਚਾਰੇ ਗਏ ਹਨ ਅਤੇ ਭਾਜਪਾ ਉਮੀਦਵਾਰ ਦਿਨੇਸ਼ ਬੱਬੂ ਨੂੰ ਵਡੀ ਲੀਡ ਜਿਤਾਉਣ ਲਈ ਯੋਜਨਾ ਬਣਾਈ ਗਈ ਹੈ। ਇਸ ਮੌਕੇ ਪਰਦੇਸ ਕਾਰਜਕਾਰਨੀ ਮੈਂਬਰ ਰਾਕੇਸ਼ ਭਾਟੀਆ, ਜ਼ਿਲਾ ਜਨਰਲ ਸੈਕਟਰੀ ਰੋਸ਼ਨ ਲਾਲ, ਸੀਨੀਅਰ ਸਿਟੀਜ਼ਨ ਸੈੱਲ ਦੇ ਪ੍ਰਧਾਨ ਵਿਜੇ ਸ਼ਰਮਾ, ਵਿਨੋਦ ਸ਼ਰਮਾ, ਬੀਰ ਸੇਠ, ਸੰਦੀਪ ਆਜਾਦ ਅਤੇ ਹੋਰ ਵੀ ਸੀਨੀਅਰ ਲੀਡਰ ਮੌਜੂਦ ਸਨ।

# ਧਾਲੀਵਾਲ ਦੇ ਹੱਕ 'ਚ ਵਗ ਰਹੀ ਇਕਪਾਸੜ ਚੋਣ ਹਵਾ: ਬੰਦੇਸ਼ਾ



ਅਜਨਾਲਾ (ਸੁਖਤਿੰਦਰ ਸਿੰਘ)-ਪੰਜਾਬ ਟਰੇਡਰਜ਼ ਕਮਿਸ਼ਨ ਦੇ ਸੰਵਿਧਾਨਕ ਮੈਂਬਰ, ਪੰਜਾਬ ਬੁਲਾਰਾ ਆਮ ਆਦਮੀ ਪਾਰਟੀ, ਪਾਰਟੀ ਦੇ ਟਰੇਡ ਵਿੰਗ ਸੂਬਾਈ ਸੀਨੀ: ਉਪ ਪ੍ਰਧਾਨ ਤੇ ਪਾਰਟੀ ਹਾਈ ਕਮਾਨ ਦੇ ਦਿਸ਼ਾ ਨਿਰਦੇਸ਼ਾਂ 'ਤੇ ਲੋਕ ਸਭ ਹਲਕਾ ਅੰਮ੍ਰਿਤਸਰ ਦੀਆਂ ਚੋਣ ਸਰਗਰਮੀਆਂ ਦੀ ਮਜ਼ਬੂਤੀ 'ਚ ਹੋਰ ਪਸਾਰ ਕਰਨ ਲਈ ਯਤਨਸ਼ੀਲ ਆਗੂ ਜਸਕਰਨ ਬੰਦੇਸ਼ਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੇ ਸਮੂਹ ਅਹੁਦੇਦਾਰ, ਵਲੰਟੀਅਰ ਤੇ ਰਵਾਇਤੀ ਰਾਜਸੀ ਪਾਰਟੀਆਂ ਨੂੰ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ 'ਚ ਨਕਾਰ ਕੇ ਆਮ ਆਦਮੀ ਪਾਰਟੀ ਦੇ ਹੱਕ 'ਚ ਵੋਟ ਫ਼ਤਵਾ ਦੇਣ ਵਾਲੀ ਜਨਤਾ ਅੱਜ ਵੀ ਇਨ੍ਹਾਂ ਲੋਕ ਸਭਾ ਚੋਣਾਂ 'ਚ ਅੰਮ੍ਰਿਤਸਰ ਲੋਕ ਸਭਾ ਹਲਕਾ ਤੋਂ ਪਾਰਟੀ ਦੇ ਉਮੀਦਵਾਰ ਜੋ ਫਾਇਰ ਬ੍ਰਾਂਡ ਤੇ ਆਇਰਨ ਮੈਨ, ਆਪਣੇ 2 ਸਾਲਾਂ ਦੇ ਕਾਰਜਕਾਲ ਦੌਰਾਨ ਵਿਕਾਸ ਪੁਰਖ ਵਜੋਂ ਵੀ ਉਭਰੇ ਕੁਲਦੀਪ ਸਿੰਘ ਧਾਲੀਵਾਲ ਸਮੇਤ ਪੰਜਾਬ ਦੀਆਂ ਕੁੱਲ 13 ਲੋਕ ਸਭਾ ਹਲਕਿਆਂ ਤੋਂ ਪਾਰਟੀ ਦੇ ਉਮੀਦਵਾਰ ਇਕ ਹੀਰੋ ਵਜੋਂ ਉਭਰੇ ਚੁੱਕੇ ਹਨ ਕਿਉਂਕਿ ਰਵਾਇਤੀ ਰਾਜਸੀ ਪਾਰਟੀਆਂ ਭਾਜਪਾ, ਅਕਾਲੀ ਦਲ, ਕਾਂਗਰਸ ਤੇ ਹੋਰ ਵਿਰੋਧੀ ਧਿਰਾਂ ਦੇ ਉਮੀਦਵਾਰ ਲੋਕਾਂ ਨਾਲੋਂ ਟੁੱਟੇ ਹੋਣ ਕਾਰਨ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਨਹੀਂ ਉਤਰ ਸਕੇ। ਉਮੀਦਵਾਰ ਧਾਲੀਵਾਲ ਦੇ ਹੱਕ 'ਚ ਪੇਂਡੂ ਤੇ ਸ਼ਹਿਰੀ ਵੋਟਰਾਂ ਤੇ ਪਾਰਟੀ ਵਲੰਟੀਅਰਾਂ ਨਾਲ ਨੁੱਕੜ ਮੀਟਿੰਗਾਂ ਕਰਨ ਉਪਰੰਤ ਇਥੇ ਗੱਲਬਾਤ ਦੌਰਾਨ ਉਨ੍ਹਾਂ ਇਹ ਵੀ ਕਿਹਾ ਕਿ ਸੂਬਾ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਦਿੱਤੀ ਗਈ ਮੁਫਤ ਬਿਜਲੀ ਸਪਲਾਈ ਦੇ ਮੱਦੇਨਜ਼ਰ ਆਂਢ-ਗੁਆਂਢ ਸੂਬੇ ਦੇ ਲੋਕ ਵੀ ਮਾਨ ਸਰਕਾਰ ਦੇ ਹੱਕ 'ਚ ਪ੍ਰਚਾਰ-ਪ੍ਰਸਾਰ ਭੂਮਿਕਾ ਨਿਭਾ ਰਹੇ ਹਨ।

ਜਦੋਂ ਕਿ ਮੁਫਤ ਸਿਹਤ ਸਹੂਲਤਾਂ ਲਈ ਖੋਲ੍ਹੇ ਗਏ ਮੁਹੱਲਾ ਕਲੀਨਿਕਾਂ, ਬਜ਼ੁਰਗਾਂ ਲਈ ਮੁਫਤ ਤੀਰਥ ਯਾਤਰਾ, ਬੇਰੁਜ਼ਗਾਰਾਂ ਨੂੰ ਸਰਕਾਰੀ ਨੌਕਰੀਆਂ ਤੇ ਉਚੇਰੀ ਮਿਆਰੀ ਮੁਫਤ ਸਿੱਖਿਆ ਲਈ ਸਕੂਲਾਂ ਤੇ ਕਾਲਜਾਂ ਦਾ ਮਿਆਰ ਉੱਚਾ ਚੁੱਕਣ, ਚਹੁੰਮੁੱਖੀ ਵਿਕਾਸ ਆਦਿ ਪ੍ਰਾਪਤੀਆਂ ਤੋਂ ਗਦਗਦ ਹੋਏ ਲਾਭਪਾਤਰੀ ਵੀ ਚੋਣਾਂ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ 'ਚ ਪਹਿਰਾ ਦੇ ਰਹੇ ਹਨ।

# ਡਾ. ਚੀਮਾ ਵੱਲੋਂ ਚੋਣਾਂ ਬਾਬਤ ਵਿਜੇ ਪ੍ਰਧਾਨ ਦੇ ਘਰ ਮੀਟਿੰਗ



ਦੀਨਾਨਗਰ (ਸੰਜੀਵ)-ਸ਼੍ਰੋਮਣੀ ਅਕਾਲੀ ਦਲ ਦੇ ਲੋਕ ਸਭਾ ਉਮੀਦਵਾਰ ਗੁਰਦਾਸਪੁਰ ਤੋਂ ਡਾਕਟਰ ਦਲਜੀਤ ਸਿੰਘ ਚੀਮਾ ਨੇ ਅਕਾਲੀ ਦਲ ਬਾਦਲ ਦੇ ਵਫ਼ਾਦਾਰ ਦੇ ਪੁਰਾਣੇ ਆਗੂ ਵਿਜੇ ਪ੍ਰਧਾਨ ਦੀਨਾਨਗਰ ਦੇ ਨਿਵਾਸ ਸਥਾਨ 'ਤੇ ਮੀਟਿੰਗ ਕੀਤੀ। ਵਿਜੇ ਪ੍ਰਧਾਨ ਅਤੇ ਅਕਾਲੀ ਵਰਕਰਾਂ ਵੱਲੋਂ ਚੀਮਾ ਦਾ ਨਿੱਘਾ ਤੇ ਭਰਵਾਂ ਸਵਾਗਤ ਕੀਤਾ ਗਿਆ। ਵਰਕਰਾਂ ਵਿੱਚ ਭਾਰੀ ਉਤਸ਼ਾਹ ਵੇਖਣ ਨੂੰ ਮਿਲਿਆ। ਪ੍ਰਧਾਨ ਵਿਜੇ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਸ਼ਰਾਬ ਦੇ ਰੇਟਾਂ 'ਚ ਭਾਰੀ ਵਾਧਾ ਕਰ ਕੇ ਲੋਕਾਂ ਨੂੰ ਹਤਾਸ਼ ਕੀਤਾ। ਜਦੋਂ ਦੀ ਆਪ ਦੀ ਸਰਕਾਰ ਪੰਜਾਬ ਵਿੱਚ ਆਈ ਹੈ ਲੋਕ ਤੰਗੀ ਦੇ ਰਾਹ 'ਚੋਂ ਗੁਜ਼ਰ ਰਹੇ ਹਨ। ਡਾ. ਚੀਮਾ ਨੇ ਗੱਲਬਾਤ ਦੌਰਾਨ ਕਿਹਾ ਕਿ ਕਿਸੇ ਵੀ ਸਰਕਾਰ ਦੇ ਨੁਮਾਇੰਦੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਕੋਈ ਵੀ ਇੰਡਸਟਰੀ ਨਹੀਂ ਲਿਆਉਂਦੇ, ਅਜੇ ਤਕ ਵਾਅਦੇ ਮੁਤਾਬਿਕ ਬੀਬੀਆਂ ਨੂੰ ਹਜ਼ਾਰ ਰੁਪਏ ਵੀ ਨਹੀਂ ਦਿੱਤੇ ਗਏ ਸਗੋਂ ਲੋਕਾਂ ਦੇ ਰਾਸ਼ਨ ਕਾਰਡ ਤਕ ਕੱਟੇ ਗਏ . ਹਨ। ਉਨ੍ਹਾਂ ਨੇ ਲੋਕਾਂ ਨੂੰ ਇਕ ਮੌਕਾ ਦੇਣ ਦੀ ਅਪੀਲ ਕੀਤੀ। ਇਸ ਮੌਕੇ ਕਮਲਜੀਤ ਚਾਵਲਾ, ਪਾਹੜਾ, ਗੋਪੀ ਦੋਰਾਂਗਲਾ, ਅਰੁਣ ਠਾਕੁਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਵਰਕਰ ਅਤੇ ਅਹੁਦੇਦਾਰ ਸ਼ਾਮਲ ਸਨ।

# 'ਅੱਛੇ ਦਿਨ ਆਏਂਗੇ' ਦਾ ਨਾਅਰਾ ਮੋਦੀ ਦੇ ਝੂਠ ਦਾ ਪੁਲੰਦਾ: ਔਜਲਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਲੋਕ ਸਭਾ ਹਲਕਾ ਅੰਮ੍ਰਿਸਰ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਦਿਲਰਾਜ ਸਿੰਘ ਸਰਕਾਰੀਆ ਚੇਅਰਮੈਨ ਜ਼ਿਲਾ ਪ੍ਰੀਸ਼ਦ ਦੀ ਅਗਵਾਈ ਹੇਠ ਹਲਕਾ ਰਾਜਾਸਾਂਸੀ ਦੇ ਆਗੂਆਂ ਵਰਕਰਾਂ ਦੀ ਮੀਟਿੰਗ ਨੂੰ ਸੰਬੋਧਨ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਵਿਰੋਧੀ ਪਾਰਟੀਆਂ ਤੇ ਤਿੱਖੇ ਹਮਲੇ ਕੀਤੇ।ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੀ ਜਨਤਾ ਨੂੰ ਗੁਮਰਾਹ ਕਰਨ ਲਈ 'ਅੱਛੇ ਦਿਨ ਆਏਂਗੇ' ਦਾ ਨਾਅਰਾ ਦਿੱਤਾ ਜੋ ਝੂਠ ਦਾ ਪੁਲੰਦਾ ਸਾਬਤ ਹੋਇਆ।ਉਨਾਂ ਕਿਹਾ ਕਿ ਹਰੇਕ ਦੇ ਖਾਤੇ ਵਿੱਚ 15-15 ਲੱਖ ਰੁਪਏ ਆਉਣ ਦਾ ਵਾਅਦਾ ਕਰਨ ਵਾਲੀ ਭਾਜਪਾ ਅੱਜ ਹਰ ਫ਼ਰੰਟ ਤੇ ਫ਼ੇਲ ਸਾਬਤ ਹੋਈ ਹੈ।ਆਪ ਨੇ ਔਰਤਾਂ ਨੂੰ ਹਜ਼ਾਰ ਹਜ਼ਾਰ ਰੁਪਿਆ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ ਜੋ ਅੱਜ ਤਕ ਨਹੀਂ ਨਿਭਾਇਆ।ਔਜਲਾ ਨੇ ਕਿਹਾ ਕਿ ਇਸ ਵਾਰ ਮੈਂਬਰ ਪਾਰਲੀਮੈਂਟ ਬਣਕੇ ਗੁਰੂ ਨਗਰੀ ਨੂੰ ਵਿਕਾਸ ਪੱਖੋਂ ਪੰਜਾਬ ਵਿੱਚ ਪਹਿਲੇ ਨੰਬਰ ਤੇ ਲਿਆਵਾਂਗਾ।ਇਸ ਮੌਕੇਂ ਵੱਡੀ ਗਿਣਤੀ ਵਿੱਚ ਆਗੂ ਅਤੇ ਵਰਕਰ ਹਾਜ਼ਰ ਸਨ।



# ਜ਼ੋਨਲ ਪੱਧਰੀ ਸ਼ੂਟਿੰਗ ਮੁਕਾਬਲਿਆਂ 'ਚ ਸੇਂਟ ਫਰਾਂਸਿਸ ਸਕੂਲ ਛਾਇਆ

ਬਟਾਲਾ :(ਡਾ. ਮਲਵਿੰਦਰ ਸਿੰਘ)-ਅਲਵਨ ਸਟਾਕ ਵਰਡ ਸਕੂਲ ਦਨੋਰਾ ਵਿਖੇ ਹੋਏ ਜ਼ੋਨਲ ਪੱਧਰੀ ਸੂਟਿੰਗ ਏਐੱਸਆਈਐੱਸਸੀ ਦੇ ਮੁਕਾਬਲਿਆਂ ਵਿੱਚ ਸੰਤ ਫਰਾਂਸ ਸਕੂਲ ਬਟਾਲਾ ਦੇ ਵਿਦਿਆਰਥੀਆਂ ਨੇ ਹਿੱਸਾ ਲਿਆ ਤੇ ਵਧੀਆ ਪ੍ਰਦਰਸ਼ਨ ਕਰਕੇ ਸਕੂਲ ਤੇ ਮਾਪਿਆਂ ਦਾ ਨਾਂ ਰੌਸ਼ਨ ਕੀਤਾ। ਪ੍ਰਿੰਸੀਪਲ ਫਾਦਰ ਜੌਰਜ ਸਕਾਈ ਲਾਰਕ ਨੇ ਜੇਤੂ ਬੱਚਿਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਜੈਦੀਪ ਸਿੰਘ ਨੇ ਅੰਡਰ-17 ਵਿੱਚ ਪਹਿਲੇ ਸਥਾਨ 'ਤੇ ਰਹਿ ਕੇ ਵਧੀਆ ਸ਼ੂਟਰ ਦਾ ਐਵਾਰਡ ਪ੍ਰਾਪਤ ਕੀਤਾ, ਜਦਕਿ ਪਰਥ ਅਗਰਵਾਲ ਦੂਜੇ ਅਤੇ ਗੁਨਤਾਸ ਸਿੰਘ ਤੀਜੇ ਸਥਾਨ 'ਤੇ ਰਿਹਾ। ਲੜਕੀਆਂ ਵਿੱਚੋਂ ਅੰਕਸ਼ਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ-14 ਵਿੱਚ ਹਰਸ਼ਬੀਰ ਸਿੰਘ ਬੋਪਾ ਰਾਏ ਨੇ ਦੂਜਾ ਸਥਾਨ ਹਾਸਲ ਕੀਤਾ। ਜੇਤੂ ਬੱਚਿਆਂ ਨੂੰ ਪ੍ਰਿੰਸੀਪਲ ਤੇ ਸਟਾਫ ਨੇ ਸਨਮਾਨਿਤ ਕੀਤਾ। ਇਸ ਮੌਕੇ ਭੁਪਿੰਦਰ ਸਿੰਘ ਸੰਧੂ ਕੋਚ, ਊਸ਼ਾ ਬਡਿਆਲ ਕੋਚ, ਬਲਕਾਰ ਮਸੀਹ ਤੇ ਕੋਚ ਗੁਲਸ਼ਨ ਵੀ ਹਾਜ਼ਰ ਸਨ।

# ਸਵਿੰਦਰ ਸਿੰਘ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਆਈਏ ਸਵਿੰਦਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ 'ਤੇ ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਵੱਲੋਂ ਸਿੱਖ ਸੰਸਥਾ ਵਿਚ ਨਿਭਾਈਆਂ ਸੇਵਾਵਾਂ ਨੂੰ ਯਾਦ ਕੀਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਓਐੱਸਡੀ ਸ. ਸਤਬੀਰ ਸਿੰਘ ਧਾਮੀ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਕਿਹਾ ਕਿ ਸਵਿੰਦਰ ਸਿੰਘ ਨੇ ਸ਼੍ਰੋਮਣੀ ਕਮੇਟੀ ਵਿਚ ਰਹਿੰਦਿਆਂ ਸ਼ਲਾਘਾਯੋਗ ਕਾਰਜ ਕੀਤੇ ਹਨ।ਉਨ੍ਹਾਂ ਕਿਹਾ ਕਿ ਸਵਿੰਦਰ ਸਿੰਘ ਦਾ ਅਕਾਲ ਚਲਾਣਾ ਜਿਥੇ ਪਰਿਵਾਰ ਲਈ ਵੱਡਾ ਘਾਟਾ ਹੈ, ਉਥੇ ਹੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਪਰਿਵਾਰ ਵਾਸਤੇ ਵੀ ਦੁਖਦਾਈ ਹੈ।ਉਨ੍ਹਾਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਉਹ ਵਿਛੜੀ ਰੂਹ ਨੂੰ ਆਪਣੇ ਚਰਣਾਂ ਵਿਚ ਨਿਵਾਸ ਦੇਣ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

# ਮਨੁੱਖਤਾ ਦੀ ਸੇਵਾ ਸਭ ਤੋਂ ਉੱਤਮ ਸੇਵਾ: ਕਵਲਜੀਤ ਸਿੰਘ ਸਰਾਂ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ। ਇਹ ਪ੍ਰਗਟਾਵਾ ਅੱਜ ਸਰਬੱਤ ਦਾ ਭਲਾ ਸਾਂਝਾ ਮੰਚ ਜਥੇਬੰਦੀ ਦੇ ਚੇਅਰਮੈਨ ਕਵਲਜੀਤ ਸਿੰਘ ਸਰਾਂ ਜ਼ਿਲਾ ਅੰਮ੍ਰਿਤਸਰ ਨੇ ਕਹੇ।

ਉਨ੍ਹਾਂ ਨੇ ਕਿਹਾ ਕਿ ਸਾਨੂੰ ਆਪਣੇ ਰੁਝੇਵਿਆਂ ਤੋਂ ਟਾਈਮ ਕੱਢ ਕੇ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ। ਕਵਲਜੀਤ ਸਿੰਘ ਸਰਾਂ ਨੇ ਆਪਣੀ ਜਥੇਬੰਦੀ ਦਾ ਵਿਸਥਾਰ ਕੀਤਾ ਅਤੇ ਕੁਲਵਿੰਦਰਜੀਤ ਸਿੰਘ ਹਲਕਾ ਪ੍ਰਧਾਨ ਅਜਨਾਲਾ, ਸੁਖਵੰਤ ਸਿੰਘ ਗੱਗੋਮਾਹਾਲ ਜਨਰਲ ਸਕੱਤਰ, ਪ੍ਰਵੇਸ਼ ਸਿੰਘ ਜ਼ਿਲ੍ਹਾ ਵਾਈਸ ਚੇਅਰਮੈਨ, ਕਰਨ ਕੁਮਾਰ ਹਲਕਾ ਵਾਈਸ ਪ੍ਰਧਾਨ, ਅਜੇ ਕੁਮਾਰ ਹਲਕਾ ਜਨਰਲ ਸਕੱਤਰ, ਅੰਕਿਤ ਸ਼ਰਮਾ ਹਲਕਾ ਸਕੱਤਰ, ਰੋਹਿਤ ਹਲਕਾ ਮੈਂਬਰ, ਪੰਡਿਤ ਰਜਿੰਦਰ ਪ੍ਰਸਾਦ ਜ਼ਿਲ੍ਹਾ ਸਕੱਤਰ, ਪੰਡਿਤ ਜੈ ਪ੍ਰਕਾਸ਼ ਸ਼ੁਕਲਾ ਹਲਕਾ ਮੈਂਬਰ, ਜਗਤਾਰ ਸਿੰਘ ਜ਼ਿਲ੍ਹਾ ਯੂਥ ਪ੍ਰਧਾਨ ਅੰਮ੍ਰਿਤਸਰ ਦਿਹਾਤੀ, ਬਲਾਕ ਪ੍ਰਧਾਨ ਰਸ਼ਪਾਲ ਸਿੰਘ, ਹਰਦੀਪ ਸਿੰਘ ਅੱਬੂ ਸੈਦ ਦਫਤਰ ਇੰਚਾਰਜ, ਹਲਕਾ ਵਾਈਸ ਪ੍ਰਧਾਨ ਜਰਨੈਲ ਸਿੰਘ ਬਾਠ ਨਵੇਂ ਅਹੁਦੇਦਾਰ ਸ਼ਾਮਿਲ ਕੀਤੇ ਗਏ।

# ਮੰਗਾਂ ਮੰਨਵਾਉਣ ਲਈ ਸੇਵਾ ਮੁਕਤ ਬੀ ਐੱਸ ਐੱਫ ਜਵਾਨਾਂ ਵੱਲੋਂ ਅਜਲਾਸ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਬੀਐੱਸਐੱਫ ਐਕਸ ਸਰਵਿਸਮੈਨ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਸ਼ਮੀਰ ਸਿੰਘ ਖਤਰਾਏ ਕਲਾਂ, ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਜਸਵੰਤ ਸਿੰਘ ਫਤਿਹਗੜ੍ਹ ਚੂੜੀਆਂ, ਜ਼ਿਲ੍ਹਾ ਤਰਨ ਤਾਰਨ ਪ੍ਰਧਾਨ ਕਸ਼ਮੀਰ ਸਿੰਘ ਅਤੇ ਸੂਬਾ ਜਨਰਲ ਸਕੱਤਰ ਇਕਬਾਲ ਸਿੰਘ ਦੇ ਸਾਂਝੇ ਉਦਮ ਨਾਲ ਜ਼ਿਲ੍ਹਾ ਅੰਮ੍ਰਿਤਸਰ, ਜ਼ਿਲ੍ਹਾ ਗੁਰਦਾਸਪੁਰ, ਜ਼ਿਲ੍ਹਾ ਤਰਨ ਤਾਰਨ, ਜ਼ਿਲ੍ਹਾ ਫਿਰੋਜ਼ਪੁਰ ਅਤੇ ਜ਼ਿਲ੍ਹਾ ਪਠਾਨਕੋਟ ਦੀਆਂ ਜ਼ਿਲ੍ਹਾ ਪੱਧਰੀ ਇਕਾਈਆਂ ਦੇ ਆਗੂਆਂ ਸਮੇਤ ਇਨ੍ਹਾਂ ਜ਼ਿਲ੍ਹਿਆਂ 'ਚੋਂ ਐਸੋਸੀਏਸ਼ਨ ਲਈ ਚੁਣੇ ਹੋਏ ਸੂਬਾਈ ਅਹੁਦੇਦਾਰਾਂ ਦੀ ਸ਼ਮੂਲੀਅਤ ਨਾਲ ਇੱਥੇ ਪ੍ਰਭਾਵਸ਼ਾਲੀ ਅਜਲਾਸ ਕਰਵਾਇਆ ਗਿਆ ਜਿਸ ਵਿੱਚ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਐੱਸਐੱਸ ਗਿੱਲ ਬਤੌਰ ਮੁੱਖ ਮਹਿਮਾਨ ਪੁੱਜੇ।ਇਜਲਾਸ ਨੂੰ ਸੰਬੋਧਨ ਕਰਦਿਆਂ ਸੂਬਾ ਪ੍ਰਧਾਨ ਡਿਪਟੀ ਕਮਾਂਡੈਂਟ (ਰਿਟਾ.) ਐੱਸਐੱਸ ਗਿੱਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇਕ ਰੈਂਕ ਇਕ ਪੈਨਸ਼ਨ, ਮੈਡੀਕਲ ਭੱਤਾ ਵਧਾ ਕੇ 5000 ਰੁਪਏ ਪ੍ਰਤੀ ਮਹੀਨਾ ਕਰਨ, 18 ਮਹੀਨੇ ਦਾ ਬਕਾਇਆ ਡੀਏ ਜਾਰੀ ਕਰਨ, ਕੌਮਾਂਤਰੀ ਸਰਹੱਦ ਜਾਂ ਅੰਦਰੂਨੀ ਗੜਬੜ ਵਾਲੇ ਖੇਤਰਾਂ 'ਚ ਡਿਊਟੀ ਦੌਰਾਨ ਸ਼ਹੀਦ ਹੋਣ ਵਾਲੇ ਬੀਐੱਸਐੱਫ ਜਵਾਨਾਂ ਨੂੰ ਫੌਜ ਦੀ ਤਰਜ਼ ਤੇ ਸ਼ਹੀਦ ਦਾ ਦਰਜਾ ਦਿੱਤੇ ਜਾਣ, ਸੇਵਾ ਮੁਕਤ ਜਵਾਨਾਂ ਦੇ ਮਰਨ ਉਪਰੰਤ ਅੰਤਿਮ ਰਸਮਾਂ ਲਈ ਅਤਿ ਦੀ ਮਹਿੰਗਾਈ 'ਚ 8000 ਰੁਪਏ ਦਿੱਤੀ ਜਾਂਦੀ ਰਾਸ਼ੀ ਨੂੰ ਵਧਾ ਕੇ 20 ਹਜ਼ਾਰ ਰੁਪਏ ਕਰਨ, ਸੇਵਾ ਮੁਕਤ ਬੀਐੱਸਐੱਫ ਜਵਾਨਾਂ ਦੇ ਬੱਚਿਆਂ ਨੂੰ ਪਹਿਲ ਦੇ ਆਧਾਰ ਤੇ ਬੀਐੱਸਐੱਫ 'ਚ ਭਰਤੀ ਕਰਨ, ਸੇਵਾ ਮੁਕਤੀ ਮੌਕੇ ਦਿੱਤੇ ਗਏ 6 ਅੰਕਾਂ ਦੇ ਪੀਪੀਓ ਕਾਰਨ ਕੈਸ਼ਲੈੱਸ ਬੀਮਾ ਸਕੀਮ 'ਚ ਆਉਂਦੀਆਂ ਅੜਚਣਾਂ ਨੂੰ ਦੂਰ ਕਰਨ ਲਈ 12 ਅੰਕਾਂ ਦਾ ਪੀਪੀਓ ਨੰਬਰ ਜਾਰੀ ਕਰਨ, ਸਤਵੇਂ ਪੇਅ ਕਮਿਸ਼ਨ ਦੀਆਂ ਪੀਪੀਓ ਕਾਪੀਆਂ ਸਿੱਧੀਆਂ ਬੈਂਕਾਂ ਰਾਹੀਂ ਜਾਰੀ ਕਰਨ ਆਦਿ ਪਰਵਾਨਿਤ ਕੀਤੀਆਂ ਹੋਈਆਂ ਮੰਗਾਂ ਨੂੰ ਅਜੇ ਤੱਕ ਅਮਲੀ ਜਾਮਾ ਨਾ ਪਹਿਨਾਏ ਜਾਣ ਦੇ ਮੱਦੇਨਜਰ ਬੀਐੱਸਐੱਫ ਸੇਵਾ ਮੁਕਤ ਜਵਾਨਾ 'ਚ ਰੋਸ ਤੇ ਨਿਰਾਸ਼ਾ ਪਾਈ ਜਾ ਰਹੀ ਹੈ।ਸੂਬਾ ਪ੍ਰਧਾਨ ਗਿੱਲ ਨੇ ਐਲਾਨ ਕੀਤਾ ਕਿ ਇਨ੍ਹਾਂ ਲੋਕ ਸਭਾ ਚੋਣਾਂ 'ਚ ਪੰਜਾਬ 'ਚ ਮਾਨਤਾ ਪ੍ਰਾਪਤ ਜਿਹੜੀਆਂ ਰਾਜਸੀ ਪਾਰਟੀਆਂ ਸੇਵਾ ਮੁਕਤ ਬੀਐੱਸਐੱਫ ਜਵਾਨਾਂ ਦੇ ਉਕਤ ਭਖਦੇ ਮੁੱਦਿਆਂ ਨੂੰ ਹੱਲ ਕਰਵਾਉਣ ਦਾ ਭਰੋਸਾ ਦੇਣਗੀਆਂ, ਉਨ੍ਹਾਂ ਰਾਜਸੀ ਪਾਰਟੀਆਂ ਨੂੰ ਹੀ ਚੋਣਾਂ 'ਚ ਹਮਾਇਤ ਦੇਣ ਦਾ ਫੈਸਲਾ ਲਿਆ ਜਾਵੇਗਾ।

# ਅੰਮ੍ਰਿਤਸਰ ਦੇ ਹਵਾਈ ਅੱਡੇ ਦਾ ਵਿਸਥਾਰ, ਸਾਰਕ ਹਸਪਤਾਲ ਤੇ ਏਮਜ਼ ਸਥਾਪਤ ਕਰਨ ਦੀ ਮੰਗ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਅੰਮ੍ਰਿਤਸਰ ਵਿਕਾਸ ਮੰਚ ਦੇ ਆਗੂ ਡਾ. ਚਰਨਜੀਤ ਸਿੰਘ ਗੁਮਟਾਲਾ ਸਰਪ੍ਰਸਤ, ਮਨਮੋਹਣ ਸਿੰਘ ਬਰਾੜ ਸਰਪ੍ਰਸਤ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਸਰਪ੍ਰਸਤ, ਹਰਦੀਪ ਸਿੰਘ ਚਾਹਲ ਸਰਪ੍ਰਸਤ, ਰਾਜਵਿੰਦਰ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ, ਜਤਿੰਦਰਪਾਲ ਸਿੰਘ ਵਿੱਤ ਸਕੱਤਰ, ਡਾ. ਆਰ. ਪੀ. ਐਸ. ਬੇਦੀ, ਯੋਗੇਸ਼ ਕਾਮਰਾ ਸਕੱਤਰ, ਜਸਪਾਲ ਸਿੰਘ, ਕੰਵਲਜੀਤ ਸਿੰਘ ਭਾਟੀਆ ਅਤੇ ਹੋਰ ਆਗੂਆਂ ਨੇ ਇੱਕ ਸਥਾਨਕ ਹੋਟਲ ਵਿੱਚ ਪ੍ਰੈਸ ਕਾਨਫਰੰਸ ਕਰਕੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਪਾਰਲੀਮੈਂਟ ਚੋਣਾਂ ਵਿੱਚ ਹਿੱਸਾ ਲੈ ਰਹੇ ਸਾਰੀਆਂ ਰਾਜਨੀਤਕ ਪਾਰਟੀਆਂ ਦੇ ਉਮੀਦਵਾਰਾਂ ਦੇ ਧਿਆਨ ਵਿੱਚ ਗੁਰੂ ਨਗਰੀ ਅੰਮ੍ਰਿਤਸਰ ਨਾਲ ਸਬੰਧਿਤ ਚਿਰਾਂ ਤੋਂ ਲੰਬਿਤ ਸਮੱਸਿਆਵਾਂ ਲਿਆ ਕੇ ਉਮੀਦਾਂ ਜ਼ਾਹਿਰ ਕੀਤੀਆਂ ਕਿ 2024 ਦੀਆਂ ਲੋਕ ਸਭਾ ਚੋਣਾਂ ਉਪਰੰਤ ਬਤੌਰ ਮੈਂਬਰ ਲੋਕ ਸਭਾ/ਕੇਂਦਰੀ ਮੰਤਰੀ ਹੇਠਾਂ ਵਰਨਣ ਕੀਤੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ ਤੇ ਕਰਕੇ ਅੰਮ੍ਰਿਤਸਰ ਲੋਕ ਸਭਾ ਹਲਕੇ ਦੇ ਵਸਨੀਕਾਂ ਪ੍ਰਤੀ ਵਫ਼ਾਦਾਰੀ ਨਿਭਾਉਣਗੇ।

ਗੁਰੂ ਨਗਰੀ ਅੰਮ੍ਰਿਤਸਰ ਦੇ ਹੱਲ ਕਰਨ ਯੋਗ ਮਹੱਤਵਪੂਰਨ ਮਸਲੇ ਇਹ ਹਨ। ਅੰਮ੍ਰਿਤਸਰ ਖੇਤਰ ਲਈ ਅਹਿਮ ਭਾਰਤ ਦਾ ਪਾਕਿਸਤਾਨ, ਅਫਗਾਨਿਸਤਾਨ ਅਤੇ ਹੋਰ ਮੱਧ ਪੂਰਬੀ ਦੇਸ਼ਾਂ ਨਾਲ ਅਟਾਰੀ ਵਾਘਾ ਸਰਹੱਦ ਰਾਹੀਂ ਆਪਸੀ ਵਿਉਪਾਰ ਮੁੜ ਸ਼ੁਰੂ ਕਰਨ ਲਈ ਨਿਰਣਾਇਕ ਯਤਨ ਕੀਤੇ ਜਾਣ, ਬੇਨਤੀ ਹੈ ਕਿ ਆਪਜੀ ਪੰਜਾਬ ਦੀ ਸਮੁੱਚੀ ਕਿਸਾਨੀ ਲਈ ਵਰਦਾਨ ਸਾਬਿਤ ਹੋਣ ਵਾਲੇ ਪੋਸਟ ਗਰੈਜੂਏਟ ਇੰਸਟੀਚਿਊਟ ਆਫ ਹੌਰਟੀਕਲਚਰ ਰੀਸਰਚ ਐਂਡ ਐਜੂਕੇਸ਼ਨ ਅੰਮ੍ਰਿਤਸਰ ਲਈ ਜ਼ਮੀਨ ਦੀ ਖਰੀਦ ਲਈ ਕੇਂਦਰ ਸਰਕਾਰ ਪਾਸੋਂ ਲੋੜੀਂਦਾ ਬਜਟ ਪ੍ਰਵਾਨ ਕਰਾਉਣ ਲਈ ਸੁਹਿਰਦ ਯਤਨ ਕਰੋਗੇ ਕਿਉਂਕਿ ਪੰਜਾਬ ਸਰਕਾਰ ਇਸ ਕੇਂਦਰੀ ਬਾਗ਼ਬਾਨੀ ਖੋਜ ਸੰਸਥਾਨ ਲਈ ਜ਼ਮੀਨ ਖਰੀਦਣ ਲਈ ਤਿਆਰ ਨਹੀਂ ਜਾਪਦੀ, ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਟਰਮੀਨਲ ਦੇ ਵਿਸਤਾਰ ਲਈ ਲੋੜੀਂਦੀ ਪ੍ਰਵਾਨਗੀ ਅਤੇ ਬਜਟ ਪ੍ਰਾਪਤ ਕਰਨ ਲਈ ਸੁਹਿਰਦ ਯਤਨ ਕੀਤੇ ਜਾਣ, ਕੇਂਦਰੀ ਸਰਕਾਰ ਵੱਲੋਂ ਅੰਮ੍ਰਿਤਸਰ ਵਿੱਚ ਏਮਜ਼ (ਆਲ ਇੰਡੀਆ ਇਨਸਟੀਚਿਊਟ ਆਫ਼ ਮੈਡੀਕਲ ਸਾਇੰਸਜ਼) ਤੇ ਅੰਮ੍ਰਿਤਸਰ ਵਿੱਚ ਪ੍ਰਵਾਨ ਕੀਤੇ ਸਾਰਕ ਹਸਪਤਾਲ ਦੀ ਸਥਾਪਨਾ ਸਥਾਪਿਤ ਕਰਵਾਉਣ ਲਈ ਨਿਰਣਾਇਕ ਯਤਨ ਕੀਤੇ ਜਾਣ, ਪੱਟੀ-ਮੱਖੂ ਰੇਲ ਲਿੰਕ ਲਈ ਜ਼ਮੀਨ ਖਰੀਦਣ ਲਈ ਕੇਂਦਰ ਸਰਕਾਰ ਪਾਸੋਂ ਲੋੜੀਂਦਾ ਬਜਟ ਪ੍ਰਵਾਨ ਕਰਾਉਣ ਲਈ ਵੱਲੋਂ ਨਿਰਣਾਇਕ ਯਤਨ ਕੀਤੇ ਜਾਣ, ਕਿਉਂਕਿ ਪੰਜਾਬ ਸਰਕਾਰ ਇਸ ਰੇਲ ਪ੍ਰੋਜੈਕਟ ਲਈ ਜ਼ਮੀਨ ਖਰੀਦਣ ਲਈ ਬਜਟ ਪ੍ਰਵਾਨ ਕਰਦੀ ਜਾਪਦੀ ਨਹੀਂ, ਪਹਾੜੀ ਰਾਜਾਂ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਦੀ ਤਰਜ਼ ਤੇ ਪੰਜਾਬ ਦੇ ਅੰਮ੍ਰਿਤਸਰ ਸਮੇਤ ਸਰਹੱਦੀ ਜ਼ਿਲਿਆਂ ਵਿੱਚ ਸਥਾਪਿਤ ਉਦਯੋਗਾਂ ਲਈ ਕੇਂਦਰੀ ਸਰਕਾਰ ਪਾਸੋਂ ਟੈਕਸ ਰਿਆਇਤਾਂ ਪ੍ਰਾਪਤ ਕੀਤੀਆਂ ਜਾਣ, ਅੰਮ੍ਰਿਤਸਰ ਵਿੱਚ ਸਥਾਪਿਤ ਹੋ ਚੁੱਕੇ ਸਾਫ਼ਟਵੇਰ ਟੈਕਨਾਲੋਜੀ ਪਾਰਕ ਆਫ਼ ਇੰਡੀਆ ਨੂੰ ਪੂਰੀ ਸਮਰੱਥਾ ਨਾਲ ਚਲਾਉਣ ਲਈ ਅੰਤਰਰਾਸ਼ਟਰੀ ਕੰਪਨੀਆਂ ਜਿਵੇਂ ਇਨਫਰਮੇਸ਼ਨ ਟੈਕਨਾਲਾਓਜੀ ਪਾਰਕ ਆਫ਼ ਇੰਡੀਆ ਨੂੰ ਅੰਮ੍ਰਿਤਸਰ ਸਥਾਪਿਤ ਕਰਨ ਲਈ ਨਿੱਗਰ ਉਪਰਾਲੇ ਕੀਤੇ ਜਾਣ, ਅੰਮ੍ਰਿਤਸਰ ਵਿਖੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦਾ ਇੱਕ ਬੈਂਚ ਅੰਮ੍ਰਿਤਸਰ ਵਿਖੇ ਸਥਾਪਿਤ ਕੀਤਾ ਜਾਵੇ, ਪੰਜਾਬ ਵਿਧਾਨ ਸਭਾ ਦੇ ਕੁਝ ਸੈਸ਼ਨ ਅੰਮ੍ਰਿਤਸਰ ਵਿਖੇ ਬਲਾਉਣ ਲਈ ਅਧਿਕਾਰਤ ਪੱਧਰ ਤੇ ਠੋਸ ਉਪਰਾਲੇ ਕੀਤੇ ਜਾਣ, ਘਰਿੰਡਾ (ਅੰਮ੍ਰਿਤਸਰ-ਅਟਾਰੀ ਮੁੱਖ ਸੜਕ ਜ਼ਿਲ੍ਹਾ ਅੰਮ੍ਰਿਤਸਰ ਤੇ ਸਥਿਤ) ਵਿਖੇ ਉਸਾਰੀ ਅਧੀਨ ਰੇਡੀਓ ਟਾਵਰ ਅਤੇ ਸਟੂਡੀਓ ਪੂਰੀ ਸਮਰੱਥਾ ਨਾਲ ਚਲਾਉਣ ਲਈ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਪਾਸੋਂ ਆਪਜੀ ਵੱਲੋਂ ਸਾਰੀਆਂ ਪ੍ਰਵਾਨਗੀਆਂ ਹਾਸਲ ਕਰਨ ਲਈ ਪ੍ਰਭਾਵੀ ਯਤਨ ਕੀਤੇ ਜਾਣ ਤੇ ਸਿਫ਼ਤੀ ਦੇ ਘਰ ਅੰਮ੍ਰਿਤਸਰ ਦੀਆਂ ਸਥਾਨਿਕ ਸਮੱਸਿਆਵਾਂ ਮਸਲਨ ਤੁੰਗ ਢਾਬ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ, ਭਗਤਾਂਵਾਲਾ ਕੂੜਾ ਡੰਪ ਸ਼ਹਿਰ ਵਿੱਚੋਂ ਬਾਹਰ ਕੱਢਣ, ਅੰਮ੍ਰਿਤਸਰ ਵਿੱਚ ਬੀ.ਆਰ.ਟੀ.ਐਸ.ਬੱਸ ਸੇਵਾ ਮੁੜ ਸ਼ੁਰੂ ਕਰਨ, ਬਹੁ-ਮੰਤਵੀ ਕਨਵੈਨਸ਼ਨ ਅਤੇ ਐਗਜ਼ੀਬਿਸ਼ਨ ਸੈਂਟਰ ਦੀ ਸਥਾਪਨਾ, ਬਹੁ-ਮੰਤਵੀ ਸਪੋਰਟਸ ਕੰਪਲੈਕਸ ਦੀ ਉਸਾਰੀ, ਫੂਡ ਪ੍ਰੋਸੈਸਿੰਗ ਉਦਯੋਗ ਸਥਾਪਿਤ ਕਰਨ, ਵੈਂਡਿੰਗ ਜੋਨ ਸਥਾਪਿਤ ਕਰਕੇ ਸੜਕਾਂ ਫੁੱਟਪਾਥਾਂ ਤੋਂ ਰੇੜ੍ਹੀਆਂ ਆਦਿ ਹਟਾਉਣ, ਅੰਮ੍ਰਿਤਸਰ ਦੀ ਸਫ਼ਾਈ ਦੀ ਬੁਰੀ ਹਾਲਤ ਸੁਧਾਰਨ ਲਈ,ਆਮ ਸ਼ਹਿਰੀਆਂ ਅਤੇ ਖਾਸ ਕਰਕੇ ਯਾਤਰੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ,ਸ੍ਰੀ ਹਰਿਮੰਦਰ ਸਾਹਿਬ ਦੇ ਵਿਰਾਸਤੀ ਮਾਰਗ ਤੋਂ ਨਜਾਇਜ਼ ਵਿਅਕਤੀਆਂ ਅਤੇ ਕਬਜ਼ਿਆਂ ਤੋਂ ਪੂਰੀ ਤਰ੍ਹਾਂ ਮੁਕਤ ਕਰਾਉਣ, ਸ਼ਹਿਰ ਵਿੱਚ ਅਮਨ ਕਾਨੂੰਨ ਅਤੇ ਟਰੈਫਿਕ ਸਮੱਸਿਆ ਦਾ ਹੱਲ ਕਰਨ, ਯਾਤਰੀਆਂ ਲਈ ਘੱਟ ਤੋਂ ਘੱਟ 5000 ਕਾਰਾਂ ਦੀ ਪਾਰਕਿੰਗ ਦਾ ਇੰਤਜ਼ਾਮ ਕਰਨ, ਸ਼ਹਿਰ ਨੂੰ ਹਰਿਆ ਭਰਿਆ ਬਣਾਉਣ ਆਦਿ ਲਈ ਆਪਜੀ ਵੱਲੋਂ ਸਫ਼ਲ ਯਤਨ ਕੀਤੇ ਜਾਣ।



# ਹੋਣਹਾਰ ਵਿਦਿਆਰਥੀਆਂ ਦਾ ਸਨਮਾਨ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ)-** ਗੁਰੂ ਨਾਨਕ ਮਿਸ਼ਨ ਹਸਪਤਾਲ ਟਰੱਸਟ ਜਲੰਧਰ ਅਧੀਨ ਚੱਲ ਰਹੇ ਗੁਰੂ ਨਾਨਕ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਝਾਵਾਂ ਵਿਖੇ ਹੋਏ ਇਕ ਸਮਾਗਮ ਵਿੱਚ ਬਾਰ੍ਹਵੀਂ ਅਤੇ ਅੱਠਵੀਂ ਕਲਾਸ ਦੇ ਨਤੀਜੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਸਕੂਲ ਦੇ ਵਿਦਿਆਰਥੀਆਂ ਨੂੰ ਸਕੂਲ ਮੈਨੇਜਮੈਂਟ ਵੱਲੋਂ ਯਾਦਗਾਰੀ ਚਿੰਨ ਭੇਟ ਕਰਨ ਦੇ ਨਾਲ-ਨਾਲ ਵਿੱਤੀ ਸਹਾਇਤਾ ਦੇ ਕੇ ਸਨਮਾਨ ਕੀਤਾ ਗਿਆ। ਪ੍ਰਿੰਸੀਪਲ ਰਜਿੰਦਰ ਕੁਮਾਰੀ ਦੀ ਅਗਵਾਈ ਵਿੱਚ ਹੋਏ ਇਸ ਸਮਾਗਮ ਦੌਰਾਨ ਸਕੂਲ ਮੈਨੇਜਰ ਬਲਵੀਰ ਸਿੰਘ ਨੇ ਬਾਰ੍ਹਵੀਂ ਕਲਾਸ ਦੇ ਨਤੀਜੇ ਵਿੱਚ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕਰਨ ਵਾਲੇ ਹਰਮਨ ਸੈਣੀ, ਪਰਮਬੀਰ ਸਿੰਘ, ਰਮਨ ਸੈਣੀ, ਰੋਹਿਤ ਕੁਮਾਰ, ਜਸਮੀਨ ਕੌਰ, ਹਰਤੇਗਵੀਰ ਸਿੰਘ, ਰੋਹਿਤ ਸੈਣੀ, ਹਰਸਿਮਰਨ ਕੌਰ, ਸੋਨੀਆ ਅਤੇ ਪਰਨੀਤ ਕੌਰ ਨੂੰ ਯਾਦਗਾਰੀ ਚਿੰਨ ਅਤੇ ਹਜ਼ਾਰ ਰੁਪਏ ਪ੍ਰਤੀ ਵਿਦਿਆਰਥੀ ਇਸੇ ਤਰ੍ਹਾਂ ਹੀ ਅੱਠਵੀਂ ਕਲਾਸ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਚੋਂ ਪਹਿਲੇ ਦੂਸਰੇ ਤੇ ਤੀਸਰੇ ਸਥਾਨ ਤੇ ਰਹੀ ਗੁਰਲੀਨ ਕੌਰ, ਲਵਜੀਤ ਕੌਰ ਤੇ ਗੁਰਵੀਰ ਕੌਰ ਨੂੰ ਵੀ ਯਾਦਗਾਰੀ ਚਿੰਨ੍ਹ ਅਤੇ ਇਕ ਹਜ਼ਾਰ ਰੁਪਏ ਦਿੱਤੇ ਗਏ। ਇਸ ਤੋਂ ਇਲਾਵਾ ਬਾਰ੍ਹਵੀਂ ਕਲਾਸ ਦੀਆਂ ਦੋ ਜੁੜਵਾਂ ਭੈਣਾਂ ਜਿਨ੍ਹਾਂ ਨੇ ਆਪਣੀ ਪਿਤਾ ਦੀ ਮੌਤ ਦੇ ਬਾਵਜੂਦ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਦੇ ਹੋਏ ਸਮੁੱਚੇ ਸਕੂਲ 'ਚੋਂ ਤੀਸਰਾ ਸਥਾਨ ਹਾਸਲ ਕੀਤਾ।ਮੈਨੇਜਰ ਬਲਵੀਰ ਸਿੰਘ ਵੱਲੋਂ 5-5 ਹਜ਼ਾਰ ਰੁਪਏ ਦੇ ਕੇ ਸਨਮਾਨ ਕੀਤਾ ਗਿਆ।ਇਸ ਮੌਕੇ ਮੈਨੇਜਰ ਬਲਵੀਰ ਸਿੰਘ ਤੇ ਪ੍ਰਿੰਸੀਪਲ ਰਜਿੰਦਰ ਕੁਮਾਰੀ ਨੇ ਇਹਨਾਂ ਸਾਰੇ ਹੀ ਹੋਣਹਾਰ ਵਿਦਿਆਰਥੀਆਂ ਗੁਰੂ ਨਾਨਕ ਮਿਸ਼ਨ ਹਸਪਤਾਲ ਟਰਸਟ ਜਲੰਧਰ ਦੇ ਪ੍ਰਧਾਨ ਗੁਰਬਖਸ਼ ਸਿੰਘ ਜੁਨੇਜਾ ਵੱਲੋਂ ਮੁਬਾਰਕਬਾਦ ਦਿੰਦੇ ਹੋਏ ਵਿਦਿਆਰਥੀਆਂ ਦੇ ਬਿਹਤਰ ਭਵਿੱਖ ਦੀ ਕਾਮਨਾ ਕੀਤੀ ਅਤੇ ਹੋਰਨਾ ਵਿਦਿਆਰਥੀਆਂ ਨੂੰ ਇਹਨਾਂ ਵਿਦਿਆਰਥੀਆਂ ਤੋਂ ਪ੍ਰੇਰਨਾ ਲਈ ਕਿਹਾ।ਸਕੂਲ ਮੈਨੇਜਮੈਂਟ ਨੇ ਵਿਦਿਆਰਥੀਆਂ ਦੇ ਮਾਤਾ-ਪਿਤਾ ਨੂੰ ਵੀ ਮੁਬਾਰਕਬਾਦ ਦਿੱਤੀ।ਇਸ ਮੌਕੇ ਨਵਦੀਪ ਕੌਰ, ਅੰਜਲੀ ਸੈਣੀ, ਸਾਈਨਾ, ਮਨਪ੍ਰੀਤ ਕੌਰ ਅੰਬਾਲਾ, ਮਨਜੋਤੀ, ਗੁਰਜੀਤ ਕੌਰ, ਜਤਿੰਦਰਜੀਤ ਕੌਰ, ਰਜਵੰਤ ਕੌਰ, ਨਿਰਮਲ ਕੌਰ ਵੀ ਹਾਜ਼ਰ ਸਨ।

## ਸ੍ਰੀ ਅਨੰਦਪੁਰ ਸਾਹਿਬ 'ਚ ਆਮ ਆਦਮੀ ਪਾਰਟੀ ਦੀ ਹੀ ਜਿੱਤ ਹੋਵੇਗੀ : ਤਰੁਣ ਅਰੋੜਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-** ਪੰਜਾਬ ਸਰਕਾਰ 13 ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰ ਰਹੀ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਆਮ ਲੋਕਾਂ ਦੀ ਆਵਾਜ਼ ਨੂੰ ਲੋਕ ਸਭਾ ਵਿੱਚ ਬੁਲੰਦ ਕਰੇਗੀ। ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਵਿਧਾਇਕ ਅਤੇ ਡਿਪਟੀ ਸਪੀਕਰ ਪੰਜਾਬ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਤੋਂ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਹੋਵੇਗੀ। ਲੋਕ ਸਭਾ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਾਰਟੀ ਦੇ ਸੀਨੀਅਰ ਆਗੂ ਤਰੁਣ ਅਰੋੜਾ ਪ੍ਰਧਾਨ ਪੰਜਾਬ ਅਰੋੜਾ ਵੰਸ਼ ਮਹਾਂਸਭਾ ਪੰਜਾਬ ਨੇ ਪ੍ਰੈੱਸ ਨੋਟ ਰਾਹੀਂ ਦੱਸਿਆ ਕਿ ਪੰਜਾਬ ਸਰਕਾਰ ਨੇ ਪੰਜਾਬ ਦੇ ਲੋਕਾਂ ਦੇ 600 ਮਿੰਟ ਦੇ ਬਿਜਲੀ ਬਿੱਲ ਮੁਆਫ ਕਰ ਦਿੱਤੇ ਹਨ। ਇਸ ਦਾ ਲਾਭ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ 'ਚ ਪਿਛਲੇ 2 ਸਾਲਾਂ 'ਚ ਵਿਧਾਇਕ ਜੈ ਕ੍ਰਿਸ਼ਨ ਸਿੰਘ ਰੋੜੀ ਨੇ ਵੱਡੇ-ਵੱਡੇ ਕੰਮ ਕੀਤੇ ਹਨ। ਜੈ ਕ੍ਰਿਸ਼ਨ ਰੋੜੀ ਨੇ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਵਿੱਚ ਲੰਮੇ ਸਮੇਂ ਤੋਂ ਕੰਮ ਕੀਤੇ ਹਨਉਂ ਹੁਣ ਤੱਕ ਆਮ ਆਦਮੀ ਪਾਰਟੀ ਵੱਲੋਂ ਕੀਤੇ ਵਾਅਦੇ ਪੂਰੇ ਕੀਤੇ ਜਾ ਸਕਦੇ ਹਨ। ਸ੍ਰੀ ਅਨੰਦਪੁਰ ਸਾਹਿਬ ਤੋਂ ਮਾਲਵਿੰਦਰ ਕੰਗ ਦੀ ਜਿੱਤ ਯਕੀਨੀ ਹੈ। ਉਨ੍ਹਾਂ ਕਿਹਾ ਕਿ ਇੱਥੇ ਪੂਰੇ ਪੰਜਾਬ ਵਿੱਚ ਆਮ ਆਦਮੀ ਪਾਰਟੀ ਜਿੱਤਣ ਜਾ ਰਹੀ ਹੈ ਅਤੇ ਸ੍ਰੀ ਅਨੰਦਪੁਰ ਸਾਹਿਬ ਵਿੱਚ ਵੀ ਆਮ ਆਦਮੀ ਪਾਰਟੀ ਦੀ ਹੀ ਜਿੱਤ ਹੋਵੇਗੀ।

# ਵਿਜੈਇੰਦਰ ਸਿੰਗਲਾ ਦੇ ਹੱਕ 'ਚ ਬੰਗਾ ਵਿਖੇ ਭਾਰੀ ਇਕੱਠ ਹੋਇਆ



**ਬੰਗਾ (ਅਵਤਾਰ ਕਲੇਰ)** ਲੋਕ ਸਭਾ ਹਲਕਾ ਸ੍ਰੀ ਆਨੰਦਪੁਰ ਸਾਹਿਬ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਵਿਜੈਇੰਦਰ ਸਿੰਗਲਾ ਦੇ ਹੱਕ ਵਿੱਚ ਅਨਮੋਲ ਪੈਲੇਸ ਬੰਗਾ ਵਿਖੇ ਵੱਡਾ ਇਕੱਠ ਕੀਤਾ ਗਿਆ।ਇਕੱਠ ਨੂੰ ਸੰਬੋਧਨ ਕਰਦਿਆਂ ਵਿਜੈਇੰਦਰ ਸਿੰਗਲਾ ਨੇ ਕਿਹਾ ਕਿ ਕੇਂਦਰ ਵਿੱਚ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਤੇ ਹਰ ਪੜ੍ਹੇ ਲਿਖੇ ਨੌਜਵਾਨਾਂ ਨੂੰ 1 ਲੱਖ ਰੁਪਏ ਦੀ ਸਾਲਾਨਾ ਅਪ੍ਰੈਂਟਸਸ਼ਿਪ ਦਾ ਅਧਿਕਾਰ ਮਿਲੇਗਾ।ਖਾਲੀ ਅਸਾਮੀਆਂ ਭਰੀਆਂ ਜਾਣਗੀਆਂ। ਹਰ ਗਰੀਬ ਪਰਵਾਰ ਦੀ ਇੱਕ ਔਰਤ ਨੂੰ 1 ਲੱਖ ਰੁਪਏ ਸਾਲਾਨਾ ਵਿੱਤੀ ਮੱਦਦ ਦਿੱਤੀ ਜਾਵੇਗੀ। ਆਸ਼ਾ, ਮਿਡ ਡੇ ਮੀਲ ਅਤੇ ਆਂਗਣਵਾੜੀ ਵਰਕਰਾਂ ਨੂੰ ਜ਼ਿਆਦਾ ਤਨਖਾਹ ਦਿੱਤੀ ਜਾਵੇਗੀ।ਮਨਰੇਗਾ ਦੀ ਘੱਟੋ ਘੱਟ ਦਿਹਾੜੀ 400 ਰੁਪਏ ਦਿੱਤੀ ਜਾਵੇਗੀ।ਅੱਜ ਸਾਡੇ ਦੇਸ਼ ਦੇ ਲੋਕ ਮੋਦੀ ਸਰਕਾਰ ਦੀਆਂ ਵਧੀਕੀਆਂ ਤੋਂ ਤੰਗ ਆ ਚੁੱਕੇ ਹਨ। ਇਹਨਾਂ ਵਧੀਕੀਆਂ ਦਾ ਜਵਾਬ ਲੋਕ ਵੋਟਾਂ ਰਾਹੀਂ ਦੇਣਗੇ।ਉਹਨਾਂ ਕਿਹਾ ਕਿ ਹਿੰਦੋਸਤਾਨ ਨੂੰ ਬਚਾਉਣ ਲਈ , ਸੰਵਿਧਾਨ ਨੂੰ ਬਚਾਉਣ ਲਈ ਕਾਂਗਰਸ ਪਾਰਟੀ ਨੂੰ ਵੋਟਾਂ ਪਾਓ ਤਾਂ ਜੋ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਬਣ ਸਕੇ।ਸਾਬਕਾ ਵਿਧਾਇਕ ਚੌਧਰੀ ਤਰਲੋਚਨ ਸਿੰਘ ਸੂੰਢ ਨੇ ਵਿਜੈਇੰਦਰ ਸਿੰਗਲਾ ਅਤੇ ਪਾਰਟੀ ਵਰਕਰਾਂ ਦਾ ਧੰਨਵਾਦ ਕੀਤਾ। ਉਨ੍ਹਾਂ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਆਪਣਾ-ਆਪਣਾ ਪਿੰਡ ਅਤੇ ਆਪਣੇ-ਆਪਣੇ ਬੂਥ ਤੇ ਪਹਿਰਾ ਦੇਈਏ ਤਾਂ ਜੋ ਇੱਕ ਇੱਕ ਵੋਟ ਕਾਂਗਰਸ ਪਾਰਟੀ ਦੇ ਹੱਕ ਚ ਭੁਗਤਾ ਸਕੀਏ। ਸਤਵੀਰ ਸਿੰਘ ਪੱਲੀ ਝਿੱਕੀ, ਡਾ ਹਰਪ੍ਰੀਤ ਸਿੰਘ ਕੈਂਥ, ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਰਜਿੰਦਰ ਸ਼ਰਮਾ, ਸੋਖੀ ਰਾਮ ਬਿੰਜੋਂ , ਹਰਭਜਨ ਸਿੰਘ ਭਰੋਲੀ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਅਮਰਜੀਤ ਕਲਸੀ, ਕੁਲਵਰਨ ਸਿੰਘ ਥਾਂਦੀਆ, ਰਾਮ ਦਾਸ ਸਿੰਘ, ਜੁਝਾਰ ਸਿੰਘ ਔੜ, ਗੁਰਦੇਵ ਸਿੰਘ, ਪਰਵਿੰਦਰ ਸਿੰਘ ਸਰਪੰਚ ਬਹੂਆਂ, ਪਰਮਿੰਦਰ ਛਾਬੜਾ, ਯੋਗੇਸ਼ ਸ਼ਰਮਾ, ਜਸਵਿੰਦਰ ਮੱਟੂ, ਰਾਕੇਸ਼ ਕੁਮਾਰ, ਸੁਖਦੇਵ ਸਿੰਘ ਚੇਤਾ, ਅਮਨਦੀਪ ਸਿੰਘ ਮੇਹਲੀ , ਦਰਵਜੀਤ ਸਿੰਘ ਪੂਨੀਆਂ ਆਦਿ ਹਾਜ਼ਰ ਸਨ।

## ਲਾਇਨਜ਼ ਪਬਲਿਕ ਸਕੂਲ ਨੂਰਪੁਰ ਚੱਠਾ ਦਾ ਨਤੀਜਾ ਸ਼ਾਨਦਾਰ

**ਕਾਲਾ ਸੰਘਿਆਂ (ਮਨਜੀਤ ਮਾਨ)-** ਲਾਇਨਜ਼ ਪਬਲਿਕ ਸਕੂਲ ਨੂਰਪੁਰ ਚੱਠਾ ਦਾ ਅੱਠਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ । ਸਕੂਲ ਪ੍ਰਿੰਸੀਪਲ ਲਵਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਅੱਠਵੀਂ ਜਮਾਤ ਦੀ ਪ੍ਰੀਖਿਆ 'ਚ ਸਕੂਲ ਦੇ ਸਾਰੇ ਵਿਦਿਆਰਥੀ ਪਹਿਲੇ ਦਰਜੇ 'ਚ ਪਾਸ ਹੋਏ ਹਨ ।ਨਵਦੀਪ ਕੌਰ ਨੇ 600/ 553 ਅੰਕ 92% ਨੰਬਰ ਲੈ ਕੇ ਸਕੂਲ ਵਿੱਚ ਪਹਿਲਾ, ਅੰਤਰਾ ਨੇ 90 ਪ੍ਰਤੀਸ਼ਤ ਨੰਬਰ ਲੈ ਕੇ ਦੂਸਰਾ, ਜਸਲੀਨ ਕੌਰ ਨੇ (89.6 ਪ੍ਰਤੀਸ਼ਤ) ਨੰਬਰ ਪ੍ਰਾਪਤ ਕਰਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਅਤੇ ਹਰਮਨਜੋਤ ਸਿੰਘ ਨੇ 85 ਪ੍ਰਤੀਸ਼ਤ ਨੰਬਰ ਲੈ ਕੇ ਚੌਥਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਮੈਨੇਜਿੰਗ ਡਾਇਰੈਕਟਰ ਲਾਲੀ ਸੋਖੀ, ਪ੍ਰਿੰਸੀਪਲ ਲਵਪ੍ਰੀਤ ਸਿੰਘ ਗਿੱਲ ਤੇ ਵਾਇਸ ਪ੍ਰਿੰਸੀਪਲ ਰੇਨੂਕਾ ਨੇ ਸਾਰੇ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ-ਪਿਤਾ ਅਤੇ ਸਕੂਲ ਸਟਾਫ ਨੂੰ ਵਧਾਈ ਦਿੱਤੀ।

# ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਨਾਲ ਯੂਥ ਵਰਕਰ ਚਟਾਨ ਵਾਂਗ ਖੜ੍ਹਾ : ਸੋਨੀ ਸੰਘਾ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)-**ਲੋਕ ਸਭਾ ਹੁਸ਼ਿਆਰਪੁਰ ਦੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਨੇ ਹਲਕਾ ਚੱਬੇਵਾਲ ਦੇ ਵੱਖ ਵੱਖ ਪਿੰਡਾਂ ਵਿਚ ਚੋਣ ਪ੍ਰਚਾਰ ਤਹਿਤ ਤੂਫਾਨੀ ਦੌਰਾ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਬਾਦਲ ਲੋਕ ਸਭਾ ਹੁਸ਼ਿਆਰਪੁਰ ਦੇ ਉਮੀਦਵਾਰ ਸੋਹਣ ਸਿੰਘ ਠੰਡਲ ਨੇ ਪਿੰਡ ਰਾਜਪੁਰ ਭਾਈਆਂ ਵਿਖੇ ਚੋਣ ਪ੍ਰਚਾਰ ਤਹਿਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਹਲਕਾ ਚੱਬੇਵਾਲ ਦੇ ਸਮੂਹ ਪਿੰਡਾਂ ਵਿੱਚ ਲੋਕਾਂ ਦਾ ਭਾਰੀ ਸਮਰਥਨ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨੇ ਹਮੇਸ਼ਾ ਪੰਜਾਬ ਦਾ ਭਲਾ ਹੀ ਕੀਤਾ ਹੈ। ਉਨ੍ਹਾਂ ਦੱਸਿਆ ਕਿ ਹਲਕਾ ਹੁਸ਼ਿਆਰਪੁਰ ਦੇ ਵੱਖ ਵੱਖ ਇਲਾਕਿਆਂ ਵਿਚ ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮਿਸ਼ਨ 2024 ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਾਰੇ ਉਮੀਦਵਾਰ ਸ਼ਾਨਦਾਰ ਜਿੱਤ ਹਾਸਲ ਕਰਨਗੇ। ਇਸ ਮੌਕੇ ਅਵਤਾਰ ਸਿੰਘ ਸੋਨੀ ਸੰਘਾ ਰਾਜਪੁਰ ਭਾਈਆਂ ਅਤੇ ਸਮੂਹ ਵਰਕਰਾਂ ਵੱਲੋਂ ਸੋਹਣ ਸਿੰਘ ਠੰਡਲ ਉਮੀਦਵਾਰ ਸ਼੍ਰੋਮਣੀ ਅਕਾਲੀ ਦਲ ਲੋਕ ਸਭਾ ਹੁਸ਼ਿਆਰਪੁਰ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੰਜੀਵ ਤਲਵਾੜ, ਨੀਤੀ ਤਲਵਾੜ, ਬੀਬੀ ਬਲਵੀਰ ਕੌਰ ਠੰਡਲ, ਬੀਬੀ ਹਰਜਿੰਦਰ ਕੌਰ ਠੰਡਲ ਸੋਨੂੰ ਠੰਡਲ, ਰਵਿੰਦਰ ਸਿੰਘ ਠੰਡਲ ਮੈਂਬਰ ਕੋਰ ਕਮੇਟੀ ਯੂਥ ਅਕਾਲੀ ਦਲ, ਅਰਮਿੰਦਰ ਸਿੰਘ ਹੁਸੈਨਪੁਰ ਸ਼ਹਿਰੀ ਪ੍ਰਧਾਨ ਯੂਥ ਵਿੰਗ, ਇੰਦਰਜੀਤ ਸਿੰਘ ਕੰਗ ਦਿਹਾਤੀ ਪ੍ਰਧਾਨ ਯੂਥ ਵਿੰਗ, ਬਲਰਾਜ ਸਿੰਘ ਚੌਹਾਨ, ਜਥੇਦਾਰ ਹਰਜਾਪ ਸਿੰਘ ਮੱਖਣ ਰਾਜਪੁਰ ਭਾਈਆਂ, ਜਸਵੀਰ ਸਿੰਘ ਜੱਸ ਹੇੜੀਆ, ਜੋਗਿੰਦਰ ਸਿੰਘ ਸੰਘਾ, ਅਵਤਾਰ ਸਿੰਘ ਸੰਘਾ, ਸਰਬਜੀਤ ਸਿੰਘ ਸਾਬਾ, ਜੱਸ ਸੰਘਾ, ਅਮ੍ਰਿਤਪਾਲ ਸਿੰਘ ਸੰਘਾ, ਗੁਰਸੇਵਕ ਸਿੰਘ ਸੰਘਾ, ਮਨਜਿੰਦਰ ਸਿੰਘ ਸੰਘਾ, ਹਰਮੀਤ ਸਿੰਘ ਸੰਘਾ, ਪਰਵਿੰਦਰ ਸਿੰਘ ਸੰਘਾ, ਸਾਬਕਾ ਸਰਪੰਚ ਜਸਵੀਰ ਸਿੰਘ ਸੰਘਾ, ਹਰਜਾਪ ਸਿੰਘ ਮੱਖਣ, ਸਾਬਕਾ ਸਰਪੰਚ ਤਰਸੇਮ ਸਿੰਘ ਡਾਂਡੀਆਂ, ਮਨਜੀਤ ਸਿੰਘ ਸੰਘਾ, ਜਸਵੀਰ ਸਿੰਘ ਜੱਸ ਹੇੜੀਆਂ, ਕਮਲਜੀਤ ਸਿੰਘ ਬੱਡਲਾ, ਗੁਰਪ੍ਰੀਤ ਸਿੰਘ ਡਾਂਡੀਆਂ, ਦੀਪਾ ਨੰਗਲ, ਮਨਦੀਪ ਸਿੰਘ ਸੈਦਪੁਰ, ਗਗਨ ਜਿਆਣ, ਬਲਜਿੰਦਰ ਸਿੰਘ ਗਿੱਲ, ਸਰਪੰਚ ਸੋਹਣ ਸਿੰਘ ਹੁੱਕੜਾ, ਦੀਪਕ ਅਰੋੜਾ, ਪਲਵਿੰਦਰ ਰੂਪੋਵਾਲ, ਕਰਨਜੀਤ ਸਿੰਘ ਰਿੱਕੀ ਸਿਬਲੀ, ਰਵੀ ਮੇਹਟੀਆਣਾ, ਜਸਵਿੰਦਰ ਸਿੰਘ ਪੰਚ, ਮੁਖਤਿਆਰ ਸਿੰਘ ਰਾਜਪੁਰ ਭਾਈਆਂ, ਨੰਬਰਦਾਰ ਗੁਰਵਿੰਦਰ ਸਿੰਘ ਤਾਜੋਵਾਲ ਆਦਿ ਹਾਜ਼ਰ ਸਨ।

## ਤਰਕਸ਼ੀਲ ਸੁਸਾਇਟੀ ਜਲੰਧਰ ਜ਼ੋਨ ਦੀ ਮੀਟਿੰਗ

**ਜਲੰਧਰ: (ਕੇਸਰ)** ਤਰਕਸ਼ੀਲ ਸੁਸਾਇਟੀ ਜਲੰਧਰ ਜੋਨ ਦੀ ਇੱਕ ਮੀਟਿੰਗ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜੋਨ ਪ੍ਰਧਾਨ ਸੁਰਜੀਤ ਟਿੱਬਾ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਦੀ ਸ਼ੁਰੂਆਤ 'ਚ ਸਾਬਕਾ ਜੋਨ ਪ੍ਰਧਾਨ ਸੁਖਦੇਵ ਫਗਵਾੜਾ ਦੀ ਧਰਮ ਪਤਨੀ ਹਰਬੰਸ ਕੌਰ ਦੀ ਬੇਵਕਤੀ ਮੌਤ 'ਤੇ ਸੁਸਾਇਟੀ ਨੇ ਸਾਥੀ ਦੇ ਪਰਵਾਰ ਨੂੰ ਹਮਦਰਦੀ ਅਤੇ ਦੁੱਖ ਦਾ ਇਜ਼ਹਾਰ ਕੀਤਾ।ਸੋਸ਼ਲ ਮੀਡੀਆ ਦੀ ਅਹਿਮੀਅਤ ਨੂੰ ਧਿਆਨ ਵਿੱਚ ਰਖਦੇ ਹੋਏ ਸਾਥੀ ਤਰਕਸ਼ੀਲਤਾ ਨਾਲ ਸਬੰਧਿਤ ਅਤੇ ਅੰਧਵਿਸ਼ਵਾਸਾਂ ਵਿਰੁੱਧ ਛੋਟੀਆਂ ਛੋਟੀਆਂ ਰੀਲਾਂ ਬਣਾ ਕੇ ਜੋਨ ਵੱਲੋਂ ਥਾਪੀ ਗਈ ਤਿੰਨ ਮੈਂਬਰੀ ਕਮੇਟੀ ਨੂੰ ਪਾਸ ਕਰਨ ਲਈ ਭੇਜਣਗੇ।ਕੋਵਿਸ਼ੀਲਡ ਟੀਕੇ ਨਾਲ ਪਹਿਲਾਂ ਵੀ ਕਈ ਮੌਤਾਂ ਹੋਈਆਂ ਸਨ ਅਤੇ ਹੁਣ ਜਦੋਂ ਮੌਤਾਂ ਦਾ ਕਾਰਣ ਪਤਾ ਲੱਗ ਗਿਆ ਹੈ ਤਾਂ ਟੀਕੇ ਦਾ ਸਰਟੀਫਿਕੇਟ ਵਿਖਾਉਣ 'ਤੇ ਮ੍ਰਿਤਕ ਦੇ ਪਰਵਾਰ ਨੂੰ ਇੱਕ ਲੱਖ ਰੁਪੈ ਹਰਜ਼ਾਨਾ ਦਿੱਤਾ ਜਾਵੇ। ਸੁਸਾਇਟੀ ਦੀ ਸਮਝ ਅਨੁਸਾਰ ਫਾਸ਼ੀਵਾਦੀ ਭਾਜਪਾ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ ਅਤੇ ਉਸਦੇ ਉਮੀਦਵਾਰਾਂ ਕੋਲੋਂ ਪੁੱਛਿਆ ਜਾਵੇਗਾ ਕਿ ਚੋਣ ਕਮਿਸ਼ਨ ਦੀ ਨਿਯੁਕਤੀ ਵੇਲੇ ਬਣਾਈ ਤਿੰਨ ਮੈਂਬਰੀ ਕਮੇਟੀ 'ਚ ਭਾਜਪਾ ਸਰਕਾਰ ਦੇ ਹੀ ਦੋ ਮੈਂਬਰ ਕਿਓਂ ਹਨ, ਕਈ ਸਾਲਾਂ ਤੋਂ ਬਗੈਰ ਮੁਕੱਦਮਾ ਚਲਾਏ ਪੱਤਰਕਾਰਾਂ ਅਤੇ ਬੁੱਧੀਜੀਵੀਆਂ ਨੂੰ ਜਿਹਲਾਂ ਵਿਚ ਕਿਓਂ ਨੂੰ ਡੱਕਿਆ ਹੋਇਆ ਹੈ। ਬਾਕੀ ਰਾਜਨੀਤਿਕ ਪਾਰਟੀਆਂ ਕੋਲੋਂ ਵੀ ਉਹਨਾਂ ਦੇ ਦਾਗੀ ਉਮੀਦਵਾਰਾਂ ਬਾਰੇ ਪ੍ਰਸ਼ਨ ਪੁੱਛੇ ਜਾਣਗੇ।ਆਮ ਆਦਮੀ ਪਾਰਟੀ ਕੋਲੋਂ ਵੀ ਪੁੱਛਿਆ ਜਾਵੇਗਾ ਕਿ ਅੰਧਵਿਸ਼ਵਾਸ ਰੋਕੂ ਕਾਨੂੰਨ ਦੇ ਖਰੜੇ ਨੂੰ ਹੁਣ ਤੱਕ ਵਿਧਾਨ ਸਭਾ 'ਚ ਕਿਓਂ ਪੇਸ਼ ਨਹੀਂ ਕੀਤਾ ਗਿਆ।ਮੀਟਿੰਗ ਦੇ ਅੰਤ ਵਿਚ ਮਈ-ਜੂਨ ਦਾ ਤਰਕਸ਼ੀਲ ਮੈਗਜ਼ੀਨ ਵੰਡਿਆ ਗਿਆ।ਮੀਟਿੰਗ ਵਿੱਚ ਜੋਨ ਜਲੰਧਰ ਦੇ ਆਗੂ ਅਤੇ ਸਰਗਰਮ ਮੈਂਬਰ ਸ਼ਾਮਲ ਹੋਏ।

# ਦੰਦਾਂ ਤੇ ਮੂੰਹ ਦੀ ਸਾਂਭ-ਸੰਭਾਲ ਸੰਬੰਧੀ ਲਗਾਇਆ ਜਾਗਰੂਕਤਾ ਕੈਂਪ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)-** ਇੰਡੀਅਨ ਡੈਂਟਲ ਐਸੋਸੀਏਸ਼ਨ ਬ੍ਰਾਂਚ ਰੋਪੜ ਵੱਲੋਂ ਸਰਕਾਰੀ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਲੋਦੀਪੁਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਦੰਦਾ ਅਤੇ ਮੂੰਹ ਦੀ ਸਾਂਭ ਸੰਭਾਲ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੋਕੇ ਤੇ 1500 ਬੱਚਿਆ ਦੇ ਦੰਦਾ ਦੀ ਜਾਂਚ ਕੀਤੀ ਗਈ। ਸਕੂਲ ਦੇ ਬੱਚਿਆ ਨੂੰ ਵੱਖ-ਵੱਖ ਪੀ ਪੀ ਟੀ/ਵੀਡੀਓ ਅਤੇ ਫੋਟੋਆ ਦਿਖਾ ਕੇ ਦੰਦਾ ਦੀ ਸੰਭਾਲ, ਬਰੱਸ਼ ਕਰਨ ਦੇ ਤਰੀਕੇ ਸਬੰਧੀ ਜਾਣਕਾਰੀ ਦਿੱਤੀ ਗਈ। ਇਸ ਮੁਹਿੰਮ ਦੌਰਾਨ ਵਿਦਿਆਰਥੀਆ ਨੂੰ ਖਾਣਾ ਖਾਣ ਤੋਂ ਬਾਅਦ ਦੰਦਾਂ ਨੂੰ ਚੰਗੀ ਤਰ੍ਹਾਂ ਸਾਫ ਕਰਨ, ਸੌਣ ਵੇਲੇ ਹਰ ਦੰਦ ਸਾਫ਼ ਅਤੇ ਕੁਰਲਾ ਕਰਨ, ਦੰਦਾਂ 'ਚ ਦਰਦ, ਜਬਾੜੇ 'ਚ ਸੋਜ਼ਿਸ਼ ਜਾਂ ਹੋਰ ਕਿਸੇ ਕਿਸਮ ਦੀ ਵੀ ਸਮੱਸਿਆ ਨਜ਼ਰ ਆਉਣ 'ਤੇ ਨੇੜੇ ਦੇ ਸਿਹਤ ਕੇਂਦਰ 'ਚ ਜਾ ਕੇ ਤੁਰੰਤ ਆਪਣੇ ਦੰਦਾਂ ਦੇ ਡਾਕਟਰ ਤੋਂ ਜਾਂਚ ਕਰਵਾਉਣ ਲਈ ਪ੍ਰੇਰਿਤ ਕੀਤਾ। ਇਸ ਕੈਂਪ ਵਿੱਚ ਪੰਜਾਬ ਸਟੇਟ ਇੰਡੀਅਨ ਡੈਂਟਲ ਐਸੋਸੀਏਸ਼ਨ ਦੇ ਵਾਈਸ ਪ੍ਰੈਜੀਡੈਂਟ ਡਾ. ਕੇ .ਐਸ .ਦੇਵ ਵਿਸ਼ੇਸ਼ ਰੂਪ 'ਤੇ ਮੌਜੂਦ ਰਹੇ ਅਤੇ ਉਹਨਾਂ ਨੇ ਇੰਡੀਅਨ ਡੈਂਟਲ ਐਸੋਸੀਏਸ਼ਨ ਰੋਪੜ ਦੀ ਇਸ ਕੈਂਪ ਲਈ ਸ਼ਲਾਘਾ ਕੀਤੀ। ਇੰਡੀਅਨ ਡੈਂਟਲ ਐਸੋਸੀਏਸ਼ਨ ਬਰਾਂਚ ਰੋਪੜ ਦੇ ਪ੍ਰਧਾਨ ਡਾ. ਸ਼ੀਤਲ ਨੇ ਇਸ ਕੈਂਪ ਦੀ ਕਮਾਨ ਸੰਭਾਲਦੇ ਹੋਏ ਡਾ. ਮੁਨੀਸ਼ ਕੁਮਾਰ ਅਤੇ ਡਾ. ਅਮਿਤੋਜ ਨਾਲ ਮਿਲ ਕੇ 1500 ਬੱਚਿਆ ਦੇ ਦੰਦਾ ਦੀ ਜਾਂਚ ਕੀਤੀ। ਇੰਡੀਅਨ ਡੈਂਟਲ ਐਸੋਸੀਏਸ਼ਨ ਰੋਪੜ ਦੇ ਸਕੱਤਰ ਡਾ. ਆਸ਼ੂਤੋਸ਼ ਨੇ ਦੱਸਿਆ ਕਿ ਇਸ ਕੈਂਪ ਵਿੱਚ 15 ਡੈਂਟਲ ਡਾਕਟਰਾ ਨੇ ਪੂਰੇ ਰੋਪੜ ਜ਼ਿਲ੍ਹੇ ਹਿੱਸਾ ਲਿਆ ਅਤੇ ਭਵਿੱਖ 'ਚ ਵੀ ਅਜਿਹੇ ਕੈਂਪ ਲਗਾਉਣ ਲੀ ਵਚਨਬੱਧਤਾ ਪ੍ਰਗਟਾਈ। ਇਸ ਮੌਕੇ ਪ੍ਰਿੰਸੀਪਲ ਅਵਤਾਰ ਸਿੰਘ ਦੜੋਲੀ ਵੱਲੋਂ ਸਮੁੱਚੀ ਟੀਮ ਨੂੰ ਸਨਮਾਨਿਤ ਕੀਤਾ ਗਿਆ। ਲੈਕ.ਚਰਨਜੀਤ ਸਿੰਘ, ਬਲਕਾਰ ਸਿੰਘ, ਮਨਿੰਦਰ ਕੌਰ, ਮੁਕੇਸ਼ ਕੁਮਾਰ, ਤਪਿੰਦਰ ਕੌਰ, ਅਜਵਿੰਦਰ ਕੌਰ, ਕਮਲਜੀਤ ਕੌਰ, ਸੁਰਿੰਦਰਪਾਲ ਸਿੰਘ, ਕਮਲਪ੍ਰੀਤ ਸਿੰਘ, ਹਰਸਿਮਰਨ ਸਿੰਘ, ਸ਼ੁਸ਼ੀਲ ਕੁਮਾਰ, ਗੁਰਨੈਬ ਸੈਣੀ, ਗੁਰਪ੍ਰੀਤ ਸਿੰਘ, ਪਿੰਕੀਰਾਣੀ, ਸੁਖਵਿੰਦਰ ਕੌਰ, ਰਾਜਵੀਰ ਕੌਰ, ਤੇਜਵੰਤ ਕੌਰ, ਲਖਵੀਰ ਕੌਰ, ਨਿਰਮਲ ਕੌਰ, ਚਰਨਜੀਤ ਕੌਰ, ਕੁਲਜਿੰਦਰ ਕੌਰ, ਦਵਿੰਦਰ ਕੌਰ, ਪ੍ਰਦੀਪ ਕੌਰ,ਪਰੇਹਾ,ਰੋਮਿਲ, ਦੀਪਸ਼ਿਖਾ ਸੈਣੀ, ਰੀਨਾ ਰਾਣੀ, ਨਿਰਮਲ ਸਿੰਘ, ਗੁਰਮੇਲ ਸਿੰਘ, ਅਮਰਜੀਤ ਸਿੰਘ, ਅੰਮ੍ਰਿਤਪਾਲ ਸਿੰਘ, ਸ਼ਰਨਜੀਤ ਕੌਰ, ਗੁਰਪ੍ਰੀਤ ਕੌਰ, ਸੋਨੀਆ ਦੇਵੀ, ਸੀਮਾ ਰਾਣਾ, ਰਜਨੀ, ਮਮਤਾ ਰਾਣੀ, ਰੀਤੂ ਰਾਣੀ ਆਦਿ ਹਾਜ਼ਰ ਸਨ।

## ਜੇ ਸੀ ਬੋਸ 'ਵਰਸਿਟੀ ਦੇ 51 ਵਿਦਿਆਰਥੀਆਂ ਦੀ ਪਲੇਸਮੈਂਟ

**ਚੰਡੀਗੜ੍ਹ (ਕ੍ਰਿਸ਼ਨ ਗਰਗ)-** ਹਰਿਆਣਾ ਦੇ ਜੇ ਸੀ ਬੋਸ ਵਿਗਿਆਨ ਅਤੇ ਤਕਨਾਲੋਜੀ ਯੂਨੀਵਰਸਿਟੀ, ਵਾਈ ਐਮ ਸੀ ਏ, ਫਰੀਦਾਬਾਦ ਵੱਲੋਂ ਸੰਚਾਲਿਤ ਕੰਮਿਊਨਿਟੀ ਕਾਲਜ ਆਫ ਸਕਿਲ ਡਿਵੈਲਪਮੈਂਟ (ਸੀ ਸੀ ਐਸ ਡੀ) ਫਰੀਦਾਬਾਦ 'ਚ ਕੌਸ਼ਲ ਪ੍ਰਾਪਤ ਵਿਦਿਆਰਥੀਆਂ ਦੀ ਪਲੇਸਮੈਂਟ 'ਚ ਬਹੁ ਰਾਸ਼ਟਰੀ ਕੰਪਨੀਆਂ ਦਿਲਚਸਪੀ ਦਿਖਾਉਣ ਲੱਗੀਆਂ ਹਨ।ਹਾਲ ਹੀ 'ਚ ਯੂਨੀਵਰਸਿਟੀ ਵੱਲੋਂ ਪ੍ਰਬੰਧਿਤ ਪਲੇਸਮੈਂਟ ਮੁਹਿੰਮ ਵਿੱਚ ਆਟੋਮੋਬਾਈਲ ਉਦਯੋਗ ਨੂੰ ਹੱਲ ਪ੍ਰਦਾਨ ਕਰਨ ਵਾਲੀ ਵਿਸ਼ਵ ਮੈਨੂਫੈਕਚਰਿੰਗ ਕੰਪਨੀ ਸ਼ਿਗਨ ਗਰੁੱਪ ਨੇ ਕੰਮਿਊਨਿਟੀ ਕਾਲਜ 'ਚ ਪੜ੍ਹ ਰਹੇ ਵੱਖ-ਵੱਖ ਬੀ ਵੋਕ ਕੋਰਸਾਂ ਤੋਂ 51 ਵਿਦਿਆਰਥੀਆਂ ਦਾ ਚੋਣ ਕੀਤਾ ਹੈ।ਇਹ ਵਿਦਿਆਰਥੀ ਇਲੈਕਟ੍ਰਿਕਲ, ਆਟੋਮੋਬਾਈਲ ਅਤੇ ਮੈਨੂਫੈਕਚਰਿੰਗ ਕੋਰਸਾਂ ਵਿਚ ਬੀ ਵੋਟ ਕਰ ਰਹੇ ਹਨ।ਕੰਮਿਊਨਿਟੀ ਕਾਲਜ ਸਾਧਨ ਤੋਂ ਵਾਂਝੇ ਨੌਜਆਨਾਂ ਨੂੰ ਕੌਸ਼ਲ ਅਧਾਰਿਕ ਸਿਖਿਆ ਅਤੇ ਸਿਖਲਾਈ ਪ੍ਰਦਾਨ ਕਰਨ ਲਈ ਯੂਨੀਵਰਸਿਟੀ ਦਾ ਇਕ ਅਭਿਨਵ ਦ੍ਰਿਸ਼ਟੀਕੋਣ ਹੈ, ਜਿਸ ਦਾ ਉਦੇਸ਼ ਨੌਜਆਨਾਂ ਵਿਸ਼ੇਸ਼ ਰੂਪ ਨਾਲ ਅਜਿਹੇ ਨੌਜਆਨ ਜੋ ਗ੍ਰਾਮੀਣ ਪਿਛੋਕੜ ਤੋਂ ਆਉਂਦੇ ਹਨ, ਨੂੰ ਸਹੀ ਸਕਿਲ ਅਧਾਰਿਤ ਸਿਖਿਆ ਅਤੇ ਸਹੀ ਸਿਖਲਾਈ ਵੱਲੋਂ ਸਥਾਨਕ ਉਦਯੋਗਾਂ ਦੇ ਸਹਿਯੋਗ ਨਾਲ ਲਾਭਕਾਰੀ ਰੁਜਗਾਰ ਦੇ ਮੌਕੇ ਪ੍ਰਦਾਨ ਕਰ ਮਜਬੂਤ ਬਣਾਉਣਾ ਹੈ।ਵਾਇਸ ਚਾਂਸਲਰ ਪ੍ਰੋਫੈਸਰ ਸੁਸ਼ੀਲ ਕੁਮਾਰ ਤੋਮਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਚੋਣ 'ਤੇ ਸ਼ੁਭਕਾਮਨਾਵਾਂ ਦਿੱਤੀਆਂ ਹਨ। ਉਨ੍ਹਾਂ ਨੇ ਕਿਹਾ ਕਿ ਕੰਮਿਊਨਿਟੀ ਕਾਲਜ ਦੇ ਵਿਦਿਆਰਥੀਆਂ ਦਾ ਸ਼ਿਗਨ ਗਰੁੱਪ ਵਰਗੀ ਮੰਨੇ-ਪ੍ਰਮੰਨੇ ਕੰਪਨੀ ਵਿਚ ਚੋਣ ਸ਼ਲਾਘਾਯੋਗ ਹੈ।

## ਪ੍ਰਭਾਤ ਕੁਮਾਰ ਨੂੰ ਸ਼ਰਧਾਂਜਲੀ ਭੇਟ

**ਫਗਵਾੜਾ ( ਜਸਵਿੰਦਰ ਢੱਡਾ )-** ਪ੍ਰਭਾਤ ਕੁਮਾਰ ਜਿਹੜੇ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਸੁਖਮਨੀ ਸਾਹਿਬ ਪਾਠ ਦੇ ਭੋਗ ਪਾਏ ਗਏ । ਉਪਰੰਤ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਮੌਕੇ ਰਿਸ਼ਤੇਦਾਰ, ਸੱਜਣ ਮਿੱਤਰ, ਧਾਰਮਿਕ, ਰਾਜਨੀਤਕ ਤੇ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਨੇ ਸ਼ਰਧਾਂਜਲੀਆਂ ਭੇਟ ਕੀਤੀਆਂ।

## ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਨੈਤਿਕ ਕਦਰਾਂ ਕੀਮਤਾਂ ਸੰਬੰਧੀ ਕੈਂਪ



**ਕਪੂਰਥਲਾ (ਹਨੀ)-**ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਸਹਿਜ ਪਾਠ ਦੀ ਮਹੱਤਤਾ ਅਤੇ ਨੈਤਿਕ ਕਦਰਾਂ ਕੀਮਤਾਂ ਸਬੰਧੀ ਵਿਸ਼ੇਸ਼ ਕੈਂਪ ਲਗਾਇਆ ਗਿਆ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਵੀ ਸਮਾਗਮ ਵਿਚ ਉਚੇਚੇ ਤੌਰ 'ਤੇ ਸ਼ਾਮਲ ਹੋਏ । ਇਸ ਦੌਰਾਨ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਦਿਲਬਾਗ ਸਿੰਘ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਨੈਤਿਕ ਕਦਰਾਂ ਕੀਮਤਾਂ ਦੀ ਸਾਡੇ ਜੀਵਨ ਵਿੱਚ ਬਹੁਤ ਮਹੱਤਤਾ ਹੈ ।ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਪੜ੍ਹਾਈ ਤੋਂ ਲੈ ਕੇ ਪਾਠ ਕਰਨ ਤੱਕ ਅਗਰ ਵਿਦਿਆਰਥੀ ਟਾਈਮ ਟੇਬਲ ਬਣਾ ਕੇ ਚਲਦਾ ਹੈ ਤਾਂ ਉਹ ਜ਼ਿੰਦਗੀ ਦੀਆਂ ਉਚਾਈਆਂ ਛੂਹਣ ਦੇ ਨਾਲ- ਨਾਲ ਇੱਕ ਨੇਕ ਇਨਸਾਨ ਵੀ ਬਣਦਾ ਹੈ । ਇਸ ਬਾਰੇ ਹੋਰ ਚਾਨਣਾ ਪਾਉਂਦੇ ਹੋਏ ਉਨਾਂ ਨੇ ਦੱਸਿਆ ਕਿ ਕਿਸ ਤਰ੍ਹਾਂ ਅਸੀਂ ਸਹਿਜ ਪਾਠ ਅਤੇ ਬਾਣੀ ਪੜ੍ਹ ਕੇ ਆਪਣੇ ਮਨ ਨੂੰ ਕੰਟਰੋਲ ਕਰਕੇ ਆਪਣੀ ਆਤਮਾ ਨੂੰ ਪਵਿੱਤਰ ਕਰਕੇ ਪਰਮਾਤਮਾ ਦਾ ਮਿਲਾਪ ਕਰ ਸਕਦੇ ਹਾਂ । ਇਸ ਮੌਕੇ ਸਟਾਫ਼ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ ।

# ਭੱਠਾ ਮਾਲਕ ਐਸੋਸੀਏਸ਼ਨ ਤੇ ਭੱਠਾ ਵਰਕਰਜ਼ ਯੂਨੀਅਨ ਦਾ ਮਜ਼ਦੂਰੀ ਦੇ ਨਵੇਂ ਰੇਟਾਂ ਅਨੁਸਾਰ ਹੋਇਆ ਸਮਝੌਤਾ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਭੱਠਾ ਮਾਲਕ ਐਸੋਸੀਏਸ਼ਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਨੁਮਾਇੰਦਿਆਂ ਅਤੇ ਭੱਠਾ ਵਰਕਰਜ਼ ਯੂਨੀਅਨ, ਪੰਜਾਬ (ਇਫਟੂ) ਦੇ ਆਗੂਆਂ ਵਿਚਕਾਰ ਹੋਈ ਦੂਜੇ ਦੌਰ ਦੀ ਮੀਟਿੰਗ ਵਿਚ ਭੱਠਾ ਮਜ਼ਦੂਰਾਂ ਨੂੰ ਨਵੇਂ ਰੇਟਾਂ ਅਨੁਸਾਰ ਮਿਹਨਤਾਨਾ ਦੇਣ ਦਾ ਫੈਸਲਾ ਹੋਇਆ। ਲਿਖਤੀ ਸਮਝੌਤੇ ਅਨੁਸਾਰ ਮੋਟੀ ਇੱਟ ਦਾ ਪਥੇਰ ਨੂੰ ਪ੍ਰਤੀ ਹਜ਼ਾਰ ਇੱਟ 919 ਰੁਪਏ, ਟਾਇਲ ਇੱਟ ਦਾ ਪ੍ਰਤੀ ਹਜ਼ਾਰ ਇੱਟ 945 ਰੁਪਏ, ਪਥੇਰ ਦੀ ਜਮਾਂਦਾਰੀ 35 ਰੁਪਏ ਪ੍ਰਤੀ ਹਜ਼ਾਰ ਇੱਟ ਦਿੱਤੀ ਜਾਵੇਗੀ। ਜਿਹੜੇ ਮਾਲਕ ਮਸ਼ੀਨ ਨਾਲ ਗਾਰਾ ਬਣਾਕੇ ਲੇਬਰ ਨੂੰ ਦਿੰਦੇ ਹਨ ਉਹ ਮਾਲਕ ਪਥੇਰ ਦੇ ਪ੍ਰਤੀ ਹਜ਼ਾਰ ਇੱਟ ਦੇ 202 ਰੁਪਏ ਕੱਟਣਗੇ। ਇਸੇ ਤਰ੍ਹਾਂ ਬੇਲਦਾਰ ਨੂੰ ਪ੍ਰਤੀ ਮਹੀਨਾ ਤਨਖਾਹ 18700, ਹੈਲਪਰ 16600 ਰੁਪਏ, ਜਲਾਈ ਵਾਲੇ ਮਿਸਤਰੀ ਨੂੰ 18800 ਰੁਪਏ, ਜਲਾਈ ਵਾਲੇ ਨੂੰ 18700 ਰੁਪਏ, ਕੋਲੇ ਵਾਲੇ ਨੂੰ 16600 ਰੁਪਏ, ਮੁਣਸ਼ੀ ਨੂੰ 13200 ਰੁਪਏ ਚੌਕੀਦਾਰ ਨੂੰ 11500 ਰੁਪਏ, ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇਗੀ। ਇਸੇ ਤਰ੍ਹਾਂ ਇਕ ਘਾਟ ਖੋਹਲਣ ਅਤੇ ਬੰਦ ਕਰਨ ਦਾ 900 ਰੁਪਏ ਅਤੇ ਨਿਕਾਸੀ ਜਮਾਦਾਰ ਨੂੰ 9 ਰੁਪਏ ਪ੍ਰਤੀ ਹਜ਼ਾਰ ਇੱਟ ਦੇ ਹਿਸਾਬ ਜਮਾਂਦਾਰੀ ਦਿੱਤੀ ਜਾਵੇਗੀ। ਮੀਟਿੰਗ ਵਿੱਚ ਭੱਠਾ ਮਾਲਕ ਐਸੋਸੀਏਸ਼ਨ ਵੱਲੋਂ ਜ਼ਿਲ੍ਹਾ ਪ੍ਰਧਾਨ ਅਸ਼ੋਕ ਲੜੋਈਆ, ਪਵਨ ਭੱਲਾ, ਸੋਨੂੰ ਮਹਿਤਾ, ਜੋਹਨੀ ਸਨਾਵਾ ਆਗੂ ਅਤੇ ਭੱਠਾ ਵਰਕਰਜ਼ ਯੂਨੀਅਨ ਵੱਲੋਂ ਗੁਰਦਿਆਲ ਰੱਕੜ ਜ਼ਿਲ੍ਹਾ ਪ੍ਰਧਾਨ, ਅਵਤਾਰ ਸਿੰਘ ਤਾਰੀ, ਭਰਤ ਸਿੰਘ ਅਤੇ ਜਗੀਰਾ ਬੈਂਸ ਸ਼ਾਮਲ ਹੋਏ।

## ਸਰਬ ਨੌਜਵਾਨ ਸਭਾ ਤੇ ਪੰਜਾਬੀ ਸਭਾ ਕੈਨੇਡਾ ਨੇ ਲਗਾਇਆ ਖ਼ੂਨਦਾਨ ਕੈਂਪ



**ਫਗਵਾੜਾ ( ਡਾ. ਰਮਨ, ਜਸਵਿੰਦਰ ਢੱਡਾ)** ਸਰਬ ਨੌਜਵਾਨ ਸਭਾ ਰਜਿ. ਫਗਵਾੜਾ ਅਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਅੱਜ ਇਕ ਵਿਸ਼ਾਲ ਖ਼ੂਨਦਾਨ ਕੈਂਪ ਬਲੱਡ ਬੈਂਕ ਗੁਰੂ ਹਰਗੋਬਿੰਦ ਨਗਰ ਫਗਵਾੜਾ ਵਿਖੇ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਦੌਰਾਨ ਆਯੋਜਿਤ ਸਮਾਗਮ ਵਿਚ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਆਪ ਪਾਰਟੀ ਦੇ ਬਲਾਕ ਪ੍ਰਧਾਨ ਵਿਨੋਦ ਭਾਸਕਰ ਮੌਜੂਦ ਰਹੇ। ਮੁੱਖ ਮਹਿਮਾਨ ਬਲਵਿੰਦਰ ਸਿੰਘ ਧਾਲੀਵਾਲ ਨੇ ਖ਼ੂਨਦਾਨ ਕੈਂਪ ਦੀ ਆਰੰਭਤਾ ਕਰਵਾਈ ਅਤੇ ਆਪਣੇ ਸੰਬੋਧਨ ਵਿਚ ਸਰਬ ਨੌਜਵਾਨ ਸਭਾ ਤੇ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਸਾਂਝੇ ਉਪਰਾਲੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੇ ਉਪਰਾਲੇ ਬਲੱਡ ਬੈਂਕਾਂ ਵਿਚ ਲੋੜੀਂਦੇ ਖ਼ੂਨ ਦੀ ਆਪੂਰਤੀ ਕਰਨ 'ਚ ਸਹਾਈ ਬਣਦੇ ਹਨ। ਵਿਸ਼ੇਸ਼ ਮਹਿਮਾਨ ਵਿਨੋਦ ਭਾਸਕਰ ਨੇ ਕਿਹਾ ਕਿ ਸਰਬ ਨੌਜਵਾਨ ਸਭਾ ਵਲੋਂ ਸਮਾਜ ਸੇਵਾ ਵਿਚ ਪਾਇਆ ਜਾ ਰਿਹਾ ਯੋਗਦਾਨ ਪ੍ਰਭਾਵਿਤ ਕਰਨ ਵਾਲਾ ਅਤੇ ਪ੍ਰੇਰਣਾਦਾਇਕ ਹੈ। ਕੈਂਪ ਦੌਰਾਨ ਕਰੀਬ 75 ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਅਖੀਰ ਵਿਚ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਪੰਜਾਬੀ ਸਭਾ ਕੈਨੇਡਾ ਦੇ ਮੁੱਖ ਸੰਚਾਲਕ ਦਲਬੀਰ ਸਿੰਘ ਕਥੂਰੀਆ ਅਤੇ ਮੈਂਬਰ ਸਾਹਿਬਜੀਤ ਕੌਰ ਸਮੇਤ ਸਮੂਹ ਪਤਵੰਤਿਆਂ ਅਤੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਸਰਬ ਨੌਜਵਾਨ ਸਭਾ ਦੇ ਸਥਾਈ ਪ੍ਰੋਜੈਕਟਾਂ ਬਾਰੇ ਵੀ ਚਾਨਣਾ ਪਾਇਆ। ਇਸ ਮੌਕੇ ਪ੍ਰਿੰਸੀਪਲ ਗੁਰਮੀਤ ਪਲਾਹੀ, ਸਭਾ ਦੇ ਸੀਨੀਅਰ ਉਪ ਪ੍ਰਧਾਨ ਰਾਜ ਕੁਮਾਰ ਕਨੌਜੀਆ, ਜਨਰਲ ਸਕੱਤਰ ਡਾ. ਵਿਜੇ ਕੁਮਾਰ, ਡਾ. ਨਰੇਸ਼ ਬਿੱਟੂ, ਅਨੂਪ ਦੁੱਗਲ, ਨਰਿੰਦਰ ਸੈਣੀ, ਮਨਦੀਪ ਬਾਸੀ, ਗੁਰਸ਼ਰਨ ਬਾਸੀ, ਰਾਕੇਸ਼ ਕੋਛੜ, ਹਰਬੰਸ ਲਾਲ, ਜਸ਼ਨ ਮਹਿਰਾ, ਚਰਨਪ੍ਰੀਤ ਸਿੰਘ , ਰਾਜ ਕੁਮਾਰ ਰਾਜਾ, ਕਰਮਜੀਤ ਸਿੰਘ, ਸੁਖਪ੍ਰੀਤ ਸਿੰਘ, ਮਹੇਸ਼ ਸੂਰੀ, ਸਾਵਿਓ ਭਾਟੀਆ, ਰਿਤਿਕ ਕਨੌਜੀਆ, ਅੰਮ੍ਰਿਤ ਮਾਹਲ, ਵਿਨੋਦ ਕੁਮਾਰ, ਭੁਪਿੰਦਰ ਕੁਮਾਰ, ਸੁਖਜਿੰਦਰ ਸਿੰਘ, ਪ੍ਰਿੰਸ, ਸ਼ੁਭਮ ਆਦਿ ਹਾਜ਼ਰ ਸਨ।

## ਸੀ ਪੀ ਆਈ (ਐੱਮ ਐੱਲ) ਨਿਊ ਡੈਮੋਕਰੇਸੀ ਵੱਲੋਂ 10 ਨੂੰ ਕਨਵੈਨਸ਼ਨ

**ਜਲੰਧਰ : (ਕੇਸਰ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਵੱਲੋਂ ਆਜ਼ਾਦੀ ਦੀ ਪਹਿਲੀ ਜੰਗ '1857 ਦਾ ਗ਼ਦਰ' ਦੇ ਇਤਿਹਾਸਕ ਦਿਨ ਮੌਕੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ 10 ਮਈ ਨੂੰ ਸੂਬਾ ਪੱਧਰੀ ਕਨਵੈਨਸ਼ਨ ਕੀਤੀ ਜਾਵੇਗੀ।ਜਿਸ ਵਿੱਚ 'ਭਾਜਪਾ ਹਰਾਓ-ਭਾਜਪਾ ਭਜਾਓ', ਦੂਜੀਆਂ ਸੱਤਾਧਾਰੀ ਪਾਰਟੀਆਂ ਨੂੰ ਸਵਾਲ ਕਰੋ ਅਤੇ ਲੁੱਟ ਅਧਾਰਿਤ ਪ੍ਰਬੰਧ ਦਾ ਪਰਦਾਫਾਸ਼ ਕਰੋ ਮੁਹਿੰਮ ਨੂੰ ਤੇਜ਼ ਕਰਨ ਦਾ ਸੱਦਾ ਦਿੱਤਾ ਜਾਵੇਗਾ।ਪਾਰਟੀ ਦੇ ਸੂਬਾਈ ਆਗੂ ਅਜਮੇਰ ਸਿੰਘ ਨੇ ਪ੍ਰੈਸ ਨਾਲ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਮੋਦੀ ਦੀ ਅਗਵਾਈ ਵਿੱਚ ਸਰਕਾਰ ਨੇ ਦੇਸ਼ ਦੇ ਲੋਕਾਂ ਵਿਰੁੱਧ ਫਾਸ਼ੀਵਾਦੀ ਹਮਲਾ ਵਿੱਢਿਆ ਹੋਇਆ ਹੈ।ਦੇਸ਼ ਦੀਆਂ ਘੱਟ ਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਖਿਲਾਫ਼ ਨਫ਼ਰਤ ਫੈਲਾਈ ਜਾ ਰਹੀ ਹੈ।ਕਦੀ ਘਰ ਵਾਪਸੀ, ਕਦੀ ਗਊ ਹੱਤਿਆ, ਕਦੀ ਗਊ ਮਾਸ ਅਤੇ ਕਦੀ ਲਵ ਜਿਹਾਦ ਦਾ ਬਹਾਨਾ ਬਣਾ ਕੇ ਇਹਨਾਂ ਨੂੰ ਹਮਲਿਆਂ ਦਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹਨਾਂ ਚੋਣਾਂ 'ਚ ਮੁਸਲਮਾਨਾਂ ਨੂੰ ਘੁਸਪੈਠੀਏ, ਵੱਧ ਬੱਚੇ ਜੰਮਣ ਵਾਲੇ ਦੱਸਕੇ ਨੀਵੇਂ ਪੱਧਰ ਦਾ ਕੀਤਾ ਜਾ ਰਿਹਾ ਪ੍ਰਚਾਰ ਮੋਦੀ-ਸ਼ਾਹ ਦੀ ਦੀ ਬੁਖਲਾਹਟ ਦਾ ਪ੍ਰਗਟਾਵਾ ਹੈ। ਉਨ੍ਹਾਂ ਨੇ 10 ਮਈ ਦੀ ਕਨਵੈਨਸ਼ਨ ਦੀ ਸਫ਼ਲਤਾ ਲਈ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਤਾਂ ਜੋ ਲੁੱਟ ਦਾ ਰਾਜ ਖਤਮ ਕਰਕੇ ਮਿਹਨਤੀ ਲੋਕਾਂ ਦੇ ਰਾਜ ਦੀ ਸਥਾਪਤੀ ਲਈ ਜ਼ੋਰਦਾਰ ਆਵਾਜ਼ ਬੁਲੰਦ ਕੀਤੀ ਜਾ ਸਕੇ।

# ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ ਵਿਖੇ ਮਨਾਇਆ ਅੰਤਰ-ਰਾਸ਼ਟਰੀ ਮਜ਼ਦੂਰ ਦਿਵਸ

**ਗੁਰਾਇਆ (ਬਿੰਦਰ ਸੁੰਮਨ)-**ਗੁਰੂ ਨਾਨਕ ਖਾਲਸਾ ਗਰਲਜ਼ ਕਾਲਜ ਬਾਬਾ ਸੰਗ ਢੇਸੀਆਂ ਵਿਖੇ ਅੰਤਰ ਰਾਸ਼ਟਰੀ ਮਜ਼ਦੂਰ ਦਿਵਸ ਮਨਾਇਆ ਗਿਆ। ਇਸ ਮੌਕੇ ਸੀਨੀਅਰ ਅਕਾਲੀ ਆਗੂ ਅਮਰਜੀਤ ਸਿੰਘ ਸੰਧੂ, ਰਸ਼ਪਾਲ ਕੌਰ, ਅਮਰਜੀਤ ਕੌਰ, ਈਸ਼ਾ ਸੰਧੂ ਅਤੇ ਤੀਰਥ ਸਿੰਘ ਢੇਸੀ ਮੁੱਖ ਮਹਿਮਾਨ ਵਜੋਂ ਪੁੱਜੇ। ਸਮਾਗਮ ਦੌਰਾਨ ਕਾਲਜ਼ ਦੀ ਪ੍ਰਬੰਧਕੀ ਕਮੇਟੀ ਵਲੋਂ ਕਾਲਜ਼ ਦੇ ਦਰਜ਼ਾ ਚਾਰ ਕਰਮਚਾਰੀਆ ਨੂੰ ਵਰਦੀਆ ਤਕਸੀਮ ਕੀਤੀਆ ਗਈਆ। ਇਸ ਮੌਕੇ ਸੇਵਾਦਾਰ ਜਸਵਿੰਦਰ ਕੌਰ ਵਲੋਂ ਕਵਿਤਾ ਪੇਸ਼ ਕਰਕੇ ਮਜ਼ਦੂਰ ਦਿਵਸ ਤੇ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਕਾਲਜ਼ ਦੇ ਪ੍ਰਧਾਨ ਗੁਰਪ੍ਰਤਾਪ ਸਿੰਘ ਵਡਾਲਾ ਵਲੋਂ ਕਾਲਜ਼ ਵਿੱਚ ਕੰਮ ਕਰਕੇ ਰਹੇ ਕਰਮਚਾਰੀਆ ਦੀ ਹੌਂਸਲਾ ਅਫਜਾਈ ਕੀਤੀ ਗਈ। ਅਕਾਲੀ ਆਗੂ ਅਮਰਜੀਤ ਸਿੰਘ ਸੰਧੂ ਦੀ ਭਤੀਜੀ ਅਤੇ ਕਾਲਜ਼ ਦੀ ਸਾਬਕਾ ਵਿਦਿਆਰਥਣ ਦਲਵੀਰ ਕੌਰ ਦਾ ਵਿਦੇਸ਼ 'ਚ ਕੈਂਸਰ ਨਾਲ ਦਿਹਾਂਤ ਹੋ ਗਿਆ ਸੀ, ਦਲਵੀਰ ਕੌਰ ਦੀ ਅੰਤਿਮ ਇੱਛਾ ਅਨੁਸਾਰ ਉਸ ਦੇ ਪਰਿਵਾਰਿਕ ਵਲੋਂ ਉਸ ਦੇ 1 ਲੱਖ 35 ਹਜ਼ਾਰ ਦੀ ਕੀਮਤ ਵਾਲੇ ਸੋਨੇ ਦੇ ਗਹਿਣੇ ਕਾਲਜ਼ ਨੂੰ ਦਾਨ ਕੀਤੇ ਗਏ। ਕਾਲਜ਼ ਦੀ ਪ੍ਰਬੰਧਕੀ ਕਮੇਟੀ ਅਤੇ ਸਟਾਫ ਵਲੋਂ ਸਵਰਗਵਾਸੀ ਦਲਵੀਰ ਕੌਰ ਦੇ ਪਰਿਵਾਰਿਕ ਮੈਂਬਰਾਂ ਦਾ ਇਸ ਦਾਨ ਲਈ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਕਮੇਟੀ ਪ੍ਰਧਾਨ ਗੁਰਪ੍ਰਤਾਪ ਸਿੰਘ ਵਡਾਲਾ, ਸਖਜੀਤ ਸਿੰਘ ਜੌਹਲ, ਬਲਜੀਤ ਸਿੰਘ ਸੰਧੂ, ਗੁਰਦਾਵਰ ਸਿੰਘ ਪਾਸਲਾ, ਕੁਲਵਿੰਦਰ ਸਿੰਘ ਬਾਸੀ, ਹਰਨਿੰਦਰ ਕੌਰ, ਪ੍ਰਿੰਸੀਪਲ ਗੀਤੀ ਮੰਗੋਚ ਤੋ ਇਲਾਵਾ ਕਾਲਜ਼ ਸਟਾਫ ਮੌਜੂਦ ਸੀ।



## ਹਲਕਾ ਗੜ੍ਹਸ਼ੰਕਰ ਨੂੰ ਉਦਯੋਗਿਕ ਤੇ ਸੈਰ ਸਪਾਟਾ ਹੱਬ ਵਜੋਂ ਵਿਕਸਤ ਕਰਾਂਗੇ : ਰੌੜੀ



**ਮਾਹਿਲਪੁਰ (ਸਫਰੀ)** - ਹਲਕਾ ਗੜ੍ਹਸ਼ੰਕਰ ਨੂੰ ਪੰਜਾਬ ਦੀ ਉਦਯੋਗਿਕ ਇਕਾਈ ਤੇ ਸੈਰ ਸਪਾਟਾ ਹੱਬ ਵਜੋ ਵਿਕਸਿਤ ਕਰਨ ਲਈ ਉਹ ਕੇਂਦਰ ਵਿੱਚ ਬਣਨ ਜਾ ਰਹੀ ਇੰਡੀਆ ਗੱਠਜੋੜ ਦੀ ਸਰਕਾਰ ਅੱਗੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਸਤਾਵ ਪੇਸ਼ ਕਰਕੇ ਵਾਅਦਾ ਪੂਰਾ ਕਰਨਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਪ ਵਿਧਾਇਕ ਤੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਵਲੋਂ ਹਲਕੇ ਦੇ 10 ਪਿੰਡਾਂ ਵਿੱਚ ਲੋਕ ਸਭਾ ਸ੍ਰੀ ਅਨੰਦਪੁਰ ਸਾਹਿਬ ਤੋਂ ਆਪ ਉਮੀਦਵਾਰ ਮਾਲਵਿੰਦਰ ਸਿੰਘ ਕੰਗ ਦੇ ਹੱਕ ਵਿੱਚ ਪ੍ਰਚਾਰ ਕਰਦਿਆਂ ਲੋਕਾ ਦੇ ਭਾਰੀ ਇਕੱਠਾਂ ਨੂੰ ਅਪੀਲ ਕੀਤੀ ਕਿ ਉਹ ਮਾਲਵਿੰਦਰ ਸਿੰਘ ਕੰਗ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਲੋਕ ਸਭਾ ਵਿਚ ਭੇਜਣ। ਉਨ੍ਹਾਂ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਭ੍ਰਿਸ਼ਟ ਤੇ ਤਾਨਾਸ਼ਾਹ ਸਰਕਾਰ ਹੈ ਜੋ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਭਾਰਤੀ ਸੰਵਿਧਾਨ ਨੂੰ ਬਦਲਣ ਲਈ ਹੀ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦੋ ਸਾਲਾ ਕੰਮਾਂ ਤੇ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲੋਕ ਆਮ ਆਦਮੀ ਪਾਰਟੀ ਦਾ ਪੱਲਾ ਫੜ ਰਹੇ ਹਨ। ਇਸ ਮੌਕੇ ਆਪ ਵਰਕਰ, ਵਲੰਟੀਅਰ, ਵੋਟਰ ਸਪੋਰਟਰ, ਆਗੂ ਤੇ ਅਹੁਦੇਦਾਰ ਹਾਜ਼ਰ ਸਨ।

## ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ




**ਮੁਹਾਲੀ (ਗੁਰਜੀਤ ਸਿੰਘ ਬਿੱਲਾ)-**ਸਿੱਖ ਕੌਮ ਦੇ ਮਹਾਨ ਜਰਨੈਲ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦਾ 301ਵਾਂ ਜਨਮ ਦਿਹਾੜਾ ਰਾਮਗੜ੍ਹੀਆ ਭਵਨ (ਰਜਿ:) ਐਸ ਏ ਐਸ ਨਗਰ ਵਿਖੇ ਬੜੀ ਸ਼ਰਧਾ ਭਾਵਨਾ ਅਤੇ ਉਤਸਾਹ ਪੂਰਵਕ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਭਾਈ ਪ੍ਰਸ਼ੋਤਮ ਸਿੰਘ ਸਾਥੀ, ਇਸਤਰੀ ਸਤਿਸੰਗ ਜੱਥੇ ਦੀਆਂ ਬੀਬੀਆਂ, ਭਾਈ ਪੂਰਨ ਸਿੰਘ ਅੰਮ੍ਰਿਤਸਰ ਵਾਲੇ ਅਤੇ ਸਾਥੀ, ਭਾਈ ਬਲਿਹਾਰ ਸਿੰਘ, ਭਾਈ ਜਸਬੀਰ ਸਿੰਘ ਵਲਟੋਹਾ ਅਤੇ ਸਾਥੀ ਨੇ ਆਪਣੇ ਰਸ ਭਿੰਨੇ ਕੀਰਤਨ, ਕਥਾ ਅਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਸਮਾਗਮ ਦੇ ਮੁੱਖ ਮਹਿਮਾਨ ਜਰਨੈਲ ਸਿੰਘ ਮਨਪੋਤਰਾ-ਉੱਘੇ ਬਿਲਡਰ, ਵਿਸ਼ੇਸ਼ ਮਹਿਮਾਨ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ, ਰਣਜੋਧ ਸਿੰਘ ਪ੍ਰਧਾਨ, ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ-ਲੁਧਿਆਣਾ, ਦਲਜੀਤ ਸਿੰਘ ਭਾਊ-ਸੀਨੀਅਰ ਮੈਂਬਰ, ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ,ਵਿਜੈ ਇੰਦਰ ਸਿੰਗਲਾ, ਮਾਲਵਿੰਦਰ ਸਿੰਘ ਕੰਗ ਨੇ ਹਾਜ਼ਰੀ ਲਗਵਾਈ ਅਤੇ ਸਭਾ ਤੋਂ ਸਨਮਾਨ ਪ੍ਰਾਪਤ ਕੀਤਾ। ਸਭਾ ਦੇ ਜਨਰਲ ਸਕੱਤਰ ਬਿਕਰਮਜੀਤ ਸਿੰਘ ਹੂੰਝਣ ਨੇ ਦੱਸਿਆ ਕਿ ਪ੍ਰਧਾਨ ਸੂਰਤ ਸਿੰਘ ਕਲਸੀ ਦੀ ਅਗਵਾਈ ਹੇਠ ਆਯੋਜਿਤ ਕੀਤੇ ਗਏ ਇਸ ਸਮਾਗਮ ਦੌਰਾਨ ਪ੍ਰਬੰਧਕ ਕਮੇਟੀ ਵੱਲੋਂ ਸਭਾ ਦੇ ਸਲਾਹਕਾਰ ਨਰਿੰਦਰ ਸਿੰਘ ਸੰਧੂ ਸਾਹਿਬਜ਼ਾਦਾ ਟਿੰਬਰਜ਼, ਅਜੀਤ ਸਿੰਘ ਰਨੌਤਾ, ਡਾ: ਸਤਵਿੰਦਰ ਸਿੰਘ ਭੰਮਰਾ ਡਾਇਰੈਕਟਰ ਜੇ.ਐੱਲ.ਪੀ.ਐੱਲ., ਡਾ ਹਰਚਰਨ ਸਿੰਘ ਰਨੌਤਾ (ਪ੍ਰਧਾਨ ਰਾਮਗੜ੍ਹੀਆ ਸਭਾ ਚੰਡੀਗੜ੍ਹ) ਰਵਿੰਦਰ ਸਿੰਘ ਨਾਗੀ (ਰਿਟ: ਆਰ ਟੀ ਆਈ ਕਮਿਸ਼ਨਰ) ਸ ਸੁਰਿੰਦਰ ਸਿੰਘ ਜੰਡੂ ਅਤੇ ਹੋਰ ਸਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਜਸਵੰਤ ਸਿੰਘ ਭੁੱਲਰ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਕੌਮੀ ਮੀਤ ਪ੍ਰਧਾਨ ਨਿਯੁਕਤ ਕਰਨ 'ਤੇ ਉਨ੍ਹਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

## ਗੁਰੂ ਨਾਨਕ ਕਾਲਜ ਬੰਗਾ ਵਿਖੇ ਪੋਲਿੰਗ ਸਟਾਫ ਦੀ ਪਹਿਲੀ ਟ੍ਰੇਨਿੰਗ ਹੋਈ




**ਬੰਗਾ (ਅਵਤਾਰ ਕਲੇਰ)** ਭਾਰਤ ਚੋਣ ਕਮਿਸਨ ਦੀਆਂ ਹਦਾਇਤਾਂ ਦੇ ਅਨੁਸਾਰ ਪੰਜਾਬ ਵਿੱਚ ਹੋਣ ਜਾ ਰਹੀਆਂ ਆਗਾਮੀ ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦੇ ਹੋਏ ਜਿਲਾ ਚੋਣ ਕਾਰ ਅਫਸਰ ਅਤੇ ਡਿਪਟੀ ਕਮਿਸਨਰ ਸਹੀਦ ਭਗਤ ਸਿੰਘ ਨਗਰ ਨਵਜੋਤ ਪਾਲ ਸਿੰਘ ਰੰਧਾਵਾ ਦੇ ਦਿਸਾ ਨਿਰਦੇਸਾਂ ਦੇ ਤਹਿਤ ਗੁਰੂ ਨਾਨਕ ਕਾਲਜ ਬੰਗਾ ਵਿਖੇ ਚੋਣ ਅਮਲੇ ਦੀ ਪਹਿਲੀ ਰਿਹਸਲ ਹੋਈ। ਉਪ ਮੰਡਲ ਮੈਜਿਸਟਰੇਟ ਵਿਕਰਮਜੀਤ ਸਿੰਘ ਪੰਥੇ ਸਹਾਇਕ ਰਿਟਰਨਿੰਗ ਅਫਸਰ ਬੰਗਾ ,ਤਹਿਸੀਲਦਾਰ ਹਰਮਿੰਦਰ ਸਿੰਘ ,ਨਾਇਬ ਤਹਿਸੀਲਦਾਰ ਮਨੀ ਮਹਾਜਨ ਦੀ ਦੇਖ ਰੇਖ ਹੇਠ ਹੋਈ ਇਸ ਟ੍ਰੇਨਿੰਗ ਦੇ ਦੌਰਾਨ ਸਮੁੱਚੇ ਚੋਣ ਅਮਲੇ ਨੂੰ ਸਮੁੱਚੀ ਚੋਣ ਪ੍ਰਕਿਰਿਆ ਨਾਲ ਸੰਬੰਧਿਤ ਅਤੇ ਇਲੈਕਟਰੋਨਿਕ ਵੋਟਿੰਗ ਮਸੀਨਾਂ ਨਾਲ ਸਬੰਧਤ ਟ੍ਰੇਨਿੰਗ ਦਿੱਤੀ ਗਈ। ਸਮੂਹ ਸੈਕਟਰ ਅਫਸਰ ਸਾਹਿਬਾਨ ਅਤੇ ਮਾਸਟਰ ਟ੍ਰੇਨਰ ਰਾਜ ਕੁਮਾਰ ਅਤੇ ਦਵਿੰਦਰ ਕੁਮਾਰ ਵੱਲੋਂ ਟਰੇਨਿੰਗ ਦੇਣ ਦੀ ਡਿਊਟੀ ਨੂੰ ਬਾਖੂਬੀ ਨਿਭਾਇਆ ਗਿਆ। ਚੋਣ ਅਮਲੇ ਨੂੰ ਸੰਬੋਧਨ ਕਰਦੇ ਹੋਏ ਤਹਿਸੀਲਦਾਰ ਹਰਮਿੰਦਰ ਸਿੰਘ ਨੇ ਕਿਹਾ ਸਮੁੱਚਾ ਚੋਣ ਅਮਲ ਪੂਰਾ ਇਮਾਨਦਾਰੀ ਅਤੇ ਤਨ ਦੇਹੀ ਨਾਲ ਅਮਲ ਵਿੱਚ ਲਿਆਂਦਾ ਜਾਵੇ। ਕਿਉਂਕਿ ਭਾਰਤ ਨੂੰ ਦੁਨੀਆਂ ਭਰ ਵਿੱਚ ਲੋਕਤੰਤਰ ਦਾ ਮਜਬੂਤ ਥੰਮ ਮੰਨਿਆ ਜਾਂਦਾ ਹੈ ਅਤੇ ਚੋਣਾਂ ਨੂੰ ਤਿਉਹਾਰ ਦੇ ਰੂਪ ਦੇ ਵਿੱਚ ਹੀ ਮਨਾਇਆ ਜਾਂਦਾ ਹੈ। ਉਹਨਾਂ ਸਮੂਹ ਚੋਣ ਅਮਲੇ ਨੂੰ ਪੂਰੀ ਮਿਹਨਤ ਅਤੇ ਤਨ ਦੇਹੀ ਨਾਲ ਡਿਊਟੀ ਨਿਭਾਉਣ ਦੀ ਅਪੀਲ ਕੀਤੀ ਗਈ। ਇਸ ਮੌਕੇ ਤੇ ਡਾਕਟਰ ਸੁਰਿੰਦਰ ਕੁਮਾਰ ਬਲਾਕ ਨੋਡਲ ਅਫਸਰ, ਸੁਪਰਡੈਂਟ ਬਲਦੇਵ ਸਿੰਘ ਅਮਨਦੀਪ ਸਿੰਘ ਚੋਣ ਇੰਚਾਰਜ, ਪ੍ਰਿੰ ਅਮਰੀਕ ਸਿੰਘ, ਪ੍ਰਿੰਸੀਪਲ ਨਰਿੰਦਰਪਾਲ ਸਿੰਘ, ਪ੍ਰਿੰਸੀਪਲ ਅਮਰਜੀਤ ਖਟਕੜ, ਮਾਸਟਰ ਰਾਮਜੀਤ ਸਿੰਘ, ਸਚਿਨ ਸਰਮਾ ਕੰਪਿਊਟਰ ਸੈਲ ਇੰਚਾਰਜ, ਰਾਜ ਕੁਮਾਰ ਸੰਧਵਾਂ, ਅਵਤਾਰ ਸਿੰਘ ਡੀ ਪੀ, ਦਲਜੀਤ ਸਿੰਘ ਸੀਨੀਅਰ ਸਹਾਇਕ, ਪ੍ਰੇਮ ਪਾਲ ਸਿੰਘ, ਸੰਦੀਪ ਸਿੰਘ, ਮਾਸਟਰ ਹਰਦਿਆਲ, ਲਖਵਿੰਦਰ ਸਿੰਘ, ਗੁਰਵਿੰਦਰ ਸਿੰਘ, ਪ੍ਰਭਜੋਤ ਸਿੰਘ , ਮਨਦੀਪ ਸਿੰਘ ਲਸਾੜਾ, ਜਤਿੰਦਰ ਸ਼ਰਮਾ, ਰਵੀ ਸਭਰਵਾਲ, ਮਨਜੀਤ ਕੁਮਾਰ ਅਤੇ ਸਮੂਹ ਚੋਣ ਦਫਤਰੀ ਸਟਾਫ ਹਾਜ਼ਰ ਸੀ।

# ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ 'ਚ ਵਿਸ਼ਵ ਲਾਫਟਰ ਦਿਵਸ ਮਨਾਇਆ



**ਗੁਰਾਇਆ (ਬਿੰਦਰ ਸੁੰਮਨ)-**ਵਿਸ਼ਵ ਲਾਫਟਰ ਦਿਵਸ ਹਰ ਸਾਲ ਲੋਕਾਂ ਵਿੱਚ ਖੁਸ਼ੀਆਂ ਫੈਲਾਉਣ ਦੇ ਉਦੇਸ਼ ਨਾਲ ਮਨਾਇਆ ਜਾਂਦਾ ਹੈ। ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਇਸ ਦਿਨ ਦੀ ਸ਼ੁਰੂਆਤ ਭਾਰਤ ਤੋਂ ਹੋਈ ਸੀ। ਲਾਫਟਰ ਡੇ ਮਨਾਉਣ ਦਾ ਮੁੱਖ ਮਕਸਦ ਆਪਣੇ ਮਾਨਸਿਕ ਤਣਾਅ ਨੂੰ ਘੱਟ ਕਰਨਾ ਹੈ। ਚਿਹਰੇ ਦੀਆਂ ਹਰਕਤਾਂ ਵਿਅਕਤੀ ਦੀ ਮਾਨਸਿਕ ਸਥਿਤੀ ਨੂੰ ਦਰਸਾ ਸਕਦੀਆਂ ਹਨ। ਇਸ ਤੋਂ ਇਲਾਵਾ, ਮਾਹਰ ਇਹ ਵੀ ਮੰਨਦੇ ਹਨ ਕਿ ਹਾਸਾ ਸਿਹਤ ਲਈ ਸਭ ਤੋਂ ਵਧੀਆ ਦਵਾਈ ਹੈ। ਏਨਾ ਹੀ ਨਹੀਂ, ਕਈ ਅਧਿਐਨਾਂ ਵਿੱਚ ਇਹ ਵੀ ਸਾਬਤ ਹੋ ਚੁੱਕਾ ਹੈ ਕਿ ਹੱਸਣਾ ਸਿਹਤ ਲਈ ਚੰਗਾ ਹੈ। ਇਸੇ ਮਕਸਦ ਦੀ ਪੂਰਤੀ ਲਈ ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਵਿਖੇ ਵਿਸ਼ਵ ਲਾਫਟਰ ਦਿਵਸ ਮਨਾਇਆ ਗਿਆ। ਇਸ ਮੌਕੇ ਅਨਿਲ ਕੋਛੜ (ਜ਼ਿਲ੍ਹਾ ਪ੍ਰਧਾਨ ਭਾਰਤੀ ਯੋਗਾ ਸੰਸਥਾਨ), ਸੰਦੀਪ ਮਲਹੋਤਰਾ, ਅਨੂ ਮਲਹੋਤਰਾ, ਸੰਦੀਪ ਗਰਗ, ਅੰਜੂ ਗਰਗ, ਧੀਰਜ ਵੈਦ, ਰਾਕੇਸ਼ ਚੋਪੜਾ, ਰਾਜੀਵ ਸੋਬਤੀ ਅਤੇ ਮੀਨਾ ਆਦਿ ਵਿਦਿਆਰਥੀਆਂ ਨਾਲ ਰੂਬਰੂ ਹੋਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹਸਾਉਣ ਲਈ ਵੱਖ-ਵੱਖ ਯੋਗਾ ਤਕਨੀਕਾਂ ਸਿਖਾਈਆਂ। ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ। ਇਸ ਵਿੱਚ ਵਿਦਿਆਰਥੀਆਂ ਦੇ ਨਾਲ-ਨਾਲ ਸਮੂਹ ਅਧਿਆਪਕਾਂ ਨੇ ਵੀ ਭਾਗ ਲਿਆ।ਉਹਨਾਂ ਵੱਲੋਂ ਦੱਸਿਆ ਗਿਆ ਕਿ ਹੱਸਣ ਨਾਲ ਸਾਡਾ ਤਣਾਅ ਘੱਟ ਹੁੰਦਾ ਹੈ ਅਤੇ ਕਈ ਬਿਮਾਰੀਆਂ ਨੂੰ ਕਾਬੂ ਕੀਤਾ ਜਾ ਸਕਦਾ ਹੈ। ਪ੍ਰਿੰਸੀਪਲ ਆਰਤੀ ਸੋਬਤੀ ਨੇ ਧੰਨਵਾਦ ਕੀਤਾ। ਮੈਡਮ ਸੋਬਤੀ ਨੇ ਕਿਹਾ ਕਿ ਹੱਸਣ ਨਾਲ ਖੂਨ ਦੀਆਂ ਨਾੜੀਆਂ ਨੂੰ ਵਧੀਆ ਢੰਗ ਨਾਲ ਕੰਮ ਕਰਨ 'ਚ ਮਦਦ ਮਿਲਦੀ ਹੈ ਜੋ ਕਿ ਦਿਲ ਅਤੇ ਦਿਮਾਗ ਲਈ ਵਧੀਆ ਹੈ। ਇਸ ਮੌਕੇ ਪ੍ਰਿੰਸੀਪਲ ਆਰਤੀ ਸੋਬਤੀ ਨੇ ਸਾਰੇ ਮਹਿਮਾਨਾਂ ਨੂੰ ਪੌਦਿਆਂ ਦੇ ਰੂਪ 'ਚ ਯਾਦਗਾਰੀ ਚਿੰਨ੍ਹ ਭੇਟ ਕੀਤਾ ਅਤੇ ਸਕੂਲ 'ਚ ਆਉਣ 'ਤੇ ਧੰਨਵਾਦ ਕੀਤਾ ।

# ਮੇਹਲੀ ਵਿਖੇ ਕ੍ਰਿਕਟ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ



**ਬੰਗਾ (ਅਵਤਾਰ ਕਲੇਰ)** ਸ਼ਹੀਦ ਭਗਤ ਸਿੰਘ ਕ੍ਰਿਕਟ ਕਲੱਬ ਮੇਹਲੀ, ਨਗਰ ਨਿਵਾਸੀਆਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ 24ਵਾਂ ਕ੍ਰਿਕਟ ਟੂਰਨਾਮੈਂਟ ਬਾਬਾ ਫਲਾਈਆ ਦੀ ਗਰਾਊਂਡ ਵਿਖੇ ਕਰਵਾਇਆ ਗਿਆ। ਇਸ ਟੂਰਨਾਮੈਂਟ 'ਚ 18 ਟੀਮਾਂ ਨੇ ਹਿੱਸਾ ਲਿਆ। ਫਾਈਨਲ ਮੈਚ ਸ਼ਹੀਦ ਭਗਤ ਸਿੰਘ ਕ੍ਰਿਕਟ ਕਲੱਬ ਮੇਹਲੀ ਅਤੇ ਬੜਾ ਪਿੰਡ ਦੀ ਟੀਮ ਵਿਚਕਾਰ ਖੇਡਿਆ ਗਿਆ। ਜਿਸ ਵਿੱਚ ਸ਼ਹੀਦ ਭਗਤ ਸਿੰਘ ਕ੍ਰਿਕਟ ਕਲੱਬ ਮੇਹਲੀ ਦੀ ਟੀਮ ਜੇਤੂ ਰਹੀ। ਜੇਤੂ ਟੀਮ ਨੂੰ 21000 ਹਜ਼ਾਰ ਰੁਪਏ ਨਗਦ ਵੱਡਾ ਕੱਪ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਅਤੇ ਉਪ ਜੇਤੂ ਟੀਮ ਨੂੰ 15000 ਰੁਪਏ ਨਗਦ ਵੱਡਾ ਕੱਪ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। 19 ਸਾਲਾ ਤੋਂ ਘੱਟ ਉਮਰ ਦੇ ਬੱਚਿਆਂ ਦੇ ਮੈਚ ਵੀ ਕਰਵਾਏ ਗਏ। ਜਿਸ ਵਿੱਚ ਚਾਚੋਕੀ ਦੀ ਟੀਮ ਜੇਤੂ ਰਹੀ ਅਤੇ ਮੇਹਲੀ ਦੀ ਟੀਮ ਉਪ ਜੇਤੂ ਰਹੀ। ਮੈਨ ਆਫ ਦਾ ਸੀਰੀਜ, ਬੈਸਟ ਬੈਟਸਮੈਨ , ਬੈਸਟ ਬੌਲਰ , ਬੈਸਟ ਕੀਪਰ ਨੂੰ ਦਿਲ ਖਿੱਚਵੇਂ ਇਨਾਮ ਦਿੱਤੇ ਗਏ। ਜੇਤੂ ਟੀਮਾਂ ਨੂੰ ਹਰਦੀਸ ਸਿੰਘ, ਨਸੀਬ ਸਿੰਘ ਬਸਰਾ, ਰਵਿੰਦਰ ਸਿੰਘ ਨੰਬਰਦਾਰ, ਕਮਲਜੀਤ ਸਿੰਘ ਪੰਚ , ਜਸਪਾਲ ਕਲੇਰ ਪੰਚ, ਅਸ਼ੋਕ ਕੁਮਾਰ ਡੀ ਪੀ, ਉਪਕਾਰ ਸਿੰਘ ਬਾਹੜਾ, ਸੁਖਵਿੰਦਰ ਸਿੰਘ ਬਿੱਟੂ ਅਤੇ ਪ੍ਰਬੰਧਕਾਂ ਵਲੋਂ ਇਨਾਮਾਂ ਦੀ ਵੰਡ ਕੀਤੀ ਗਈ। ਇਸ ਮੌਕੇ ਵਿਜੇ ਸੇਨ, ਗੁਰਪ੍ਰੀਤ ਗੋਪੀ, ਅਵਤਾਰ ਟੂਰਾ, ਨਰੰਜਣ ਦਾਸ ਪੰਚ, ਸੋਮ ਨਾਥ ਬਿੱਟੂ, ਅਸ਼ੋਕ ਕੁਮਾਰ, ਦੀਪਾ, ਹਰਸ ਮੱਟੂ, ਦੀਪੂ , ਰਿਸ਼ਭ ਮੱਟੂ, ਜਸਵੰਤ ਬਿੱਲਾ, ਮੌਂਟੀ, ਅਵਤਾਰ ਤਾਰੀ, ਬਲਜੀਤ ਬੱਲੀ, ਵਿਜੇ, ਵਿੱਕੀ, ਭਵਨੀਤ , ਲਾਭ ਆਦਿ ਹਾਜ਼ਰ ਸਨ।